Fair Advice Financial | Care Wealth Management Inc.
RDSP (Registered Disability Savings Plan)
Disabled person who is eligible for Disability Tax Credit.
And who is 49 years old or younger.
By contributing in an RDSP Plan he/she may be eligible to receive up to$90,000 in government bonds & grants.
Contact : 647-951-7900
SUKHWINDER NAHAL CFP, CLU Financial Planner
www.fairadvicefinancial.com
7900 Hurontario St., Suite 308, Brampton, ON, L6Y 0P6

ਕੈਨੇਡੀਅਨ ਪੰਜਾਬੀ ਪੋਸਟ
Award winning newspaper | Canadian Punjabi Post
Vol 18 *Issue 130 | Monday, July 08, 2019 | Tel: 905-793-2202 | Fax: 905-793-2282 | news@punjabipost.ca

TOP 4% TREB REALTOR 2018
Buy With $0 Down Program
ROYAL CANADIAN REALTY BROKERAGE
RESIDENTIAL-COMMERCIAL-INVESTMENT
SELL YOUR HOUSE
Quick & For Top $$$$
GO WITH PRO SELLING GTA FOR 5 YEARS
Hardeep Sivia BROKER
647-970-7374
www.HardeepSivia.com

To view our online newspaper visit punjabipost.ca/epaper
THE ONLY DAILY PUNJABI NEWS
ਹੁਣ ਤੁਸੀਂ 'ਪੰਜਾਬੀ ਪੋਸਟ' Online ਰੋਜ਼ਾਨਾ ਪੜ੍ਹ ਸਕਦੇ ਹੋ

# ਕੁੱਝ ਮਹੀਨਿਆਂ ਵਿੱਚ ਵੱਡੀ ਤਬਦੀਲੀ ਲਿਆਕੇ ਰਹਾਂਗੇ : ਸ਼ੀਅਰ

ਕੈਲਗਰੀ, 7 ਜੁਲਾਈ (ਪੋਸਟ ਬਿਊਰੋ) : ਇਸ ਸਾਲ ਹੋਣ ਜਾ ਰਹੀਆਂ ਫੈਡਰਲ ਚੋਣਾਂ ਤੋਂ ਪਹਿਲਾਂ ਫੈਡਰਲ ਕੰਜ਼ਰਵੇਟਿਵ ਆਗੂ ਐਂਡਰਿਊ ਸ਼ੀਅਰ ਨੇ ਪਾਰਟੀ ਦੇ ਰਵਾਇਤੀ ਗੜ੍ਹ ਕੈਲਗਰੀ ਸਟੈਂਪੀਡ ਸਰਕਟ ਵਿੱਚ ਸ਼ਨਿੱਚਰਵਾਰ ਦਾ ਪੂਰਾ ਦਿਨ ਗੁਜ਼ਾਰਿਆ। ਸ਼ੀਅਰ ਵੱਲੋਂ ਵੋਟਰਾਂ ਦਾ ਸਮਰਥਨ ਹਾਸਲ ਕਰਨ ਲਈ ਇਹ ਸੱਭ ਕੀਤਾ ਜਾ ਰਿਹਾ ਹੈ।



2015 ਦੀਆਂ ਚੋਣਾਂ ਵਿੱਚ ਕੈਲਗਰੀ ਦੇ ਜਿਨ੍ਹਾਂ ਦੋ ਹਲਕਿਆਂ ਤੋਂ ਕੰਜ਼ਰਵੇਟਿਵ ਹਾਰੇ ਸਨ, ਸ਼ੀਅਰ ਉੱਥੇ ਸਮਾਂ ਗੁਜ਼ਾਰਦੇ ਨਜ਼ਰ ਆਏ। ਉਸ ਸਮੇਂ 47 ਸਾਲਾਂ ਵਿੱਚ ਪਹਿਲੀ ਵਾਰੀ ਲਿਬਰਲ ਇਹ ਸੀਟਾਂ ਜਿੱਤਣ ਵਿੱਚ ਕਾਮਯਾਬ ਹੋਏ ਸਨ। ਟਰਾਂਸ ਮਾਊਨਟੇਨ ਪਾਈਪਲਾਈਨ ਦੇ ਪਸਾਰ ਬਾਰੇ ਟਰੂਡੋ ਸਰਕਾਰ ਵੱਲੋਂ ਵਰਤੀ ਜਾ ਰਹੀ ਢਿੱਲ ਮੱਠ ਕਾਰਨ ਅਲਬਰਟਾ ਵਿੱਚ ਵੋਟਰਾਂ ਵਿੱਚ ਰੋਹ ਪਾਇਆ ਜਾ ਰਿਹਾ ਹੈ। ਇਸ ਦੇ ਨਾਲ ਹੀ ਰਿਸੋਰਸ ਪ੍ਰੋਜੈਕਟ ਐਨਵਾਇਰਮੈਂਟਲ ਰਵਿਊਜ਼ ਤੇ ਬੀਸੀ ਦੇ ਉੱਤਰੀ ਤੱਟ ਤੋਂ ਤੇਲ ਦੇ ਟੈਂਕਰਾਂ ਉੱਤੇ ਪਾਬੰਦੀ ਲਾਉਣ ਸਬੰਧੀ ਲਿਬਰਲਾਂ ਵੱਲੋਂ ਲਿਆਂਦੇ ਬਿਲ ਪ੍ਰਤੀ ਵੀ ਇੱਥੋਂ ਦੇ ਲੋਕ ਗੁੱਸਾ ਹਨ।

ਪਰ ਸ਼ੀਅਰ ਨੇ ਇਸ ਮੌਕੇ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਆਖਿਆ ਕਿ ਉਹ ਕੋਈ ਫੜ੍ਹ ਨਹੀਂ ਮਾਰ ਰਹੇ ਪਰ ਕੈਲਗਰੀ ਤੋਂ ਲਿਬਰਲਾਂ ਨੂੰ ਬਾਹਰ ਕੱਢ ਮਾਰਨਾ ਇਸ ਸਮੇਂ ਬਹੁਤ ਹੀ ਸੁਖਾਲਾ ਹੈ। ਉਨ੍ਹਾਂ ਆਖਿਆ ਕਿ ਸਾਨੂੰ ਵੋਟਰਾਂ ਦਾ ਵਿਸ਼ਵਾਸ ਮੁੜ ਜਿੱਤਣਾ ਹੋਵੇਗਾ। ...ਬਾਕੀ ਪੰਨਾ 6 'ਤੇ

# ਕਾਊਂਸਲ ਆਫ ਦ ਫੈਡਰੇਸ਼ਨ ਤੋਂ ਪਹਿਲਾਂ ਕੈਲਗਰੀ ਸਟੈਂਪੀਡ ਮੌਕੇ ਮੁਲਾਕਾਤ ਕਰਨਗੇ ਪ੍ਰੀਮੀਅਰਜ਼

ਕੈਲਗਰੀ, 7 ਜੁਲਾਈ (ਪੋਸਟ ਬਿਊਰੋ) : ਅਲਬਰਟਾ ਦੇ ਪ੍ਰੀਮੀਅਰ ਜੇਸਨ ਕੇਨੀ ਕੈਲਗਰੀ ਸਟੈਂਪੀਡ ਮੌਕੇ ਓਨਟਾਰੀਓ, ਸਸਕੈਚਵਨ, ਨਿਊ ਬਰੰਜ਼ਵਿੱਕ ਤੇ ਨੌਰਥਵੈਸਟ ਟੈਰੇਟਰੀਜ਼ ਦੇ ਪ੍ਰੀਮੀਅਰਜ਼ ਦੀ ਮੇਜ਼ਬਾਨੀ ਕਰਨਗੇ।

ਪ੍ਰੋਵਿੰਸ ਵੱਲੋਂ ਜਾਰੀ ਕੀਤੀ ਗਈ ਨਿਊਜ਼ ਰਲੀਜ਼ ਵਿੱਚ ਆਖਿਆ ਗਿਆ ਹੈ ਕਿ ਪ੍ਰੀਮੀਅਰਜ਼ ਐਤਵਾਰ ਨੂੰ ਡਿਨਰ ਉੱਤੇ ਮਿਲਣਗੇ। ਇਸ ਤੋਂ ਬਾਅਦ ਸੋਮਵਾਰ ਨੂੰ ਪ੍ਰੀਮੀਅਰ ਵੱਲੋਂ ਦਿੱਤੇ ਜਾਣ ਵਾਲੇ ਸਟੈਂਪੀਡ ਪੈਨਕੇਕ ਬ੍ਰੇਕਫਾਸਟ ਦੌਰਾਨ ਰਵਾਇਤੀ ਵਾਈਟ ਹੈਟ ਰਸਮ ਵਿੱਚ ਵੀ ਹਿੱਸਾ ਲੈਣਗੇ। ਇਸ ਰਲੀਜ਼ ਵਿੱਚ ਇਹ ਵੀ ਆਖਿਆ ਗਿਆ ਕਿ ਕੇਨੀ ਆਪਣੇ ਹਮਰੁਤਬਾ ਅਧਿਕਾਰੀਆਂ ਨਾਲ ਇਹ ਵਿਚਾਰ ਵਟਾਂਦਰਾ ਕਰਨਗੇ ਕਿ ਖੁਸ਼ਹਾਲੀ ਵਿੱਚ ਨਜ਼ਦੀਕੀ ਭਾਈਵਾਲ ਕਿਸ ਤਰ੍ਹਾਂ ਬਣਿਆ ਜਾਵੇ। ਜ਼ਿਕਰਯੋਗ ਹੈ ਕਿ ਇਨ੍ਹਾਂ ਸਾਰੇ



ਅਧਿਕਾਰੀਆਂ ਦੇ ਟੀਚੇ ਇੱਕੋ ਜਿਹੇ ਹਨ ਜਿਵੇਂ ਕਿ ਪਾਈਪਲਾਈਨਾਂ ਦਾ ਨਿਰਮਾਣ ਤੇ ਕੈਨੇਡਾ ਵਿੱਚ ਮੁਕਤ ਵਪਾਰ ਕਰਨਾ।

ਇਸ ਮੀਟਿੰਗ ਤੋਂ ਬਾਅਦ ਸਾਰੇ ਪ੍ਰੀਮੀਅਰ ਸਟੈਂਪੀਡ ਰੋਡੀਓ ਵੇਖਣਗੇ ਤੇ ਫਿਰ ਮੰਗਲਵਾਰ ਤੋਂ ਵੀਰਵਾਰ ਤੱਕ ਚੱਲਣ ਵਾਲੀ ਕਾਉਂਸਲ ਆਫ ਦ ਫੈਡਰੇਸ਼ਨ ਮੀਟਿੰਗ ਵਿੱਚ ਹਿੱਸਾ ਲੈਣ ਲਈ ਸਸਕਾਟੂਨ ਰਵਾਨਾ ਹੋਣਗੇ। ਇੱਥੇ ਇਹ ਵੀ ਦੱਸਣਾ ਬਣਦਾ ਹੈ ਕਿ ਵੈਸਟਰਨ ਪ੍ਰੀਮੀਅਰਜ਼ ਪਿਛਲੇ ਮਹੀਨੇ ਦੇ ਅਖੀਰ ਵਿੱਚ ਐਡਮੰਟਨ ਵਿੱਚ ਮੁਲਾਕਾਤ ਕਰ ਚੁੱਕੇ ਹਨ ਜਿੱਥੇ ਬ੍ਰਿਟਿਸ਼ ਕੋਲੰਬੀਆ ਦੇ ਪ੍ਰੀਮੀਅਰ ਜੌਹਨ ਹੌਰਗਨ ਤੇ ਕੇਨੀ ਵਿੱਚ ਟਰਾਂਸ ਮਾਊਨਟੇਨ ਪਾਈਪਲਾਈਨ ਦੇ ਪਸਾਰ ਸਬੰਧੀ ਪ੍ਰੋਜੈਕਟ, ਜੋ ਕਿ ਅਲਬਰਟਾ ਦੇ ਤੇਲ ਪੱਛਮੀ ਤੱਟ ਤੱਕ ਲਿਜਾਣ ਲਈ ਤਿਆਰ ਕੀਤਾ ਗਿਆ ਹੈ, ਦੀ ਅਸਹਿਮਤੀ ਪ੍ਰਤੀ ਸਹਿਮਤੀ ਬਣੀ ਸੀ।

ਇਸ ਰਲੀਜ਼ ਵਿੱਚ ਕੇਨੀ ਨੇ ਆਖਿਆ ਕਿ ਆਪਣੇ ਸਾਥੀ ਪ੍ਰੀਮੀਅਰਜ਼ ਦਾ ਸਵਾਗਤ ਕਰਨਾ ਉਨ੍ਹਾਂ ਲਈ ਬੜੇ ਮਾਣ ਵਾਲੀ ਗੱਲ ਹੈ। ਇੱਥੇ ਦੱਸਣਾ ਬਣਦਾ ਹੈ ਕਿ ਕੈਲਗਰੀ ਪਹੁੰਚਣ ਵਾਲੇ ਸਾਰੇ ਪ੍ਰੀਮੀਅਰਜ਼ ਕੰਜ਼ਰਵੇਟਿਵ ਹਨ। ਇਨ੍ਹਾਂ ਵਿੱਚੋਂ ਨੌਰਥਵੈਸਟ ਟੈਰੇਟਰੀਜ਼ ਦੇ ਰੌਬਰਟ ਮੈਕਲਿਓਡ ਹਨ ਜਿਨ੍ਹਾਂ ਦੀ ਸਰਕਾਰ ਆਮ ਸਹਿਮਤੀ ਨਾਲ ਬਣੀ ਹੈ।

# ਮੇਰੀ ਸਰਕਾਰ ਨੇ ਕਦੇ ਖਾਲਿਸਤਾਨ ਦੀ ਹਮਾਇਤ ਨਹੀਂ ਕੀਤੀ : ਹਾਰਪਰ

ਮਿਸੀਸਾਗਾ ਪੋਸਟ ਬਿਊਰੋ: ਕੈਨੇਡਾ ਇੰਡੀਆ ਫਾਊਂਡੇਸ਼ਨ ਵੱਲੋਂ ਆਯੋਜਿਤ ਗਲੋਬਲ ਇੰਡੀਅਨ ਅਵਾਰਡ ਸਮਾਗਮ ਦੌਰਾਨ ਮੁੱਖ ਮਹਿਮਾਨ ਵਜੋਂ ਬੋਲਦੇ ਹੋਏ ਕੈਨੇਡਾ ਦੇ ਸਾਬਕਾ ਪ੍ਰਧਾਨ ਮੰਤਰੀ ਸਟੀਫਨ ਹਾਰਪਰ ਨੇ ਕਿਹਾ ਕਿ ਉਸਦੀ ਸਰਕਾਰ ਅਤੇ ਕੰਜ਼ਰਵੇਟਿਵ ਪਾਰਟੀ ਨੇ ਖਾਲਿਸਤਾਨੀਆਂ ਅਤੇ ਉਹਨਾਂ ਹੋਰਾਂ ਨਾਲ ਸਬੰਧ ਕਾਇਮ ਕਰਨ ਤੋਂ ਇਨਕਾਰ ਕੀਤਾ ਜਿਹੜੇ ਭਾਰਤ ਦੇ ਟੁਕੜੇ ਕਰਨ ਦੇ ਚਾਹਵਾਨ ਹਨ।



ਵਰਣਨਯੋਗ ਹੈ ਕਿ ਸਟੀਫਨ ਹਾਰਪਰ ਇੰਟਰਨੈਸ਼ਨਲ ਡੈਮੋਕਰੈਟਿਕ ਯੂਨੀਅਨ ਦੇ ਚੇਅਰਮੈਨ ਹਨ ਜੋ ਕਿ ਵਿਸ਼ਵ ਦੀਆਂ ਮੱਧ-ਸੱਜੇ ਪੱਖੀ 80 ਸਿਆਸੀ ਪਾਰਟੀਆਂ ਦਾ ਗਠਜੋੜ ਹੈ ਜਿਸ ਵਿੱਚ ਕੈਨੇਡਾ ਦੀ ਕੰਜ਼ਰਵੇਟਿਵ ਪਾਰਟੀ ਅਤੇ ਭਾਰਤ ਤੋਂ ਭਾਰਤੀ ਜਨਤਾ ਪਾਰਟੀ ਸ਼ਾਮਲ ਹਨ। ਕੈਨੇਡਾ ਇੰਡੀਆ ਫਾਊਂਡੇਸ਼ਨ ਵੱਲੋਂ ਇਸ ਸਾਲ ਦਾ ਗਲੋਬਲ ਇੰਡੀਅਨ ਅਵਾਰਡ ਸਟੀਫਨ ਹਾਰਪਰ ਨੂੰ ਦਿੱਤਾ ਗਿਆ ਹੈ ਜਿਸਦੇ ਸਬੰਧ ਵਿੱਚ ਉਹ ਆਏ ਹੋਏ ਸਨ। ਸਟੀਫਨ ਹਾਰਪਰ ਮੁਤਾਬਕ ਉਹ ਕੰਜ਼ਰਵੇਟਿਵ ਪਾਰਟੀ ਦੇ ਲੀਡਰ ਐਂਡਰੀਊ ਸ਼ੀਅਰ ਅਤੇ ਭਾਰਤ ਦੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦਾ ਮਦਦ ਕਰਨ ਲਈ ਤਿਆਰ ਹਨ।

ਕੈਨੇਡਾ ਇੰਡੀਆ ਫਾਊਂਡੇਸ਼ਨ ਦੇ ਗਲੋਬਲ ਇੰਡੀਅਨ ਅਵਾਰਡ 2008 ਵਿੱਚ ਆਰੰਭ ਹੋਏ ਸਨ ਜਦੋਂ ਭਾਰਤ ਵਿੱਚ ਇਨਫਰਮੇਸ਼ਨ ਤਕਨਾਲੋਜੀ ਦਾ ਨਵਾਂ ਇਨਕਲਾਬ ਪੈਦਾ ਕਰਨ ਵਾਲੇ ਸੈਮ ਪਿਟਰੋਡਾ ਨੂੰ ਇਹ ਅਵਾਰਡ ਦਿੱਤਾ ਗਿਆ ਸੀ। ਇਸਤੋਂ ਬਾਅਦ ਤੁਲਸੀ ਤਾਂਤੀ, ਟਤਨ ਟਾਟਾ, ਦੀਪਕ ਚੋਪੜਾ, ਨਰਾਇਣ ਮੂਰਥੀ, ਸੁਭਾਸ਼ ਚੰਦਰ, ਸਵਾਮੀ ਰਾਮਦੇਵ ਅਤੇ ਛੋਟੀ ਉਮਰ ਦੇ ਬੱਚੇ ਸਪਰਸ਼ ਸ਼ਾਹ ਨੂੰ ਇਹ ਅਵਾਰਡ ਮਿਲੇ। ਸਟੀਫਨ ਹਾਰਪਰ ਪਹਿਲੇ ਅਵਾਰਡ ਜੇਤੂ ਹਨ ਜਿਹਨਾਂ ਦਾ ਮੂਲ ਭਾਰਤ ਨਾਲ ਜੁੜਿਆ ਨਹੀਂ ਹੈ।

Best Insurance Rates
Auto - Home - Business
Dir: 647-400-2949
ਕਾਰ ਅਤੇ ਘਰ ਦੀ ਇੰਸ਼ੋਰੈਂਸ ਲਈ ਘੱਟ ਰੇਟ
Discounts upto 35% on Auto & Home
Amanpreet S. Batth
Address: 1550 South Gateway Rd. Suite 220 Mississauga, ON L4W 5G6

ALLKIND INSURANCE — NOW HIRING !!!
SUPER VISA INSURANCE
VISITOR INSURANCE
LIFE INSURANCE • MORTGAGE INSURANCE • CRITICAL ILLNESS INS • DISABILITY INSURANCE • TRAVEL INS • FUNERAL INSURANCE • RESP & TFSA & RRSP
SIMRAN SAINI 416.994.7272
www.allkindinsurance.com

AUTO & HOME INSURANCE
Super visa Insurance
Life & Disability
Critical illness
RESP
Visitor & Travel insurance
All Care Insurance Inc. (416-845-1352) Manwinder Mangat Broker
Aaxel InsuranceBrokers Ltd. 1332 Khalsa Dr, Unit # 11, Mississauga, ON L5S 0A2

JOSHI LAW OFFICE
Barrister, Solicitor & Notary Public
info@joshilawoffice.com | joshilawoffice.com
Immigration
Real Estate / Commercial Law
Affidavit / Power of Attorney
6921 Steels Ave. W. Unit 11, Etobicoke, ON
Rakesh M. Joshi B.A., LL.B
416-213-8600

HELPING YOUR PLAN TODAY......FOR TOMORROW
Supervisa / Visitor Insurance
Life /Mortgage/Funeral Insurance
Disability Insurance
Critical Illness Insurance
RESP /RRSP
JATINDERBIR S BAJWA Insurance Broker
Dir: 647-928-4990
# 25-831 Bovarid Dr. W. Brampton, ON, L6X0T9

INSURANCE
Home | Auto
Business | Trucking
Life Insurance | Commercial
647-206-2452 Sukhwinder K Singh
CONNEX 7050A Bramalea Rd, Unit # 13, Mississauga, ON L5S 1T1

PROTECT YOUR HOME FROM PESTS
Pest Control
Low Rates/Excellent Pest Control Services
100% Success rate for bed bug Treatment
Free Home Inspection Call Today
Ranjit Sidhu Certified & Licenced Exterminator
BED BUG MATTRESS COVER ALSO AVAILABLE
A-Z Pest Control Inc.
Cell: 647.668.3944 | Office: 905.455.0648
info@atozpestcontroltoronto.com | www.atozpestcontroltoronto.com

Law Office of Aman Sharma
Real Estate - Commercial Lease
Business Purchase & Sale
Notarizations & Affidavits
Wills & Power Of Attorney
Fax: 905-913-2344 Tel: 905-913-2355
Aman Sharma
4515 Ebenezer Rd, Suite 211, Brampton, Ontario L6P2K7
Open Saturday
Providing excellent quality legal services to our clients

GOEL TRAVEL
Low Rates Best Service
ਸਸਤੀਆਂ ਹਵਾਈ ਟਿਕਟਾਂ ਅਤੇ ਵਧੀਆ ਸਰਵਿਸ ਲਈ ਇੱਕ ਵਾਰੀ ਕਾਲ ਜਰੂਰ ਕਰੋ
ਗੋਇਲ ਟ੍ਰੈਵਲ
905.796.7500
900 Raylawson Blvd. Unit # 6, Brampton

Canada Consumer Credit Assistance ਕਰਜ਼ਾ ਰਹਿਤ ਜ਼ਿੰਦਗੀ ਜੀਓ
ਪਾਵਰ ਆਫ ਸੇਲ ਨੋਟਿਸ ?
ਗਾਰਨਿਸ਼ਮੈਂਟ?
ਬੈਂਕ ਵਲੋਂ ਪੈਸੇ ਦੀ ਮੰਗ ?
ਰੈਵਿਨਿਊ ਕੈਨੇਡਾ ਵਲੋਂ ਟੈਕਸ ਦੀ ਮੰਗ ?
ਕੁਲੈਕਸ਼ਨ ਕਾਲਾਂ, ਬੈਂਕ ਕਰਪਸੀ ਅਤੇ ਕਰਜ਼ੇ ਤੋਂ ਪੱਕਾ ਛੁਟਕਾਰਾ ਪਾ ਕੇ ਆਪਣਾ ਕਰੈਡਿਟ ਦੁਬਾਰਾ ਬਨਾਉਣ ਲਈ
ਹੁਣੇ ਹੀ ਕਾਲ ਕਰੋ
75% ਤੱਕ ਆਪਣਾ ਕਰਜ਼ਾ ਮਾਫ ਕਰਾਓ, ਬਹੁਤ ਆਸਾਨ ਕਿਸ਼ਤਾਂ ਬਿਨਾ ਵਿਆਜ ਤੋਂ
ਮੁਫ਼ਤ ਅਤੇ ਗੁਪਤ ਸਲਾਹ ਲਈ ਅੱਜ ਹੀ ਜਸਬੀਰ ਹੁੰਦਲ ਨੂੰ ਕਾਲ ਕਰੋ
ਕਰਜ਼ੇ ਦੀ ਸਿਰਦਰਦੀ ?
Late Evening and Weekends Appointments Available 1888 864 3131
Jasbir Singh Hundal Qualified Credit Counsellor
www.MakeMeDebtFree.ca 416-502-3100 Unit #20 - 7015 Tranmere Drive Mississauga, ON L5S 1T7

Super Visa Insurance
Visitor Visa Insurance
Travel Insurance
Student Insurance
New Immigrant 90 Days Med. Insurance
Punjab Insurance Inc
www.punjabinsurance.com
Sherjang Singh Rana 416.910.9000 rana@punjabinsurance.ca
10-7003 Steeles Ave. West, Etobicoke, ON M9W 0A2
Harpreet Rana 416.871.3571 harpreetrana@punjabinsurance.ca

Mortgage! We Will Beat Any Rate !!!
*Each Mortgage Center Office is Independently Owned & Operated
Purchase || Refinance || Major Banks /Credit Unions || Private Lenders || Second Mortgages-Lowest 6.99 %
The Mortgage Centre
Cell: 416-841-4218 Tel: 905-216-5563
AvonFinancial Inc. Brokerage Lic. 12538
Harpreet Singh Goraya Principal Broker (Lic # M12000607)
831 Bovaird Dr. West, Unit 25, Brampton, ON L6X 0T9 Fax : 905-216-0392

ਨਵਾਂ ਘਾਹ ਲਵਾਉ 647-784-1213
www.aaalandscaping.ca
ਪੁਰਾਣਾ ਘਾਹ ਹਟਾਉ ਅਤੇ ਨਵਾਂ ਲਵਾਉ
ਏਰੀਆ ਨੂੰ ਲੇਵਲ ਕਰਨਾ ਅਤੇ ਮਿੱਟੀ ਰਲਾਉਣੀ
ਨਵਾਂ ਘਾਹ ਲਵਾਉ
ਆਪਣੇ ਨਵੇਂ ਅਤੇ ਸੋਹਣੇ ਘਾਹ ਨੂੰ ਦੇਖੋ

Royal Pest Control
Residential Commercial Industrial
Specialist in Bedbugs Service
All Pest Control :
Mouse & Rats • Spiders & Fleas • Bedbugs • Wasps • Cockroaches • Carpenter Ants • Silver Fish • Racoons
Call : PARESH PATEL (Government Approved Licensed Technician)
416 938 4598

KELLEY LAW OFFICE
Immigration | Real Estate
Family Law | Business Closing
Corporate | Wills & Estate
Power of Attorney/Affidavit /Attestations
www.kelleylawoffice.ca | info@kelleylawoffice.ca
ਇੱਥੇ ਹਰ ਤਰ੍ਹਾਂ ਦੇ ਇਮੀਗਰੇਸ਼ਨ, ਰੀਅਲ ਅਸਟੇਟ, ਬਿਜਨਸ ਲਾਅ, ਕੋਰਪੋਰੇਟ, ਫੈਮਲੀ ਲਾਅ, ਵਸੀਅਤਨਾਮੇ, ਪਾਵਰ ਆਫ ਅਟੋਰਨੀ, ਹਾਫਨਾਮੇ ਅਤੇ ਹੋਰ ਕਾਨੂੰਨੀ ਸਲਾਹ ਮਸ਼ਵਰੇ ਲਈ ਫੋਨ ਕਰੋ
1200 Derry Road E, #15, Mississauga, ON L5T 0B3
Shinder Kelley
905-362-0755

ਕੀ ਤੁਸੀ ਕਾਕਰੋਚ, ਚੂਹੇ, ਕਿੜੇ-ਮਕੌੜਿਆਂ ਤੋ ਪਰੇਸ਼ਾਨ ਹੋ ਤੇ ਬੈਡ ਬੱਗਾਂ ਨੇ ਤੁਹਾਡੀ ਰਾਤਾਂ ਦੀ ਨਿੰਦ ਖਰਾਬ ਕੀਤੀ ਹੋਈ ਹੈ?
ਟਰੀਟਮੈਂਟ ਕਰਵਾਈ ਸੀ ਪਰ ਬਣੀ ਨੀ ਗੱਲ? ਤਾਂ ਘਬਰਾਓ ਨਾ ਟਰਾਂਟੋ ਪੈਸਟ ਅਰੈਸਟ ਵਾਲੇ ਕਰਨਗੇ ਪੱਕਾ ਹਲ !
Toronto Pest Arrest
Pest Control Services
Residential /Commercial/Industrial
ਕਾਲ ਕਰੋ: 647-515-8000
ਘੱਟ ਕੀਮਤ ਦੀ ਨਹੀ, ਪਰ ਸਿੱਕੇ ਬੰਦ ਕੰਮ ਦੀ ਗਰੰਟੀ ਹੈ
*Insured & Licensed

SEHMBI RENOVATIONS
ਰੈਨੋਵੇਸ਼ਨ ਦੇ ਕਿਸੇ ਵੀ ਕੰਮ ਲਈ ਸਾਡੀਆਂ ਪਰੋਫੈਸ਼ਨਲ ਤੇ ਭਰੋਸੇਯੋਗ ਸੇਵਾਵਾਂ ਦਾ ਲਾਭ ਉਠਾਓ
Custom Kitchen Cabinets • Completly Furnished
Legal Basement • Painting & Flooring
ਵਾਜਿਬ ਕੀਮਤ ਤੇ ਸਮੇਂ ਸਿਰ ਕੰਮ
Jaswant Sehmbi: 647.524.0885

INTERMODAL DIVISION OF EVCRO INC
WANTED! OWNER OPERATORS
Qualifications: Minimum 2 years experience, Minimum 21 years of age with a clean abstract & CVOR.
Payment Weekly
Direct Deposit
Safety Bonus Program
Fuel surcharge paid
Container division paid per mile (additional paid on train units).
New rates!!!!
Call Matt, or Wayne at 1-800-265-8526

CN Forklift Training Center
Counterbalance All Types | Walkie pallet Low Lift | Electric Motor Narrow Aisle Reach | Cherry Order Picker
License $69 Toll Free: 1 855 230 0001
7033 Telford Way, Unit # 4, Mississauga, ON L5S 1V4
When You Need Re certified License & Training First Call to us
Cell: 416 726 6206 Tel: 905 405 0001
NC Dhawan Certified Instructor

PEST PROBLEM ?
Residential & Commercial
100% Customer Satisfaction
All Pest Control
MICE, COCKROACH, BEDBUG & ALL COMMON BUGS
Protect yourself & your family from the Pests
AFFORDABLE & RELIABLE
KSG Pest Control Inc.
647.990.3205
www.ksgpestcontrol.ca ksgpestcontrol@gmail.com
Amarjeet Singh Gill Certified & Licenced Exterminator

MANN LAW FIRM
Real Estate Law • Business Law
Wills & Estates • Family Law
Power of Attorney • Civil Litigation
Affidavits Notarization / Declaration
Maninder S. Mann B.A. (Hons.), LLB
BARRISTER SOLICITOR NOTARY
Address: 2130 North Park Dr. Suite 246 Brampton, ON L6S 0C9
T: 905 799 9333
www.mannlawfirm.ca

# Dr. Randhawa Dentistry

*Your own dentist who really cares for you*

We Provide the following Services:
- Dental Crowns, Veneers & Bridges
- Dental Fillings & Gum Treatment
- Root Canal (RCT), Dentures, Extraction
- Kids Dentistry
- Wisdom Tooth Surgery
- Invisalign (Invisible Braces)
- Digital X-Rays System
- Teeth Cleaning & Whitening
- Cosmetic Dental Treatment

Dr. Samreet Kaur Randhawa
General Family Dentist

New Patients welcome
Deal Directly with all Insurance Companies

- ਸੀਨੀਅਰ ਡਿਸਕਾਊਂਟ
- ਅਸੀਂ ਤੁਹਾਡੀ ਭਾਸ਼ਾ ਬੋਲਦੇ ਹਾਂ
- ਐਮਰਜੈਂਸੀ ਅਤੇ ਵਾਕ ਇਨ ਸੇਵਾਵਾਂ

NEW LOCATION
10 SQUIRE ELLIS DR, UNIT 5-6
BRAMPTON, ON L6P 4K6
(MAJOR INTERSECTION: GORE RD/MAYFIELD)
Tel :905-794-5111

INVISALIGN & BRACES INCLUDING CLEAR BRACES
Invisible Braces ਜਿਹੜੀਆਂ ਕਿ ਦੂਰੋਂ ਨਜ਼ਰ ਨਹੀਂ ਆਉਂਦੀਆਂ
Show Your Smile More With Invisible Braces!

FIRST LOCATION
DENTISTRY @ BONNIE BRAES
50 CHESTERWOOD CRES, UNIT 2
BRAMPTON, ON L6Y 0Z4
(OPP. CHRUCHVILLE PUBLIC SCHOOL, JAMES POTTER / BONNIE BRAES INTERSECTION)
Tel : 905-230-9044

Mayfield Rd
Mcvean Dr
Gore Rd
Squire Ellis Dr
Countryside Dr



# APEX
CONCRETE & LANDSCAPE
RESIDENTIAL & COMMERCIAL

Add Value to your Home by Offering Beautiful High Quality Landscaping and Concrete Work at an Affordable Prize

FREE ESTIMATE
Limited Life Time Warranty

- STAMP CONCRETE
- PLAIN CONCRETE
- STEPS/SIDE ENTRANCE
- INTERLOCK
- LAND SCAPE
- SODING
- DRIVEWAY
- SIDEWALK
- PATIO

647-575-6102
Email: apexconstruc16@gmail.com

Laddi



# SASH FLEET HOLDING LTD
Established since 2007

NOW HIRING!!!
AZ DRIVERS FOR US
- 3 or more years' experience
- Good pay 6,000 to 7,000/month
- Pay Bi-weekly.
- No waiting for freight.
- Direct customers
- Good new Equipment

HIRING!!! Operations Manager
- Pay as per the experience plus benefits after 3 month.
- Must have (4) or more years' experience working with freight brokers in the freight business or Sound links or network for Canadian & US freight.

Send all resume to recuit@sashts.com



ਮੰਨ ਪਸੰਦ ਦੀ ਕਿਚਨ ਤੇ ਵਾਸ਼ਰੂਮ ਬਣਵਾਓ

# PEARSON
KITCHEN CABINET

Free Estimate
We Specialize in granite, quartz & marble countertops

Special Discount for Contractors | Buy Direct From The Factory

100% Satisfaction On Time

KITCHEN CABINET
WASHROOM

ਵਾਜਿਬ ਦਾਮ ਤੇ ਸਮੇਂ ਸਿਰ ਕੰਮ

- Kitchen Cabinets..................(Maple, Oak, MDF)
- All Types of Counter Tops...(Marble, Granite, Quartz, etc.)
- All Types of Tiles...................(Porch Line, Matt) all sizes available.
- Hardwood & Laminate
- Installation of Shower / Standing Shower / Vanities & Tubs.
- We Install Pot Lights
- Paint Job with Kitchen/Washroom Installation
- All Types of Range Hoods....(Heavy Duty, etc)
- Custom Office Counters & Bar Installation

Vikramjit Sangha: 416-200-0931

271 - Glidden Rd. Unit#5, Brampton (Kennedy&Glidden)



# TCMPLUS
10 YEARS' FAMOUS TRADITIONAL CHINESE MEDICINE CLINIC

Herbal and Acupuncture.
Treat your roots, Real Result "NO FAKE".

WE TREAT:
- Diabetes
- Low Energy
- Depression
- Anxiety
- Gout
- Disc Pain
- Prostatitis
- High Blood Pressure
- Cron's Disease
- Colitis
- Stress
- Acid Reflux
- Digestive
- Sleep Disorder

1st Month Discount

FREE CONSULTATION: 905-415-6999
30 Wertheim court, Unit 11, Richmond Hill



Data everywhere.
No surprise charges anywhere.

NEW
NATION-WIDE. NO ZONES.
TALK, TEXT & DATA PLANS
$35/MO.

chatr
AUTHORIZED DEALER

379 Main St. North, Brampton, ON
905-451-0379
2456 Lake shore Blvd W., Etobicoke, ON

Taxes extra. Offer subject to change without notice. Get up to 1GB of data on the Talk, Text and Data Plan. Once you reach your 3G speed data allotment, your data speed will be reduced until your next anniversary date. ™ Trademarks used under license ©2019

## ਅੱਜ ਨਾਮਾ

ਭਾਰਤ ਮਾਤਾ ਤੂੰ ਗਹਿਰੀ ਹੈਂ ਨੀਦ ਸੁੱਤੀ,
ਤੇਰੀ ਖਲਕਤ ਦਾ ਮੰਦਾ ਈ ਹਾਲ ਮਾਈ।
ਗੁਰਬਤ ਲੱਥਦੀ ਲੋਕਾਂ ਦੇ ਸਿਰੋਂ ਹੈ ਨਹੀਂ,
ਕਰਿਆ ਜਾਂਦਾ ਨਹੀਂ ਹੱਲ ਸਵਾਲ ਮਾਈ।
ਵਧਣ ਅੱਗੇ ਨੂੰ ਜਦੋਂ ਵੀ ਕਦਮ ਲੱਗਣ,
ਲੱਗਦਾ ਲੱਗੀ ਕੋਈ ਹੋਣ ਕਮਾਲ ਮਾਈ।
ਛੇਤੀ ਲੋਕਾਂ ਦੇ ਉਲਝ ਫਿਰ ਕਦਮ ਜਾਂਦੇ,
ਥਾਂ-ਥਾਂ ਵਿਛਿਆ ਜਨੂੰਨ ਦਾ ਜਾਲ ਮਾਈ।
ਭਾਰਤੀ ਹੋਣ ਤਾਂ ਵਾਟ ਕੁਝ ਗਾਹੁਣ ਲੋਕੀਂ,
ਫਿਰਕਿਆਂ ਵਿੱਚ ਹੀ ਵੰਡੇ ਨੇ ਲੋਕ ਮਾਈ।
ਅਗਲਾ ਕਦਮ ਵੀ ਪੁੱਟਣ ਤੋਂ ਰੋਕ ਦੇਂਦੀ,
ਫਿਰਕੂਪੁਣੇ ਦੀ ਗੰਦੀ ਜਿਹੀ ਜੋਕ ਮਾਈ।

ਤੀਸ ਮਾਰ ਖਾਂ

# ਜੰਗਲ ਦੀ ਅੱਗ ਕਾਰਨ ਮੈਨੀਟੋਬਾ ਤੇ ਓਨਟਾਰੀਓ ਤੋਂ ਸੈਂਕੜੇ ਲੋਕ ਕੂਚ ਕਰਨ ਲਈ ਹੋਏ ਮਜ਼ਬੂਰ

ਓਨਟਾਰੀਓ, 7 ਜੁਲਾਈ (ਪੋਸਟ ਬਿਊਰੋ) : ਜੰਗਲ ਵਿੱਚ ਲੱਗੀ ਅੱਗ ਕਾਰਨ ਉੱਤਰਪੂਰਬੀ ਮੈਨੀਟੋਬਾ ਦੀਆਂ ਫਰਸਟ ਨੇਸ਼ਨਜ਼ ਕਮਿਊਨਿਟੀਜ਼ ਤੇ ਉੱਤਰਪੱਛਮੀ ਓਨਟਾਰੀਓ ਦੀਆਂ ਕਮਿਊਨਿਟੀਜ਼ ਨਾਲ ਸਬੰਧਤ ਸੈਂਕੜੇ ਲੋਕਾਂ ਨੂੰ ਆਪਣੇ ਇਲਾਕੇ ਖਾਲੀ ਕਰਨ ਲਈ ਮਜਬੂਰ ਹੋਣਾ ਪੈ ਰਿਹਾ ਹੈ।

ਦ ਕੈਨੇਡੀਅਨ ਰੈੱਡ ਕਰਾਸ ਦਾ ਕਹਿਣਾ ਹੈ ਕਿ ਲਿਟਲ ਗ੍ਰੈਂਡ ਰੈਪਿਡਜ਼ ਦੇ 150 ਤੇ ਪਾਊਂਗਾਸੀ ਫਰਸਟ ਨੇਸ਼ਨ ਦੇ 50 ਵਾਸੀਆਂ ਨੂੰ ਐਤਵਾਰ ਨੂੰ ਵਿਨੀਪੈੱਗ ਲਿਜਾਇਆ ਗਿਆ ਜਿੱਥੇ ਉਨ੍ਹਾਂ ਨੂੰ ਹੋਟਲਾਂ ਵਿੱਚ ਠਹਿਰਾਇਆ ਜਾਵੇਗਾ। ਅਜੇ ਤੱਕ ਬਜ਼ੁਰਗਾਂ, ਬੱਚਿਆਂ ਤੇ ਸਾਹ ਦੀ ਤਕਲੀਫ ਤੋਂ ਪੀੜਤ ਲੋਕਾਂ ਨੂੰ ਹੀ ਸ਼ਿਫਟ ਕੀਤਾ ਗਿਆ ਹੈ। ਫੈਡਰਲ ਸਰਕਾਰ ਦੇ ਪੱਖ ਉੱਤੇ ਰੈੱਡ ਕਰਾਸ ਹੀ ਮੈਨੀਟੋਬਾ ਫਰਸਟ ਨੇਸ਼ਨਜ਼ ਨੂੰ ਡਿਜ਼ਾਜ਼ਸਟਰ ਰਲੀਫ ਮੁਹੱਈਆ ਕਰਵਾ ਰਹੀ ਹੈ।

ਉੱਤਰਪੱਛਮੀ ਓਨਟਾਰੀਓ ਵਿੱਚ ਸਰਹੱਦ ਲਾਗੇ ਦਰਜਨਾਂ ਥਾਂਵਾਂ ਉੱਤੇ ਹੋਰ ਅੱਗ ਫੈਲ ਜਾਣ ਤੋਂ ਬਾਅਦ ਇਨ੍ਹਾਂ ਇਲਾਕਿਆਂ ਨੂੰ ਖਾਲੀ ਕਰਵਾਇਆ ਜਾ ਰਿਹਾ ਹੈ। ਦ ਰੈੱਡ ਲੇਕ 23 ਵਾਲੀ ਥਾਂ ਉੱਤੇ ਲੱਗੀ ਅੱਗ 719 ਸਕੁਏਅਰ ਕਿਲੋਮੀਟਰ ਵਿੱਚ ਫੈਲ ਚੁੱਕੀ ਹੈ ਤੇ ਇਹ ਕਾਬੂ ਤੋਂ ਬਾਹਰ ਹੋ ਗਈ ਹੈ। ਇਹ ਅੱਗ ਕੀਵੇਅਵਿਨ




ਫਰਸਟ ਨੇਸ਼ਨ ਤੋਂ ਸਿਰਫ ਅੱਠ ਕਿਲੋਮੀਟਰ ਦੀ ਦੂਰੀ ਉੱਤੇ ਲੱਗੀ ਹੋਈ ਹੈ। 450 ਸਥਾਨਕ ਵਾਸੀਆਂ ਵਿੱਚੋਂ ਅੱਧੇ ਸਿਓਕਸ ਲੁੱਕਆਊਟ, ਓਨਟਾਰੀਓ ਤੇ ਟਿਮਿੰਜ਼ ਕੂਚ ਕਰ ਗਏ ਹਨ।

ਸ਼ਨਿੱਚਰਵਾਰ ਨੂੰ ਪਬਲਿਕ ਸੇਫਟੀ ਮੰਤਰੀ ਰਾਲਫ ਗੁਡੇਲ ਨੇ ਆਖਿਆ ਕਿ ਮਿਲਟਰੀ ਪਿਕਾਨਗਿਕੁਮ ਫਰਸਟ ਨੇਸ਼ਨ ਕਮਿਊਨਿਟੀ ਤੋਂ ਲੋਕਾਂ ਨੂੰ ਕੱਢਣ ਵਿੱਚ ਮਦਦ ਕਰੇਗੀ। ਨੈਸ਼ਨਲ ਡਿਫੈਂਸ ਡਿਪਾਰਟਮੈਂਟ ਨੇ ਦੱਸਿਆ ਕਿ 20 ਆਰਮੀ ਰੇਂਜਰਜ਼ ਤੇ ਹਰਕਿਊਲਿਸ ਹੈਲੀਕਾਪਟਰ ਇਸ ਕੰਮ ਵਿੱਚ ਮਦਦ ਲਈ ਲਗਾਏ ਗਏ ਹਨ।

## ਫੌਜੀ ਬਜਟ ’ਚੋਂ ਟਰੰਪ ਦੀਵਾਰ ਨਹੀਂ ਬਣਵਾ ਸਕਣਗੇ

ਵਾਸ਼ਿੰਗਟਨ, 7 ਜੁਲਾਈ (ਪੋਸਟ ਬਿਊਰੋ)- ਅਮਰੀਕੀ ਰਾਸ਼ਟਰਪਤੀ ਡੋਨਾਲਡ ਟਰੰਪ ਨੂੰ ਮੈਕਸੀਕੋ ਸਰਹੱਦ 'ਤੇ ਦੀਵਾਰ ਬਣਾਉਣ ਦੀ ਯੋਜਨਾ 'ਤੇ ਵੱਡਾ ਝਟਕਾ ਲੱਗ ਗਿਆ ਹੈ। ਸਾਨ ਫਰਾਂਸਿਸਕੋ ਦੀ ਇੱਕ ਅਪੀਲੀ ਅਦਾਲਤ ਨੇ ਦੀਵਾਰ ਉਸਾਰੀ ਲਈ ਫੌਜੀ ਬਜਟ ਵਿੱਚੋਂ ਢਾਈ ਅਰਬ ਡਾਲਰ ਲੈਣ ਦੀ ਯੋਜਨਾ 'ਤੇ ਰੋਕ ਲਾ ਦਿੱਤੀ ਹੈ। ਅਦਾਲਤ ਨੇ ਆਪਣੇ ਫੈਸਲੇ ਵਿੱਚ ਕਿਹਾ ਕਿ ਕੇਂਦਰੀ ਕਾਨੂੰਨ ਦਾ ਉਲੰਘਣ ਹੁੰਦਾ ਜਾਪਦਾ ਹੈ। ਅਦਾਲਤ ਨੇ ਟਰੰਪ ਪ੍ਰਸ਼ਾਸਨ ਦੀਆਂ ਉਨ੍ਹਾਂ ਦਲੀਲਾਂ ਨੂੰ ਰੱਦ ਕਰ ਦਿੱਤਾ ਕਿ ਇਹੋ ਜਿਹਾ ਖਰਚ ਲੋਕਾਂ ਦੇ ਹਿੱਤ ਲਈ ਜ਼ਰੂਰੀ ਹੈ। ਟਰੰਪ ਪ੍ਰਸ਼ਾਸਨ ਦੀ ਇਸ ਯੋਜਨਾ ਨੂੰ ਦੋ ਸੰਗਠਨਾਂ ਨੇ ਚੁਣੌਤੀ ਦਿੱਤੀ ਸੀ। ਉਨ੍ਹਾਂ ਦੀ ਦਲੀਲ ਹੈ ਕਿ ਮੈਕਸੀਕੋ ਸਰਹੱਦ 'ਤੇ ਦੀਵਾਰ ਖੜ੍ਹੀ ਹੋਣ ਨਾਲ ਸ਼ਰਨਾਰਥੀ ਨਾਜਾਇਜ਼ ਰੂਪ ਨਾਲ ਅਮਰੀਕਾ ਵਿੱਚ ਦਾਖਲ ਨਹੀਂ ਹੋਣਗੇ। ਇਸ ਲਈ ਉਨ੍ਹਾਂ ਨੇ ਪਾਰਲੀਮੈਂਟ ਤੋਂ 6.7 ਅਰਬ ਡਾਲਰ ਦਾ ਫੰਡ ਮੰਗਿਆ ਸੀ, ਪਰ ਇਸ 'ਤੇ ਸਹਿਮਤੀ ਨਾ ਬਣ ਸਕਣ ਕਾਰਨ ਇਸ ਸਾਲ ਦੇ ਸ਼ੁਰੂ ਵਿੱਚ ਅਮਰੀਕਾ ਵਿੱਚ 35 ਦਿਨਾਂ ਤੱਕ ਸ਼ਟਡਾਊਨ ਰਿਹਾ ਸੀ।

## ਕੈਨਸਿੱਖ ਕਲਚਰਲ ਸੈਂਟਰ ਵੱਲੋਂ 35ਵਾਂ ਸਲਾਨਾ ਟੂਰਨਾਮੈਂਟ 13-14 ਜੁਲਾਈ ਨੂੰ

**ਬਾਬਿਆਂ ਦਾ ਮੇਲਾ ਤੇ ਬਜ਼ੁਰਗਾਂ ਦੀ ਕਬੱਡੀ ਹੋਵੇਗੀ ਖਿੱਚ ਦਾ ਕੇਂਦਰ**

ਬਰੈਪਟਨ, 7 ਜੁਲਾਈ (ਪੋਸਟ ਬਿਊਰੋ)- ਕੈਨਸਿੱਖ ਕਲਚਰਲ ਸੈਂਟਰ ਵਲੋਂ ਆਪਣਾ 35ਵਾਂ ਸਲਾਨਾ ਟੂਰਨਾਮੈਂਟ ਹਰ ਸਾਲ ਦੀ ਤਰ੍ਹਾਂ ਮਾਲਟਨ ਦੇ ਵਾਈਲਡ ਵੁਡ ਪਾਰਕ, ਜਿਸ ਨੂੰ ਹੁਣ ਪਾਲ ਕਾਫੀ ਦਾ ਵੀ ਨਾ ਦਿੱਤਾ ਗਿਆ ਹੈ, ਵਿਖੇ ਹੋ ਰਿਹਾ ਹੈ। ਦੋ ਰੋਜ਼ਾ ਇਸ ਟੂਰਨਾਮੈਟ ਵਿਚ ਸਾਕਰ, ਵਾਲੀਬਾਲ, ਰੱਸਾ ਕਸੀ, ਭਾਰ ਚੁੱਕਣ ਦੇ ਮੁਕਾਬਲੇ ਅਥਲੈਟਿਕਸ, ਬਾਸਕਿਟਬਾਲ ਦੇ ਮੈਚ ਕਰਵਾਏ ਜਾਣਗੇ। ਇਸੇ ਤਰ੍ਹਾਂ ਸ਼ਨਿਚਰਵਾਰ ਨੂੰ ਤਾਸ਼ ਦੀ ਸਵੀਪ ਦੇ ਮੁਕਾਬਲੇ ਵੀ ਕਰਵਾਏ ਜਾਣਗੇ। ਐਤਵਾਰ ਨੂੰ ਬਜ਼ੁਰਗਾਂ ਲਈ ਇਕ ਵਿਸ਼ੇਸ਼ ਪ੍ਰੋਗਰਾਮ ਉਲੀਕਿਆ ਜਾ ਰਿਹਾ ਹੈ। ਇਸ ਵਿਚ ਵੱਖ ਵੱਖ ਉਮਰ ਦੇ ਬਜੁਰਗਾਂ ਨੂੰ ਸਟੇਜ ਤੋਂ ਆਪਣੀ ਕਲਾ ਦੀ ਪ੍ਰਦਰਸ਼ਨੀ ਕਰਨ ਦਾ ਮੌਕਾ ਵੀ ਦਿੱਤਾ ਜਾਵੇਗਾ। ਇਕ ਬਾਬਾ ਆਫ ਦਾ ਈਅਰ ਅਵਾਰਡ ਅਤੇ ਇਕ ਸੀਨੀਅਰ ਕਲੱਬ ਆਫ ਦਾ ਈਅਰ ਅਵਾਰਡ ਤੇ ਇਸ ਤੋਂ ਇਲਾਵਾ ਹੋਰ ਵੱਖ-ਵੱਖ ਸ੍ਰੇਣੀਆਂ ਦੇ ਅਵਾਰਡ ਵੀ ਬਜ਼ੁਰਗਾਂ ਨੂੰ ਦਿੱਤੇ ਜਾਣਗੇ। 60 ਸਾਲ ਤੋਂ ਉਤੇ ਦੀ ਉਮਰ ਦੇ ਲੋਕ ਕਵਿਤਾ, ਕਿੱਸਾ, ਕਹਾਵਤਾਂ, ਚੁਟਕਲੇ ਆਦਿ ਦੇ ਮੁਕਾਬਲਿਆ ਵਿਚ ਭਾਗ ਲੈ ਸਕਣਗੇ। ਇਸੇ ਤਰ੍ਹਾਂ ਸਭ ਤੋਂ ਹੁਨਰਮੰਦ ਬਾਬੇ ਦਾ ਵੀ ਸਨਮਾਨ ਕੀਤਾ ਜਾਵੇਗਾ। ਜਿਥੇ ਵਧੀਆ ਪੰਜਾਬੀ ਪਹਿਰਾਵੇ ਲਈ ਬਾਬਿਆਂ ਦੇ ਮੁਕਾਬਲੇ ਹੋਣਗੇ, ਉਥੇ ਵਧੀਆ ਵੈਸਟਰਨ ਡ੍ਰੈਸ ਵਿਚ ਆਏ ਬਾਬੇ ਨੂੰ ਵੀ ਚੁਣਿਆ ਜਾਵੇਗਾ। ਇਸ ਸਬੰਧੀ ਸੀਨੀਅਰ ਕਲੱਬਾਂ ਭਾਗ ਲੈਣ ਲਈ ਆਪਣੇ ਤੌਰ ਉਪਰ ਅਤੇ ਵਿਅਕਤੀਗਤ ਰੂਪ ਵਿਚ ਭਾਗ ਲੈਣ ਲਈ ਬਜ਼ੁਰਗ ਆਪਣਾ ਨਾਮ ਕੈਨਸਿੱਖ ਕਲਚਰਲ ਸੈਂਟਰ ਕੋਲ ਦਰਜ ਕਰਵਾ ਸਕਦੇ ਹਨ। ਆਏ ਲੋਕਾਂ ਲਈ ਗੁਰੂ ਗੋਬਿੰਦ ਸਿੰਘ ਚਿਲਡਰਨ ਫਾਊਡੇਸ਼ਨ, ਵਾਵਾ ਟਰਾਂਸਪੋਰਟ ਤੇ ਹੋਰ ਗਰੁੱਪਾਂ ਵਲੋਂ ਰੋਟੀ ਪਾਣੀ ਦਾ ਬੰਦੋਬਸਤ ਕੀਤਾ ਜਾਵੇਗਾ। ਇਸ ਟੂਰਨਾਮੈਂਟ ਵਿਚ ਕੋਸ਼ਿਸ਼ ਕੀਤੀ ਜਾ ਰਹੀ ਹੈ ਕਿ ਦੋ ਕਬੱਡੀ ਦੇ ਸ਼ੋਅ ਮੈਚ ਹੋਣ ਇਕ 50 ਤੋਂ ਲੈ ਕੇ 60 ਸਾਲ ਦੀ ਉਮਰ ਦੇ ਲੋਕਾਂ ਦਾ ਤੇ ਇਕ 60 ਸਾਲ ਤੋਂ ਉਪਰ ਦੀ ਉਮਰ ਦੇ ਬਜ਼ੁਰਗਾਂ ਦਾ। ਕਬੱਡੀ ਬਾਰੇ ਹੋਰ ਜਾਣਕਾਰੀ ਲੈਣ ਲਈ ਤੋਚੀ ਸੰਘਾ ਨਾਲ 416-454-3031 ਅਤੇ ਜਾਂ ਫੇਰ ਸ਼ੇਰਦਲਜੀਤ ਸਿੰਘ ਢਿੱਲੋਂ ਨਾਲ 416-716-2568 ਉਤੇ ਸੰਪਰਕ ਕੀਤਾ ਜਾ ਸਕਦਾ ਹੈ।

## ਈਰਾਨ ਵੱਲੋਂ ਸਮਝੌਤਾ ਤੋੜ ਕੇ ਯੂਰੇਨੀਅਮ ਭੰਡਾਰ ਵਧਾਉਣ ਦਾ ਐਲਾਨ

ਤਹਿਰਾਨ, 7 ਜੁਲਾਈ, (ਪੋਸਟ ਬਿਊਰੋ)- ਈਰਾਨ ਦੀ ਸਰਕਾਰ ਨੇ ਅੱਜ ਐਲਾਨ ਕੀਤਾ ਹੈ ਕਿ ਉਹ ਆਪਣਾ ਯੂਰੇਨੀਅਮ ਭੰਡਾਰ ਵਧਾਏਗੀ ਅਤੇ ਇਸ ਤਰ੍ਹਾਂ ਕਰਦੇ ਹੋਏ ਇਕ ਵਾਰ ਫਿਰ 2015 ਵਿਚ ਵਿਸ਼ਵ ਪੱਧਰ ਦੀਆਂ ਸ਼ਕਤੀਆਂ ਨਾਲ ਹੋਏ ਐਟਮੀ ਸਮਝੌਤੇ ਦੀਆਂ ਸ਼ਰਤਾਂ ਦੀ ਉਲੰਘਣਾ ਕਰਨ ਦੀ ਤਿਆਰੀ ਵਿਚ ਵੀ ਹੈ। ਸਮਝਿਆ ਜਾਂਦਾ ਹੈ ਕਿ ਈਰਾਨ ਦੇ ਇਸ ਕਦਮ ਦੇ ਕਾਰਨ ਅਮਰੀਕਾ ਨਾਲ ਉਸ ਦੀ ਖਿੱਚੋਤਾਣ ਹੋਰਵਧ ਸਕਦੀ ਹੈ।

ਇਸ ਸੰਬੰਧ ਵਿੱਚ ਈਰਾਨ ਦੇ ਅਧਿਕਾਰੀਆਂ ਦਾ ਕਹਿਣਾ ਹੈ ਕਿ ਸਮਝੌਤਾ ਸ਼ਰਤਾਂ ਦੀ ਉਲੰਘਣਾ ਦਾ ਇਹ ਕਦਮ ਅਗਲੇ 60 ਦਿਨਾਂ ਵਿਚ ਉਠਾਇਆ ਜਾਵੇਗਾ।ਇਸ ਦੌਰਾਨ ਯੂਰੇਨੀਅਮ ਭੰਡਾਰ ਵਧਾਉਣ ਦੀ ਗੱਲ ਕਹਿੰਦੇ ਹੋਏ ਸਮਝੌਤੇ ਦੀ ਉਲੰਘਣਾ ਦੀ ਤਿਆਰੀ ਦੇ ਨਾਲ ਈਰਾਨ ਨੇ ਸਮਝੌਤਾ ਬਚਾਉਣ ਲਈ ਗੱਲਬਾਤ ਦਾ ਸੰਕੇਤ ਵੀਦਿੱਤਾ ਹੈ। ਈਰਾਨ ਦੇ ਉਪ ਵਿਦੇਸ਼ ਮੰਤਰੀ ਅੱਬਾਸ ਅਰਾਗਚੀ ਨੇ ਕਿਹਾ ਕਿ ਯੂਰਪੀ ਦੇਸ਼ਾਂ ਨਾਲ ਗੱਲਬਾਤ ਚੱਲ ਰਹੀ ਹੈ ਤੇ ਇਸ ਮਹੀਨੇ ਦੇ ਅੰਤ ਤਕ ਮੰਤਰੀ ਪੱਧਰੀ ਬੈਠਕ ਹੋ ਸਕਦੀ ਹੈ। ਸ਼ਨਿਚਰਵਾਰ ਨੂੰ ਫਰਾਂਸ ਦੇ ਰਾਸ਼ਟਰਪਤੀ ਇਮੈਨੁਐਲ ਮੈਕਰੋਨ ਨੇ ਈਰਾਨ ਦੇ ਰਾਸ਼ਟਰਪਤੀ ਹਸਨ ਰੂਹਾਨੀ ਨਾਲ ਫੋਨ ਉੱਤੇ ਗੱਲ ਕੀਤੀ ਤੇ 15 ਜੁਲਾਈ ਤਕ ਈਰਾਨ ਤੇ ਪੱਛਮੀ ਦੇਸ਼ਾਂ ਦੀ ਗੱਲਬਾਤ ਸ਼ੁਰੂ ਕਰਵਾਉਣ ਦਾ ਰਸਤਾ ਲੱਭਣ ਦੀ ਗੱਲ ਕਹੀ ਸੀ। ਵਰਨਣ ਯੋਗ ਹੈ ਕਿ ਅਮਰੀਕਾ ਦੇ ਰਾਸ਼ਟਰਪਤੀ ਡੋਨਾਲਡ ਟਰੰਪ ਨੇ ਪਿਛਲੇ ਸਾਲ ਇਸ ਸਮਝੌਤੇ ਤੋਂਅਮਰੀਕਾ ਨੂੰ ਬਾਹਰ ਕੱਢ ਕੇ ਈਰਾਨ ਉੱਤੇ ਪਾਬੰਦੀਆਂ ਲਾ ਦਿੱਤੀਆਂ ਸਨ। ਇਸ ਤੋਂਇੱਕ ਸਾਲ ਬਾਅਦ ਈਰਾਨ ਨੇ ਯੂਰੇਨੀਅਮ ਦਾ ਭੰਡਾਰ ਵਧਾਉਣ ਦੀ ਗੱਲ ਕਹੀ ਹੈ। ਪਿਛਲੇ ਹਫ਼ਤਿਆਂ ਵਿਚ ਈਰਾਨ ਨੇ ਯੂਰਪੀ ਦੇਸ਼ਾਂ ਨੂੰ ਕਈ ਵਾਰ ਚਿਤਾਵਨੀ ਦਿੱਤੀ ਹੈ ਕਿ ਅਮਰੀਕੀ ਪਾਬੰਦੀਆਂ ਕਾਰਨ ਸਮਝੌਤਾ ਬੇਲੋੜਾ ਹੋ ਗਿਆ ਤੇ ਇਸੇ ਲਈ ਈਰਾਨ ਇਸ ਵਿੱਚੋਂ ਨਿਕਲਣ ਉੱਤੇ ਵਿਚਾਰ ਕਰ ਰਿਹਾ ਹੈ। ਐਟਮੀ ਸ਼ਕਤੀ ਉੱਤੇ ਨਜ਼ਰ ਰੱਖਣ ਵਾਲੀ ਯੂ ਐੱਨ ਏਜੰਸੀ ਨੇ ਈਰਾਨ ਦੇ ਕਦਮਾਂ ਉੱਤੇ ਨਜ਼ਰ ਰੱਖਣ ਦੀ ਗੱਲ ਕਹੀ ਹੈ। ਕੌਮਾਂਤਰੀ ਐਟਮੀ ਊਰਜਾ ਏਜੰਸੀ ਦੇ ਮੁਤਾਬਕ ਜਦੋਂ ਯੂਰੇਨੀਅਮ ਵਧਾਉਣ ਬਾਰੇ ਈਰਾਨ ਦੇ ਕਦਮਾਂ ਦੀ ਪੁਸ਼ਟੀ ਹੋਵੇਗੀ, ਏਜੰਸੀ ਦੇ ਸਥਾਨਕ ਅਧਿਕਾਰੀ ਵਿਆਨਾ ਵਿਚਲੇ ਹੈੱਡਕੁਆਰਟਰ ਨੂੰ ਸੂਚਿਤ ਕਰਨਗੇ।

ਇਸ ਦੌਰਾਨ ਇਜ਼ਰਾਈਲ ਦੇ ਪ੍ਰਧਾਨ ਮੰਤਰੀ ਬੈਂਜਾਮਿਨ ਨੇਤਨਯਾਹੂ ਨੇ ਕਿਹਾ ਹੈ ਕਿ ਜੇ ਈਰਾਨ ਸਮਝੌਤੇ ਦੀ ਹੱਦ ਤੋਂਵੱਧ ਯੂਰੇਨੀਅਮ ਭੰਡਾਰ ਕਰਦਾ ਹੈ ਤਾਂ ਉਸ ਉੱਤੇ ਹੋਰ ਪਾਬੰਦੀਆਂ ਲੱਗਣੀਆਂ ਚਾਹੀਦੀਆਂ ਹਨ। ਉਨ੍ਹਾਂ ਦਾ ਕਹਿਣਾ ਹੈ ਕਿ ਏਨਾ ਜ਼ਿਆਦਾ ਯੂਰੇਨੀਅਮ ਭੰਡਾਰ ਦਾ ਸਿਰਫ ਇਕੋ ਉਦੇਸ਼ ਐਟਮ ਬੰਬ ਬਣਾਉਣਾ ਹੁੰਦਾ ਹੈ।

## ਇਆਲੀ ਕਲਾਂ ਇਲਾਕਾ ਨਿਵਾਸੀਆਂ ਵਲੋਂ ਪਿਕਨਿਕ 13 ਜੁਲਾਈ ਨੂੰ

ਇਆਲੀ ਕਲਾਂ ਤੇ ਆਸਪਾਸ ਦੇ ਇਲਾਕਾ ਨਿਵਾਸੀਆਂ ਵਲੋਂ 13 ਜੁਲਾਈ ਦਿਨ ਸ਼ਨੀਵਾਰ ਨੂੰ ਕੈਲੇਡਨ ਸ਼ਹਿਰ ਵਿਚ ਚਾਰਲਜ਼ ਹੇਨਜ਼ ਮੈਮੋਰੀਅਲ ਪਾਰਕ, ਜੋ ਕਿ 14190 ਕ੍ਰੈਡਿਟ ਵਿਊ ਰੋਡ ਉਤੇ ਸਥਿਤ ਹੈ, ਵਿਖੇ ਇਕ ਪਿਕਨਿਕ ਦਾ ਆਯੋਜਨ ਕੀਤਾ ਜਾ ਰਿਹਾ ਹੈ। ਇਹ ਪਿਕਨਿਕ ਸਾਢੇ 11 ਵਜੇ ਤੋਂ ਲੈ ਕੇ 6 ਵਜੇ ਤੱਕ ਚੱਲੇਗੀ। ਇਸ ਪਿਕਨਿਕ ਵਿਚ ਸ਼ਾਮਲ ਹੋਣ ਲਈ ਇਲਾਕਾ ਨਿਵਾਸੀਆਂ ਲਈ ਕੋਈ ਵੀ ਟਿਕਟ ਨਹੀਂ ਹੈ। ਹਰ ਆਏ ਮਹਿਮਾਨ ਲਈ ਖਾਣ ਪੀਣ ਤੇ ਬਾਰਬੀਕਿਊ ਦਾ ਖੁੱਲ੍ਹਾ ਪ੍ਰਬੰਧ ਹੋਵੇਗਾ। ਇਆਲੀ ਕਲਾਂ ਦੇ ਗ੍ਰੇਟਰ ਟੋਰਾਂਟੋ ਏਰੀਆ ਵਿਚ 50 ਦੇ ਕਰੀਬ ਪਰਿਵਾਰ ਵਸ ਰਹੇ ਹਨ। ਇਨ੍ਹਾਂ ਪਰਿਵਾਰਾਂ ਵਲੋਂ ਛੋਟੀ ਇਆਲੀ, ਝੰਮਟ, ਬੈਸ, ਥਰੀਕੇ, ਝਾਂਡੇ ਅਤੇ ਸਮੂਹ ਇਲਾਕਾ ਨਿਵਾਸੀਆਂ ਨੂੰ ਇਸ ਪਿਕਨਿਕ ਵਿਚ ਸ਼ਾਮਲ ਹੋਣ ਲਈ ਅਪੀਲ ਕੀਤੀ ਜਾਂਦੀ ਹੈ। ਪਿਕਨਿਕ ਦੀ ਹੋਰ ਜਾਣਕਾਰੀ ਲਈ ਰਾਜਿੰਦਰ ਪ੍ਰਭਾਕਰ ਨਾਲ 905-915-7055 ਉਤੇ ਸੰਪਰਕ ਕੀਤਾ ਜਾ ਸਕਦਾ ਹੈ।

AMAN TRAVEL
ਅਮਨ ਟਰੈਵਲ
SPECIAL FARES TO DELHI & AMRITSAR
TICO # 50022741
LAST MINUTE DEALS AVAILABLE
GAURAV GUPTA
905.796.3535
ਦੇਸ਼ ਵਿਦੇਸ਼ ਜਾਣ ਸਮੇਂ ਸਸਤੀਆਂ ਹਵਾਈ ਟਿਕਟਾਂ ਅਤੇ ਭਰੋਸੇਮੰਦ ਸਰਵਿਸ ਲੈਣ ਲਈ ਕਾਲ ਕਰੋ
218 KINGKNOLL DR., BRAMPTON, ON L6Y 4X4

ukttc UK TRUCK TRAINING CENTRE
PCC #179958
Registered as a Private Careers College
Forklift $79 Recertification
➔ Automatic & Manual Trucks
○1:1 Training
➔ Forklift Training
Reach Truck
Counterbalance
Air Brake Classes
Sat-Sun 8am to 4pm
Kuldip Singh Grewal
647.894.8590
17 ਸਾਲਾਂ ਦਾ ਤਜ਼ਰਬਾ | 7 ਦਿਨ ਖੁੱਲਾ | ਗੇਅਰਾਂ ਵਾਲੇ ਟਰੱਕਾ ਦੀ ਸਪੈਸ਼ਲ ਟ੍ਰੇਨਿੰਗ
Gurjot Singh Grewal: 437-224-8500
Off:905.673.7979
7542 Bath Rd, Mississauga, ON L4T 1L2

ਖਿੜਕੀਆਂ ਅਤੇ ਦਰਵਾਜੇ ਲਗਵਾਓ Free Estimates
ਵਨਾਈਲ ਅਤੇ ਐਲੂਮੀਨੀਅਮ ਵਿੰਡੋਜ਼, ਸਟੋਰਮ ਡੋਰ, ਕਲੋਸੈਟ ਡੋਰ ਮਿਰਰਜ਼, ਪੋਰਚ ਐਨਕਲੋਜ਼ਡ, ਮੇਨ ਐਂਟਰੈਂਸ ਡੋਰ, ਹਰ ਤਰਾਂ ਦਾ ਗਲਾਸ ਰਿਪਲੇਸਮੈਂਟ
ਅਸੀਂ ਪੇਂਟ ਵੀ ਕਰਦੇ ਹਾਂ
24 ਘੰਟੇ ਤੁਹਾਡੀ ਸੇਵਾ ਵਿੱਚ
SINGH (TOCHI)
416-454-3031
647-784-8240
Email: tochisangha1@hotmail.com
CANADIAN GLASS AND WINDOW

ਕਰੋਨਿਕ ਲਿਵਰ ਪਰੋਬਲਮ ਦਾ ਸ਼ਰਤੀਆ ਇਲਾਜ਼
ਲਿਵਰ ਸਰੋਇਸਿਸ, ਫੈਟੀ ਲਿਵਰ, ਹੈਪਾਟਾਇਟਸ A, B &C ਪੀਲੀਆ
100% Natural Cure & No Side Effect
- ਹਾਈ ਬੀ-ਪੀ, ਕੋਲੈਸਟਰੋਲ, ਹਾਰਟ ਪਰੋਬਲਮ,ਆਰਟਰੀ ਦੀ ਬਲੋਕੇਜ, ਬਾਇਪਾਸ ਸਰਜਰੀ ਤੋ ਬਚਾਉ
- ਬੱਚਿਆਂ ਦਾ ਬਿਸਤਰੇ ਤੇ ਪਿਸ਼ਾਬ ਕਰਣਾ, ਬੱਚਿਆਂ ਦਾ ਪੜ੍ਹਾਈ ਵਿਚ ਕਮਜ਼ੋਰ ਹੋਣਾ, ਬਜ਼ੁਰਗਾਂ ਦਾ ਪਿਸ਼ਾਬ ਬਾਰ-ਬਾਰ ਆਉਣਾ
- ਜਿੱਦੀ ਛਾਈਆਂ ਵਰਗੀ ਨਾਮੁਰਾਦ ਬਿਮਾਰੀ ਤੋਂ ਹਮੇਸ਼ਾ ਲਈ ਛੁਟਕਾਰਾ ਪਾਓ। ਸਿਰ ਵਿੱਚ ਸਿਕਰੀ/dandruf ਦਾ ਹੋਣਾ
- Uric Acid ਤੋਂ ਛੁਟਕਾਰਾ
- ਲੇਡੀਜ ਦੀਆਂ ਹਰ ਤਰ੍ਹਾਂ ਦੀਆਂ ਪ੍ਰਾਬਲਮ ਜਿਵੇਂ ਮਹਾਵਾਰੀ ਅਤੇ uterus ਤੇ breast ਦੀਆ ਰਸੌਲੀਆਂ
- ਕਬਜ ਅਤੇ ਬਵਾਸੀਰ
ਗੱਠੀਆ ਜਿਵੇਂ ਹੱਥਾਂ, ਪੈਰਾਂ ਅਤੇ ਜੋੜਾਂ ਦੀ ਸੋਜ
ਡਿਪਰੈਸ਼ਨ ਦਾ ਸ਼ਰਤੀਆ ਇਲਾਜ਼: ਰਾਤ ਨੂੰ ਨੀਂਦ ਨਾ ਆਉਣਾ, ਘਬਰਾਹਟ ਹੋਣੀ, Anxiety
ਬਿਨਾ ਤਕਲੀਫ ਤੋਂ ਸ਼ਰਾਬ ਛਡੱਣ ਦਾ ਸ਼ਰਤੀਆ ਇਲਾਜ
ਕਾਲ ਕਰੋ: 647-643-7593

REXDALE FINANCIAL SERVICES
WE HELP YOU START, GROW AND SUCCEED
We bring Canada's leading lenders to you
The Mortgage Centre
I direct mortgages Inc.
21 Roysun Rd, #6, Woodbridge, ON L4L 8R3
Ph: 905.652.3000 ext 467 | 905.652.300 ext 468
Each Mortgage center is independently owned and operated
Call now: 416.674.8035 | 416.674.7050 or Fax: 416.674.9009
ਮਿਲ ਰਹੇ ਘੱਟ ਵਿਆਜ ਦਰਾਂ ਦਾ ਫਾਇਦਾ ਚੱਕੋ ਅਤੇ ਹਜ਼ਾਰਾਂ ਹੀ ਡਾਲਰ ਬਚਾਓ!
- DEBT CONSOLIDATION • HOME EQUITY
- LOANS • HOME RENOVATION
- WANT TO GET OUT OF CREDIT CARD DEBT
ਜਿਆਦਾ ਕਰਜਾ ਦੇ ਕੇ ਥੱਕ ਚੁੱਕੇ ਹੋ? ਆਪਣਾ ਕਰਜਾਂ ਚੁਕਾਓ!!!
ਬੈਂਕ ਨੇ ਕਰ ਦਿੱਤੀ 'ਨਾਂਹ', ਅਸੀਂ ਕਰਾਂਗੇ 'ਹਾਂ'
MORTGAGES SUITABLE FOR EVERY NEED!
1st & 2nd Mortgage Available
ALL IN ONE LOW MONTHLY PAYMENT!
Increase Your Cash Flow by up to 50%
YOU NEED A MORTGAGE? WE'LL ARANGE IT FOR YOU NO MATTER WHAT YOUR REASON IS!
Self Employed or Unemployed
Each Mortgage Centre is independently owned and operated
19 Woodbine Downs Blvd, #201, Etobicoke, ON M9W 6N5
Jaspal Singh Gahunia #M08006400
416.677.0047

SherGill Law Firm
Barrister, Solicitor & Notary Public
Services:
- Real Estate
- Residential, Commercial, Franchise
- Criminal Law
- Family Law
- Affidavit, Power Of Attorney & Notarization
- Immigration Matters
Paramjit Singh Gill (MBA,LL.B.)
Phone : 905-790-3636
Emergency Contact: 416.910.5676
www.shergilllawfirm.ca
2565 Steeles Ave E Unit #20, Brampton, ON L6T 4L6

# ਰਾਹੁਲ ਗਾਂਧੀ ਦੇ ਮਗਰ ਕਾਂਗਰਸ ਵਿੱਚੋਂ ਅਸਤੀਫਿਆਂ ਦਾ ਦੌਰ ਤੇਜ਼

## * ਜਯੋਤਿਰਾਦਿੱਤਿਆ ਸਿੰਧੀਆ ਤੇ ਮਿਲਿੰਦ ਦੇਵੜਾ ਵੱਲੋਂ ਵੀ ਅਸਤੀਫ਼ੇ



ਨਵੀਂ ਦਿੱਲੀ, 7 ਜੁਲਾਈ, (ਪੋਸਟ ਬਿਊਰੋ)- ਪਾਰਲੀਮੈਂਟ ਚੋਣਾਂਵਿੱਚ ਹਾਰ ਹੋਣ ਪਿੱਛੋਂ ਕਾਂਗਰਸਪਾਰਟੀ ਵਿੱਚ ਅਸਤੀਫੇ ਦੇਣ ਦਾ ਦੌਰ ਹੋਰ ਤੇਜ਼ ਹੋ ਰਿਹਾ ਹੈ। ਅੱਜ ਕਾਂਗਰਸ ਦੇ ਸੀਨੀਅਰ ਆਗੂ ਜਯੋਤਿਰਾਦਿੱਤਿਆ ਸਿੰਧੀਆ ਨੇ ਪਾਰਟੀ ਜਨਰਲ ਸਕੱਤਰ ਦੇ ਅਹੁਦੇ ਤੋਂ ਅਸਤੀਫ਼ਾ ਦੇ ਦਿੱਤਾ ਹੈ। ਉਨ੍ਹਾ ਨੇ ਇਸ ਬਾਰੇ ਕੀਤੇ ਟਵੀਟ ਵਿੱਚ ਲੋਕ ਸਭਾ ਚੋਣਾਂਦੌਰਾਨ ਹਾਰ ਦੀ ਜ਼ਿੰਮੇਵਾਰੀ ਲੈਂਦਿਆਂ ਆਪਣੇ ਇਸ ਪਾਰਟੀ ਅਹੁਦੇ ਤੋਂ ਅਸਤੀਫੇ ਦਾ ਐਲਾਨ ਕੀਤਾ ਹੈ। ਵਰਨਣ ਯੋਗ ਹੈ ਕਿ ਰਾਹੁਲ ਗਾਂਧੀ ਵੀ ਕਾਂਗਰਸ ਪ੍ਰਧਾਨ ਦੇ ਅਹੁਦੇ ਤੋਂਆਪਣਾ ਅਸਤੀਫ਼ਾ ਦੇ ਚੁੱਕੇ ਹਨ।

ਇਸ ਸੰਬੰਧ ਵਿੱਚ ਆਪਣੇ ਅਸਤੀਫ਼ੇ ਦਾ ਐਲਾਨ ਕਰਦਿਆਂ ਅੱਜ ਜਯੋਤਿਰਾਦਿੱਤਿਆ ਸਿੰਧੀਆ ਨੇ ਟਵੀਟ ਕੀਤਾ ਹੈ ਕਿ 'ਲੋਕਾਂ ਦਾ ਫ਼ੈਸਲਾ ਸਵੀਕਾਰ ਕਰਦੇ ਹੋਏ ਅਤੇ ਹਾਰ ਦੀ ਜ਼ਿੰਮੇਵਾਰੀ ਲੈਂਦੇ ਹੋਏ ਮੈਂ ਕਾਂਗਰਸ ਦੇ ਜਨਰਲ ਸਕੱਤਰ ਦੇ ਅਹੁਦੇ ਤੋਂ ਆਪਣਾ ਅਸਤੀਫ਼ਾ ਰਾਹੁਲ ਗਾਂਧੀ ਨੂੰ ਸੌਂਪ ਦਿੱਤਾ ਹੈ। ਮੈਂ ਰਾਹੁਲ ਗਾਂਧੀ ਵੱਲੋਂ ਇਹ ਜ਼ਿੰਮੇਵਾਰੀ ਮੈਨੂੰ ਸੌਂਪਣ ਤੇ ਪਾਰਟੀ ਦੀ ਸੇਵਾ ਦਾ ਮੌਕਾ ਦੇਣ ਦਾ ਧੰਨਵਾਦ ਕਰਦਾ ਹਾਂ।' ਅਸਲ ਵਿੱਚ ਲੋਕ ਸਭਾ ਚੋਣਾਂ ਵਿੱਚ ਕਾਂਗਰਸ ਦੀ ਭਾਰੀ ਹਾਰ ਹੋਣ ਵੇਲੇ ਕਾਂਗਰਸ ਦੇ ਕਈ ਸੀਨੀਅਰ ਆਗੂ ਵੀ ਆਪੋ-ਆਪਣੀ ਸੀਟ ਹਾਰ ਗਏ ਸਨ ਅਤੇਜਯੋਤਿਰਾਦਿੱਤਿਆ ਸਿੰਧੀਆ ਨੂੰ ਵੀ ਮੱਧ ਪ੍ਰਦੇਸ਼ ਦੀ ਗੁਨਾ ਸੀਟ ਤੋਂ ਹਾਰ ਝੱਲਣੀ ਪਈ ਸੀ। ਮੱਧ ਪ੍ਰਦੇਸ਼ ਦੀਆਂ ਕੁਲ 29 ਵਿੱਚੋਂ 28 ਸੀਟਾਂ ਜਿੱਤ ਕੇ ਭਾਜਪਾ ਨੇ ਕਾਂਗਰਸ ਨੂੰ ਝੰਜੋੜ ਦਿੱਤਾ ਸੀ। ਗੁਨਾ ਸੀਟ ਤੋਂਜਯੋਤਿਰਾਦਿੱਤਿਆ ਸਿੰਧੀਆ ਪਿਛਲੀਆਂ 4 ਲੋਕ ਸਭਾ ਚੋਣਾਂ ਜਿੱਤ ਚੁੱਕੇ ਸਨ ਅਤੇ ਇਸ ਸੀਟ ਨੂੰ ਕਾਂਗਰਸ ਪਾਰਟੀ ਦਾ ਗੜ੍ਹ ਮੰਨਿਆ ਜਾਂਦਾ ਸੀ। ਇਸ ਵਾਰ ਇਸੇ ਲੋਕ ਸਭਾ ਸੀਟਤੋਂਜਯੋਤਿਰਾਦਿੱਤਿਆ ਸਿੰਧੀਆ ਨੂੰ ਭਾਜਪਾ ਦੇ ਕੇ ਪੀ ਯਾਦਵ ਨੇ 1,25,549 ਵੋਟਾਂ ਨਾਲ ਹਰਾ ਦਿੱਤਾ ਸੀ।

ਦੂਸਰੇ ਪਾਸੇ ਮੁੰਬਈ ਕਾਂਗਰਸ ਪ੍ਰਧਾਨ ਮਿਲਿੰਦ ਦੇਵੜਾ ਨੇ ਅੱਜ ਐਤਵਾਰ ਆਪਣੇ ਅਹੁਦੇ ਤੋਂ ਅਸਤੀਫਾ ਦੇ ਦਿੱਤਾ ਹੈ। ਉਨ੍ਹਾਂ ਬਾਰੇ ਪਤਾ ਲੱਗਾ ਹੈ ਕਿ ਉਹ ਦਿੱਲੀ ਆ ਰਹੇ ਹਨ ਅਤੇ ਕੋਈ ਵੱਡੀ ਜ਼ਿੰਮੇਵਾਰੀ ਸੰਭਾਲਣਗੇ। 26 ਜੂਨ ਨੂੰ ਦਿੱਲੀ ਵਿਚ ਰਾਹੁਲ ਗਾਂਧੀ ਨਾਲ ਮੁਲਾਕਾਤਵੇਲੇ ਮਿਲਿੰਦ ਦੇਵੜਾ ਨੇ ਇਹ ਅਹੁਦਾ ਛੱਡਣ ਦੀ ਅਪੀਲ ਕੀਤੀ ਸੀ। ਇਸ ਦੌਰਾਨ ਮਿਲਿੰਦ ਦੇਵੜਾ ਦੇ ਦਫਤਰ ਵਲੋਂ ਜਾਰੀ ਕੀਤੇ ਗਏ ਬਿਆਨਮੁਤਾਬਕ ਇਸ ਅਸਤੀਫੇ ਬਾਰੇ ਕੁੱਲ ਹਿੰਦ ਕਾਂਗਰਸ ਕਮੇਟੀ ਦੇ ਜਨਰਲ ਸਕੱਤਰ ਮਲਿਕਾਅਰਜੁਨ ਖੜਗੇ ਅਤੇ ਕੇ ਸੀ ਵੇਣੂਗੋਪਾਲ ਨੂੰ ਦੱਸ ਦਿੱਤਾ ਗਿਆ ਹੈ। ਮਿਲਿੰਦ ਦੇਵੜਾ ਦਾ ਇਹ ਕਦਮ ਰਾਹੁਲ ਗਾਂਧੀ ਦੇ ਪ੍ਰਧਾਨ ਅਹੁਦਾ ਛੱਡਣਪਿੱਛੋਂ ਪਾਰਟੀ ਨੇ ਇਕੱਠੇ ਰੱਖਣ ਦੀ ਕੋਸ਼ਿਸ਼ ਵਜੋਂ ਦੇਖਿਆ ਜਾ ਰਿਹਾ ਹੈ।

ਪਾਰਲੀਮੈਂਟ ਚੋਣਾਂ ਤੋਂਸਿਰਫ ਇਕ ਮਹੀਨਾ ਪਹਿਲਾਂ ਹੀ ਮਿਲਿੰਦ ਦੇਵੜਾ ਨੂੰ ਮੁੰਬਈ ਕਾਂਗਰਸ ਦਾ ਪ੍ਰਧਾਨ ਬਣਾ ਕੇ ਚੋਣਾਂ ਦੀ ਜ਼ਿੰਮੇਵਾਰੀ ਸੌਂਪੀ ਗਈ ਸੀ, ਜਿਸ ਨੂੰ ਕਾਫੀ ਘੱਟ ਸਮਾਂ ਮੰਨਿਆ ਗਿਆ ਸੀ। ਇਸ ਥੋੜ੍ਹੇ ਜਿਹੇ ਕਾਰਜਕਾਲ ਵਿੱਚ ਮਿਲਿੰਦ ਦੇਵੜਾ ਨੇ ਪਾਰਟੀ ਨੇਤਾਵਾਂ ਨੂੰ ਇਕੱਠੇ ਕਰਨ ਦੀ ਕੋਸ਼ਿਸ਼ ਕੀਤੀ ਵੀ ਮੰਨੀ ਜਾਂਦੀ ਸੀ।

## 550 ਸਾਲਾ ਪ੍ਰਕਾਸ਼ ਪੁਰਬ

# ਪੰਜਾਬ ਸਰਕਾਰ ਨੇ ਅਕਾਲੀਆਂ ਤੇ ਸ਼੍ਰੋਮਣੀ ਕਮੇਟੀ ਉੱਤੇ ਸਿਆਸਤ ਖੇਡਣ ਦਾ ਦੋਸ਼ ਲਾਇਆ

## * ਪ੍ਰਧਾਨ ਮੰਤਰੀ ਨੂੰ ਸੱਦਣ ਦੇ ਢੰਗ ਉੱਤੇ ਸਖਤ ਇਤਰਾਜ਼

ਚੰਡੀਗੜ੍ਹ, 7 ਜੁਲਾਈ, (ਪੋਸਟ ਬਿਊਰੋ)- ਪੰਜਾਬ ਦੇ ਕੋਆਪਰੇਟਿਵ ਵਿਭਾਗ ਅਤੇ ਜੇਲ੍ਹਾਂ ਬਾਰੇ ਮੰਤਰੀ ਸੁਖਜਿੰਦਰ ਸਿੰਘ ਰੰਧਾਵਾ ਨੇ ਅਕਾਲ ਤਖ਼ਤ ਸਾਹਿਬ ਦੇ ਜਥੇਦਾਰ ਗਿਆਨੀ ਹਰਪ੍ਰੀਤ ਸਿੰਘ ਨੂੰ ਸ਼੍ਰੀ ਗੁਰੂ ਨਾਨਕ ਦੇਵ ਜੀ ਦੇ 550ਵੇਂ ਪ੍ਰਕਾਸ਼ ਪੁਰਬਸਮਾਗਮਾਂ ਨੂੰ ਮਨਾਉਣ ਲਈ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵਲੋਂ ਨਿਭਾਈ ਜਾ ਰਹੀ ਭੂਮਿਕਾ ਉੱਤੇ ਸਖਤ ਇਤਰਾਜ਼ ਕਰਦੀ ਹੋਈ ਇੱਕ ਚਿੱਠੀ ਲਿਖ ਦਿੱਤੀ ਹੈ। ਇਸ ਚਿੱਠੀ ਵਿੱਚ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੂੰ ਸਮਾਗਮ ਦਾ ਸੱਦਾ ਦੇਣ ਦੇ ਢੰਗ ਅਤੇ ਇਸ ਵਿੱਚ ਅਕਾਲੀ ਦਲ ਨੂੰ ਮਹੱਤਵ ਦੇਣ ਉੱਤੇ ਇਤਰਾਜ਼ ਕੀਤਾ ਗਿਆ ਹੈ। ਆਪਣੀ ਚਿੱਠੀ ਵਿਚ ਪੰਜਾਬ ਦੇ ਮੰਤਰੀ ਅਤੇ ਇਨ੍ਹਾਂ ਸਮਾਗਮਾਂ ਲਈ ਪੰਜਾਬ ਸਰਕਾਰ ਵੱਲੋਂ ਬਣਾਈ ਗਈ ਕਮੇਟੀ ਦੇ ਮੈਂਬਰ ਸੁਖਜਿੰਦਰ ਸਿੰਘ ਰੰਧਾਵਾ ਨੇ ਲਿਖਿਆ ਹੈ ਕਿ ਗੁਰੂ ਨਾਨਕ ਨਾਮ ਲੇਵਾ ਹਰ ਪ੍ਰਾਣੀ ਚਾਹੁੰਦਾ ਹੈ ਕਿ ਸਾਲ 1999 ਵਿਚ ਖਾਲਸਾ ਪੰਥ ਦੀ ਤੀਜੀ ਜਨਮ ਸ਼ਤਾਬਦੀ ਅਤੇ ਉਸ ਤੋਂ ਬਾਅਦ ਦੀਆਂ ਹੋਰ ਇਤਿਹਾਸਕ ਸ਼ਤਾਬਦੀਆਂ ਮਨਾਉਣ ਦੇ ਢੰਗ ਤੋਂ ਉਲਟ ਇਹ ਸ਼ਤਾਬਦੀ ਸਭਨਾਂ ਸਬੰਧਤ ਧਿਰਾਂ ਵਲੋਂ ਮਿਲ ਕੇ ਮਨਾਈ ਜਾਣੀ ਚਾਹੀਦੀ ਹੈ, ਪਰ ਅਫ਼ਸੋਸ ਦੇ ਨਾਲ ਸਾਨੂੰ ਆਪ ਜੀ ਦੇ ਧਿਆਨ ਵਿਚ ਲਿਆਉਣਾ ਪਿਆ ਹੈ ਕਿ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਗੋਬਿੰਦ ਸਿੰਘ ਲੌਂਗੋਵਾਲ ਇਕ ਸਿਆਸੀ ਧਿਰ ਸ਼੍ਰੋਮਣੀ ਅਕਾਲੀ ਦਲ ਦੇ ਹੱਥਾਂ ਵਿਚ ਖੇਡਦੇ ਹੋਏ ਅਕਾਲੀ ਦਲ ਦੇ ਪ੍ਰਧਾਨ ਸੁਖ਼ਬੀਰ ਸਿੰਘ ਬਾਦਲ ਦੀ ਅਗਵਾਈ ਵਾਲੇ ਵਫ਼ਦ ਦਾ ਹਿੱਸਾ ਬਣ ਕੇ ਦੇਸ਼ ਦੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੂੰ ਪ੍ਰਕਾਸ਼ ਪੁਰਬ ਸਮਾਗਮਾਂ ਵਿਚ ਸ਼ਾਮਲ ਹੋਣ ਦਾ ਸੱਦਾ ਦੇਣ ਚਲੇ ਗਏ ਸਨ। ਮੰਤਰੀ ਰੰਧਾਵਾ ਨੇ ਕਿਹਾ ਕਿ ਇਸ ਕਾਰਵਾਈ ਨਾਲ ਜਿੱਥੇ ਸਿੱਖ ਜਗਤ ਦੀ ਸਿਰਮੌਰ ਜਥੇਬੰਦੀ ਸ਼੍ਰੋਮਣੀ ਗੁਰਦੁ-ਆਰਾ ਪ੍ਰਬੰਧਕ ਕਮੇਟੀ ਦੇ ਵੱਕਾਰ ਨੂੰ ਠੇਸ ਪੁੱਜੀ, ਉਥੇ ਸ਼੍ਰੀ ਗੁਰੂ ਨਾਨਕ ਦੇਵ ਜੀ ਦੇ ਪ੍ਰਕਾਸ਼ ਪੁਰਬ ਦਾ 550ਵਾਂ ਇਤਿਹਾਸਕ ਦਿਵਸ ਰਲ ਮਿਲ ਕੇ ਮਨਾਉਣ ਲਈਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਦੇ ਯਤਨਾਂ ਨੂੰ ਢਾਹ ਲੱਗੀ ਹੈ। ਉਨ੍ਹਾਂ ਕਿਹਾ ਕਿ ਪਹਿਲੀ ਪਾਤਸ਼ਾਹੀ ਸ਼੍ਰੀ ਗੁਰੂ ਨਾਨਕ ਦੇਵ ਜੀ ਦਾ ਇਤਿਹਾਸਕ ਪ੍ਰਕਾਸ਼ ਪੁਰਬ ਪੰਜਾਬ ਵਿਚ ਮਨਾਉਣ ਲਈ ਦੋ ਹੀ ਮੁੱਖ ਧਿਰਾਂ ਹਨ, ਇਕ ਲੋਕਾਂ ਵੱਲੋਂ ਚੁਣੀ ਹੋਈ ਪੰਜਾਬ ਸਰਕਾਰ ਤੇ ਦੂਜੀ ਸਿੱਖ ਜਗਤ ਦੀ ਚੁਣੀ ਸੰਸਥਾ ਸ਼੍ਰੋਮਣੀ ਗੁਰੂਦਆਰਾ ਪ੍ਰਬੰਧਕ ਕਮੇਟੀ। ਪੰਜਾਬ ਦੇ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਦੀ ਇੱਛਾ ਹੈ ਕਿ ਇਹ ਦਿਵਸ ਸ਼੍ਰੀ ਅਕਾਲ ਤਖ਼ਤ ਸਾਹਿਬ ਦੀ ਅਗਵਾਈ ਤੇ ਰਹਿਨੁਮਾਈ ਹੇਠ ਦੋਵੇਂ ਧਿਰਾਂ ਮਿਲ ਕੇ ਮਨਾਉਣ ਤੇ ਸੂਬੇ ਦੀਆਂ ਰਾਜਸੀ, ਧਾਰਮਿਕ ਤੇ ਸਮਾਜਿਕ ਧਿਰਾਂ ਇਸ ਮਹਾਨ ਕਾਰਜ ਵਿਚ ਸਹਿਯੋਗ ਦੇਣ।

ਮੰਤਰੀ ਰੰਧਾਵਾ ਨੇ ਲਿਖਿਆ ਹੈ ਕਿ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਨੇ ਸਮੁੱਚੇ ਸਿੱਖ ਪੰਥ ਦੀ ਜਥੇਬੰਦੀ ਵਜੋਂ ਅਪਣੇ ਫ਼ਰਜ਼ ਨਿਭਾਉਣ ਦੀ ਥਾਂ ਇਕ ਸਿਆਸੀਧਿਰ ਸ਼੍ਰੋਮਣੀ ਅਕਾਲੀ ਦਲ ਦੀ ਪਿਛਲੱਗ ਬਣ ਕੇ ਸਿੱਖਾਂ ਦੀਆਂ ਭਾਵਨਾਵਾਂ ਨੂੰ ਠੇਸ ਪੁਚਾਈ ਅਤੇ ਪੰਜਾਬ ਸਰਕਾਰ ਵਲੋਂ ਬਾਬੇ ਨਾਨਕ ਦਾ ਇਤਿਹਾਸਕ ਪ੍ਰਕਾਸ਼ ਪੁਰਬ ਮਿਲ ਕੇ ਮਨਾਉਣ ਲਈ ਕੀਤੇ ਜਾ ਰਹੇ ਯਤਨਾਂ ਨੂੰ ਨੁਕਸਾਨ ਪੁਚਾਇਆ ਹੈ। ਉਨ੍ਹਾਂ ਕਿਹਾ ਕਿ ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਦੇ ਇਸ ਕਦਮ ਨਾਲ ਦੋਵਾਂ ਧਿਰਾਂ ਦਾ ਆਪਸੀ ਵਿਸ਼ਵਾਸ਼ ਤਿੜਕਿਆ ਤੇ ਬੇਲੋੜੇ ਸ਼ੱਕ ਉਭਰੇ ਹਨ। ਰੰਧਾਵਾ ਨੇ ਕਿਹਾ ਕਿ ਇਸ ਇਤਿਹਾਸਕ ਦਿਹਾੜੇ ਦੇ ਮੁੱਖ ਸਮਾਗਮ ਵਿਚ ਦੇਸ਼ ਦੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦੇ ਸ਼ਾਮਲ ਹੋਣ ਉਤੇ ਸਾਨੂੰ ਕੋਈ ਇਤਰਾਜ਼ ਨਹੀਂ, ਪਰ ਜਿਸ ਢੰਗ ਨਾਲ ਸ਼੍ਰੋਮਣੀ ਅਕਾਲੀ ਦਲ ਦੀ ਸੌੜੀ ਸਿਆਸਤ ਹੇਠਸ਼੍ਰੋਮਣੀ ਗੁਰ-ਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਇਹ ਸੱਦਾ ਦੇ ਕੇ ਆਏ ਹਨ, ਉਸ ਨਾਲ ਸਾਡੀਆਂ ਭਾਵਨਾਵਾਂ ਨੂੰ ਠੇਸ ਲੱਗੀ ਹੈ। ਇਸ ਤੋਂ ਚੰਗਾ ਇਹ ਸੀ ਕਿ ਤੁਹਾਡੇ ਨਾਲ ਹੋਣ ਵਾਲੀ ਮੁੱਖ ਮੰਤਰੀ ਦੀ ਮੀਟਿੰਗ ਵਿਚ ਜਿਨ੍ਹਾਂ ਪ੍ਰਮੁੱਖ ਰਾਜਨੀਤਕ, ਧਾਰਮਿਕ ਅਤੇ ਸਮਾਜੀ ਸ਼ਖ਼ਸੀਅਤਾਂ ਨੂੰ ਸੱਦਣ ਦਾ ਫ਼ੈਸਲਾ ਹੁੰਦਾ, ਉਨ੍ਹਾਂ ਨੂੰ ਪੰਜਾਬ ਸਰਕਾਰ ਅਤੇ ਸ਼੍ਰੋਮਣੀ ਕਮੇਟੀ ਵਲੋਂ ਸਾਂਝਾ ਸੱਦਾ ਪੱਤਰ ਭੇਜਿਆ ਜਾਂਦਾ।

# ਹੁਸ਼ਿਆਰਪੁਰ 'ਚ ਪਹਿਲਾ ਡਾ. ਰੰਧਾਵਾ ਅੰਬ ਚੂਪ ਮੇਲਾ ਸੰਪੂਰਨ



ਲੁਧਿਆਣਾ, 8 ਜੁਲਾਈ (ਪੋਸਟ ਬਿਊਰੋ): ਪੰਜਾਬੀ ਲੋਕ ਵਿਰਾਸਤ ਅਕੈਡਮੀ ਲੁਧਿਆਣਾ (ਪੰਜਾਬ ) ਤੇ ਵੈੱਬ ਨਿਊਜ਼ ਚੈਨਲ ਬਾਬੂਸ਼ਾਹੀ ਡਾਟ ਕਾਮ ਵੱਲੋਂ ਸਾਂਝੇ ਤੌਰ ਤੇ ਹੋਸ਼ਿਆਰਪੁਰ ਜ਼ਲ੍ਹਿੇ ਦੇ ਬਾਗਬਾਨੀ ਵਿਗਿਆਨੀਆਂ ਤੇ ਬਾਗਬਾਨਾਂ ਦੇ ਸਹਿਯੋਗ ਨਾਲ ਡਾ: ਅਵਤਾਰ ਸਿੰਘ ਓਠੀ ਦੇ ਸਹਿਯੋਗ ਨਾਲ ਭੁੰਗਾ,(ਹੋਸ਼ਿਆਰਪੁਰ) ਵਿਖੇ ਪਹਿਲਾ ਡਾ: ਮ ਸ ਰੰਧਾਵਾ ਅੰਬ ਚੂਪ ਮੇਲਾ ਕਰਵਾਇਆ ਗਿਆ ਜਿਸ ਚ ਲਿਖਾਰੀਆਂ,ਖਿਡਾਰੀਆਂ,ਗਾਇਕਾਂ, ਵਿਗਿਆਨੀਆਂ ਤੇ ਕਿਸਾਨਾਂ ਨੇ ਭਰਵੀਂ ਹਾਜ਼ਰੀ ਲੁਆਈ।

ਇਸ ਅੰਬ ਚੂਪ ਮੇਲੇ ਦਾ ਮਨੋਰਥ ਦੱਸਦਿਆਂ ਪੰਜਾਬੀ ਲੋਕ ਵਿਰਾਸਤ ਅਕਾਡਮੀ ਦੇ ਚੇਅਰਮੈਨ ਪ੍ਰੋ: ਗੁਰਭਜਨ ਸਿੰਘ ਗਿੱਲ ਨੇ ਦੱਸਿਆ ਕਿ ਡਾ: ਮ ਸ ਰੰਧਾਵਾ ਹਰ ਸਾਲ ਆਪਣੇ ਪਿੰਡ ਬੋਦਲਾਂ(ਗਰਨਾ ਸਾਹਿਬ) ਹੋਸ਼ਿਆਰਪੁਰ ਵਿਖੇ ਇੱਕ ਹਫ਼ਤਾ ਰਹਿ ਕੇ ਆਪਣੇ ਯਾਰ ਬੇਲੀਆਂ ਨਾਲ ਰਲ ਕੇ ਅੰਬ ਚੂਪਣ ਦੀ ਰੀਤ ਨਿਭਾਉਂਦੇ ਸਨ। ਇਸ ਦਾ ਮਨੋਰਥ ਕੁਦਰਤ ਦੇ ਨੇੜੇ ਰਹਿ ਕੇ ਭਾਈਚਾਰਕ ਸ਼ਕਤੀ ਪਰਪੱਕ ਕਰਨਾ ਸੀ। ਇਸ ਹਫ਼ਤੇ ਚ ਸ਼ਾਮਲ ਹੋਣ ਵਾਲੇ ਸਾਰੇ ਸੱਜਣ ਸਨੇਹੀ ਰੁਤਬਿਆਂ ਮਰਾਤਬਿਆਂ ਦੀ ਕਲਗੀਆਂ, ਜੁਰਾਬਾਂ, ਕਾਲੀਆਂ ਐਨਕਾਂ ਤੇ ਦਸਤਾਨੇ ਉਤਾਰ ਕੇ ਆਉਂਦੇ ਸਨ। ਇਸ ਗੱਲ ਦੀ ਹੁਣ ਵੀ ਸਖ਼ਤ ਲੋੜ ਹੈ ਕਿ ਭਾਈਚਾਰਕ ਸ਼ਕਤੀ ਨੂੰ ਮੁੜ ਜੋੜਿਆ ਜਾਵੇ ਅਤੇ ਸਮਾਜ ਦੀਆਂ ਹਾਂ-ਪੱਖੀ ਸ਼ਕਤਿਆਂ ਦਾ ਤਾਣਾਪੇਟਾ ਮਜਬੂਤ ਕੀਤਾ ਜਾਵੇ। ਇਸ ਸਮਾਗਮ ਚ ਪਦਮ ਸ਼੍ਰੀ ਕਰਤਾਰ ਸਿੰਘ ਪਹਿਲਵਾਨ, ਅਰਜੁਨਾ ਐਵਾਰਡ ਜੇਤੂ ਭਾਰਤੀ ਬਾਸਕਟਬਾਲ ਟੀਮ ਦੇ ਸੀਬਕਾ ਕਪਤਾਨ ਸੱਜਣ ਸਿੰਘ ਚੀਮਾ, ਜੀਵਨ ਸਾਥਣ ਗੁਰਸ਼ਰਨ ਕੌਰ ਢਿੱਲੋਂ ਸਮੇਤ ਜਨਰਲ ਜਸਬੀਰ ਸਿੰਘ ਢਿੱਲੋਂ, ਹਾਸ਼ਮ ਸ਼ਾਹ ਯਾਦਗਾਰੀ ਮੇਲਾ ਜਗਦੇਵ ਕਲਾਂ (ਅੰਮ੍ਰਿਤਸਰ) ਦੇ ਬਾਨੀ ਕੁਲਦੀਪ ਸਿੰਘ ਧਾਲੀਵਾਲ, ਰੁੜਕੀ ਯੂਨੀਵਰਸਿਟੀ ਦੇ ਸਾਬਕਾ ਡੀਨ ਡਾ: ਗੁਰਸ਼ਰਨ ਸਿੰਘ ਰੰਧਾਵਾ, ਪੰਜਾਬੀ ਲੇਖਕ ਜਸਬੀਰ ਸਿੰਘ ਧੀਮਾਨ(ਕੁਵੈਤ) ਤ੍ਰੈਲੋਚਨ ਲੋਚੀ, ਮਨਜਿੰਦਰ ਧਨੋਆ, ਫੋਟੋ ਕਲਾਕਾਰ ਤੇਜਪ੍ਰਤਾਪ ਸਿੰਘ ਸੰਧੂ, ਸਭਿਆਚਾਰਕ ਸੱਥ ਦੇ ਬਾਨੀ ਚੇਅਰਮੈਨ ਜਸਮੇਰ ਸਿੰਘ ਢੱਟ, ਤਰਨਜੀਤ ਸਿੰਘ ਕਿੰਨੜਾ ਮੁੱਖ ਸੰਪਾਦਕ ਸੰਗੀਤ ਦਰਪਨ ਮਾਸਿਕ ਪੱਤਰ ਫਗਵਾੜਾ, ਸਾਬਕਾ ਐਡੀਸ਼ਨਲ ਐਡਵੋਕੇਟ ਜਨਰਲ ਪੰਜਾਬ ਹਰਪ੍ਰੀਤ ਸਿੰਧ ਸੰਧੂ, ਕੁਲਦੀਪ ਸਿੰਘ ਰੇਡੀਉ ਸੁਰਸੰਗਮ ਕੈਲਗਰੀ, ਨਵਜੋਤ ਸਿੰਘ ਜਰਗ ਤੇ ਸਾਥੀ ਢਾਡੀ ਰਾਗ ਕਲਾਕਾਰ, ਜਗਦੀਸ਼ਪਾਲ ਸਿੰਘ ਗਰੇਵਾਲ ਸਰਪੰਚ ਪਿੰਡ ਦਾਦ (ਲੁਧਿਆਣਾ) ਗ਼ਜ਼ਲ ਗਾਇਕ ਗੁਰਦੀਪ ਸਿੰਘ ਸ਼ੋਰਗੜ੍ਹ(ਹੋਸ਼ਿਆਰਪੁਰ)ਡਾ: ਗੁਰਕੰਵਲ ਸਿੰਘ ਸਹੋਤਾ ਸਾਬਕਾ ਡਾਇਰੈਕਟਰ ਬਾਗਬਾਨੀ ਪੰਜਾਬ, ਡਾ:,ਚਮਨ ਲਾਲ ਵਸ਼ਿਸ਼ਟ ਡਾਇਰੈਕਟਰ ਫੈਪਰੋ, ਦੀਦਾਰ ਸਿੰਘ ਗੁਰਨਾ ਫਤਹਿਗੜ੍ਹ ਸਾਹਿਬ, ਗੁਰਜੀਤ ਸਿੰਘ ਧਨੋਆ, ਸਰਬਜੀਤ ਸਿੰਘ ਲੁਬਾਣਾ ਫਗਵਾੜਾ, ਪਰਮਿੰਦਰ ਸਿੰਘ ਬਰਿਆਨਾ, ਸਤੀਸ਼ ਜੌੜਾ ਪ੍ਰਧਾਨ ਪਰੈੱਸ ਕਲੱਬ ਟਾਂਡਾ ਤੇ ਇਲਾਕੇ ਦੇ ਪਰਮੁੱਖ ਬਾਗਬਾਨ ਸ਼ਾਮਿਲ ਸਨ।

ਇਸ ਮੌਕੇ ਬੋਲਦਿਆਂ ਬਾਬੂਸ਼ਾਹੀ ਡਾਟ ਕਾਮ ਦੇ ਐਮ ਡੀ ਬਲਜੀਤ ਬੱਲੀ ਨੇ ਡਾ: ਰੰਧਾਵਾ ਨੂੰ ਚੇਤੇ ਕਰਦਿਆਂ 1973 ਚ ਹੋਏ ਮੋਗਾ ਗੋਲੀ ਦੇ ਵਿਰੋਧ ਚ ਪੀ ਏ ਯੂ ਦੀ ਵਾਈਸਚਾਂਸਲਰ ਸ਼ਿਪ ਤੋਂ ਅਸਤੀਫ਼ਾ ਦੇਣ ਦੀ ਗੱਲ ਵੀ ਸੁਣਾਈ। ਪੰਜਾਬੀ ਪੱਤਰਕਾਰੀ ਨੂੰ ਪੰਜਾਬੀ ਟ੍ਰਿਬਿਊਨ ਵਰਗੇ ਅਖ਼ਬਾਰ ਦਾ ਤੋਹਫਾ ਵੀ ਉਨ੍ਹਾਂ ਦੀ ਹੀ ਦੇਣ ਸੀ।

ਪੰਜਾਬ ਦੇ ਸਰਬਪੱਖੀ ਵਿਕਾਸ ਦੇ ਹਵਾਲੇ ਨਾਲ ਬਲਜੀਤ ਬੱਲੀ ਨੇ ਦੱਸਿਆ ਕਿ ਦੇਸ਼ ਵੰਡ ਵੇਲੇ ਉਹ ਦਿੱਲੀ ਦੇ ਡਿਪਟੀ ਕਮਿਸ਼ਨਰ ਸਨ ਅਤੇ ਮਗਰੋਂ ਡਿਪਟੀ ਡਾਇਰੈਕਟਰ ਜਨਰਲ ਮੁੜ ਵਸੇਬਾ ਬਣੇ। 1947 ਚ ਪਾਕਿਸਤਾਨ ਬਣਨ ਉਪਰੰਤ ਰਾਵੀ ਪਾਰੋਂ ਉੱਜੜ ਕੇ ਆਏ ਲੋਕਾਂ ਨੂੰ ਥਾਂ ਸਿਰ ਵਸਾਉਣਾ ਸੌਖੀ ਗੱਲ ਨਹੀਂ ਸੀ। ਪੰਜਾਬ ਚ ਮੁਰੱਬੇਬੰਦੀ, ਗਾਰਡਨ ਕਾਲੋਨੀਆਂ ਦਾ ਵਿਕਾਸ, ਨਵੀਆਂ ਮੰਡੀ ਟਾਊਨਸ਼ਿਪਸ, ਸ਼ਿੰਗਾਰ ਰੁੱਖਾਂ ਦੀ ਪੰਜਾਬ ਚ ਆਮਦ, ਪੇਂਡੂ ਖੇਤਰਾਂ ਚ ਸਿੱਖਿਆ ਅਦਾਰੇ ਤੇ ਲਾਇਬਰੇਰੀ ਲਹਿਰ ਉਨ੍ਹਾਂ ਦੀ ਹੀ ਸੋਚ ਸਦਕਾ ਸੀ। ਲੁਧਿਆਣਾ ਤੋਂ ਗਏ ਹਰਪ੍ਰੀਤ ਸਿੰਘ ਐਡਵੋਕੇਟ ਨੇ 21 ਮਹੱਤਵਪੂਰਨ ਸ਼ਖਸੀਅਤਾਂ ਤੇ ਸੰਸਥਾਵਾਂ ਨੂੰ ਪਿੱਪਲ ਦੇ 21 ਬੂਟੇ ਵੰਡੇ।

ਲੈਫਟੀਨੈਂਟ ਜਨਰਲ ਜਸਬੀਰ ਸਿੰਘ ਢਿੱਲੋਂ ਨੇ ਭੂਆ ਦੇ ਪਿੰਡ ਚੂਪੇ ਅੰਬਾਂ ਤੋਂ ਲੈ ਕੇ ਕਲਕੱਤੇ ਚ ਜਰਨੈਲੀ ਕਰਦਿਆਂ ਅੰਬਾਂ ਦੀ ਵਾਰਤਾ ਸੁਣਾਈ।

ਡਾ: ਗੁਰਕੰਵਲ ਸਿੰਘ ਸਹੋਤਾ ਨੇ ਡਾ: ਰੰਧਾਵਾ ਵੱਲੋਂ ਇਸ ਇਲਾਕੇ ਚ ਖੁਲਵਾਏ ਖਾਲਸਾ ਕਾਲਿਜ ਗੜ੍ਹਦੀਵਾਲਾ ਦੇ ਹਵਾਲੇ ਨਾਲ ਦੱਸਿਆ ਕਿ ਉਹ ਸਮਦ੍ਰਿਸ਼ਟੀਵੇਤਾ ਇਨਸਾਨ ਸਨ।

ਕੰਡੀ ਵਿਕਾਸ ਦੇ ਨਾਮ ਤੇ ਬਣੇ ਡੈਮਾਂ ਨਾਲ ਇਸ ਇਲਾਕੇ ਨੂੰ ਦਰਪੇਸ਼ ਸਮੱਸਿਆਵਾਂ ਤੇ ਵੀ ਉਨ੍ਹਾਂ ਚਾਨਣਾ ਪਾਇਆ ਤੇ ਕਿਹਾ ਕਿ ਪਾਣੀ ਪੱਧਰ ਨੀਵਾਂ ਜਾਣ ਨਾਲ ਅੰਬਾਂ ਦੇ ਬਾਗ ਸੁੱਕ ਮੁੱਕ ਰਹੇ ਹਨ। ਤੁਰੰਤ ਧਿਆਨ ਲਈ ਡਾ: ਕਾਹਨ ਸਿੰਘ ਪੰਨੂ ਜੀ ਨਾਲ ਮੁਲਾਕਾਤ ਕੀਤੀ ਗਈ ਹੈ। ਡਾ: ਚਮਨ ਲਾਲ ਵਸ਼ਿਸ਼ਟ ਨੇ ਵੀ ਫੈਪਰੋ ਵੱਲੋਂ ਚੰਗੇ ਕਿਸਾਨ ਸਿਖਲਾਈ ਲਈ ਜੋੜਨ ਦੀ ਅਪੀਲ ਕੀਤੀ।

ਮੁੱਖ ਮੇਜ਼ਬਾਨ ਡਾ: ਅਵਤਾਰ ਸਿੰਘ ਓਠੀ ਨੇ ਮੇਲੇ ਚ ਆਏ ਸਾਰੇ ਮਹਿਮਾਨਾਂ ਦਾ ਧੰਨਵਾਦ ਕੀਤਾ। ਉਨ੍ਹਾਂ ਕਿਹਾ ਕਿ ਇਸ ਮੇਲੇ ਨੂੰ ਸਾਲਾਨਾ ਯਾਦਗਾਰੀ ਮੇਲੇ ਤ ਤਬਦੀਲ ਕੀਤਾ ਜਾਵੇਗਾ। ਇਸ ਮੌਕੇ ਇਲਾਕੇ ਦੇ ਪਰਮੁੱਖ ਬਾਗਬਾਨ ਅਵਤਾਰ ਸਿੰਘ ਫਗਵਾੜਾ,ਅਮਨਦੀਪ ਸਿੰਘ ਢਿੱਲੋਂ , ਦਿਲਦੀਪ ਸਿੰਘ ਢਿੱਲੋਂ ਖੜਿਆਲਾ(ਹੋਸ਼ਿਆਰਪੁਰ) ਹਰਪ੍ਰੀਤ ਸਿੰਘ ਬੰਗਾ, ਰੋਹਿਤ ਸ਼ਰਮਾ ਭੁੰਗਾ,ਭਜਨ ਸਿੰਘ ਖਾਨਪੁਰ, ਹਰਕਮਲ ਸਿੰਘ ਹੁਸੈਨਪੁਰ, ਗੁਰਪ੍ਰੀਤ ਸਿੰਘ ਭੜੀ, ਮਨਪ੍ਰੀਤ ਸਿੰਘ ਘੁੰਗਰਾਲੀ ਰਾਜਪੂਤਾਂ, ਜਸਪਾਲ ਦਾਸ ਲਸਾੜਾ, ਅਸ਼ਵਨੀ ਪੀ ਟੀ ਸੀ ਹੋਸ਼ਿਆਰਪੁਰ,ਜਸਪਾਲ ਸਿੰਘ ਤੇ ਦੀਦਾਰ ਸਿੰਘ ਬਾਬੂਸ਼ਾਹੀ ਡਾਟ ਕਾਮ ਵੀ ਹਾਜ਼ਰ ਸਨ।

# ਹਾਂਗਕਾਂਗ ਵਿੱਚ ਲੋਕਾਂ ਵੱਲੋਂ ਪਹਿਲੀ ਵਾਰ ਚੀਨ ਦੇ ਟੂਰਿਸਟਾਂ ਅੱਗੇ ਰੋਸ ਪ੍ਰਦਰਸ਼ਨ

ਹਾਂਗਕਾਂਗ, 7 ਜੁਲਾਈ, (ਪੋਸਟ ਬਿਊਰੋ)- ਹਾਂਗਕਾਂਗ ਵਿੱਚਪੇਸ਼ ਕੀਤੇ ਜਾ ਰਹੇ ਨਵੇਂ ਹਵਾਲਗੀ ਕਾਨੂੰਨ ਦੇ ਵਿਰੋਧ ਬਾਰੇ ਅੱਜ ਐਤਵਾਰ ਨੂੰ ਫਿਰ ਹਜ਼ਾਰਾਂ ਲੋਕ ਸੜਕਾਂ ਉੱਤੇਨਿਕਲ ਆਏ ਅਤੇ ਇਸ ਵਾਰ ਉਨ੍ਹਾਂ ਨੇਚੀਨ ਵਿੱਚੋਂ ਹਾਂਗਕਾਂਗ ਆਏ ਟੂਰਿਸਟਾਂ ਨੂੰ ਆਪਣੇ ਵਿਰੋਧ ਤੋਂ ਜਾਣੂ ਕਰਾਉਣਾ ਚਾਹਿਆ ਹੈ। ਇਨ੍ਹਾਂ ਲੋਕਾਂ ਦਾ ਕਹਿਣਾ ਹੈ ਕਿ ਉਨ੍ਹਾਂ ਵੱਲੋਂ ਵਿਰੋਧ ਦੀਆਂ ਖ਼ਬਰਾਂ ਨੂੰ ਚੀਨ ਵਿੱਚ ਬਲਾਕ ਕਰ ਦਿੱਤਾ ਗਿਆ ਤੇ ਚੀਨੀ ਲੋਕ ਇਸ ਤੋਂ ਪੂਰੀ ਤਰ੍ਹਾਂ ਅਣਜਾਣ ਹਨ, ਜਿਨ੍ਹਾਂ ਤਕ ਆਪਣੀ ਗੱਲ ਪੁਚਾਉਣ ਲਈ ਲੋਕਾਂ ਨੇ ਸਭ ਤੋਂ ਪ੍ਰਮੁੱਖ ਸੈਰ ਸਪਾਟਾ ਖੇਤਰ ਸਿਮ ਸਾ ਸੂਈ ਵਿੱਚ ਮਾਰਚ ਕੀਤਾ ਹੈ।

ਵਰਨਣ ਯੋਗ ਹੈ ਕਿ ਹਾਂਗਕਾਂਗ ਦੀ ਨੇਤਾ ਕੈਰੀ ਲੈਮ ਵੱਲੋਂ ਪ੍ਰਸਤਾਵਿਤ ਕੀਤੇ ਗਏ ਬਿੱਲ ਵਿੱਚਅਪਰਾਧੀਆਂ ਅਤੇ ਸ਼ੱਕੀ ਲੋਕਾਂ ਨੂੰ ਮੁਕੱਦਮੇ ਚਲਾਉਣ ਲਈ ਸਿੱਧਾ ਚੀਨ ਭੇਜਣ ਦੀ ਵਿਵਸਥਾ ਹੈ। ਹਾਂਗਕਾਂਗ ਦੇ ਲੋਕ ਇਸ ਨੂੰ ਆਪਣੇ ਦੇਸ਼ ਦੀ ਖ਼ੁਦਮੁਖ਼ਤਾਰੀਨੂੰ ਖ਼ਤਰਾ ਮੰਨਦੇ ਹਨ। ਇਸੇ ਲਈ ਬੀਤੇ ਕਈ ਹਫ਼ਤਿਆਂ ਤੋਂ ਹਜ਼ਾਰਾਂ ਲੋਕ ਇਸ ਬਿੱਲ ਦਾ ਵਿਰੋਧ ਕਰ ਰਹੇ ਹਨ। ਇਨ੍ਹਾਂ ਵਿਰੋਧ ਪ੍ਰਦਰਸ਼ਨਾਂ ਦੇ ਦਬਾਅ ਵਿੱਚ ਕੈਰੀ ਲੈਮ ਨੇ ਬਿੱਲ ਮੁਲਤਵੀ ਕਰ ਦਿੱਤਾ, ਪਰ ਲੋਕ ਇਸ ਦੇ ਨਾਲ ਸੰਤੁਸ਼ਟ ਨਹੀਂ ਹੋਏ ਅਤੇ ਉਹ ਇਸ ਬਿੱਲ ਨੂੰ ਰੱਦ ਕਰਨ ਦੀ ਮੰਗ ਕਰ ਰਹੇ ਹਨ।

ਇਨ੍ਹਾਂ ਦਿਨਾਂ ਵਿੱਚ ਖ਼ੁਦਮੁਖ਼ਤਾਰ ਹਾਂਗਕਾਂਗ ਵਿੱਚ ਹੋ ਰਿਹਾ ਵਿਰੋਧ ਪ੍ਰਦਰਸ਼ਨ 1989 ਵਿੱਚਚੀਨ ਦੀ ਰਾਜਧਾਨੀ ਬੀਜਿੰਗ ਦੇ ਤਿਆਨਮਿਨ ਚੌਕਵਿਖੇ ਲੋਕਤੰਤਰ ਸਮਰਥਕਾਂ ਵੱਲੋਂ ਕੀਤੇ ਗਏ ਪ੍ਰਦਰਸ਼ਨ ਤੋਂ ਬਾਅਦ ਸਭ ਤੋਂ ਵੱਡਾ ਵਿਰੋਧ ਪ੍ਰਦਰਸ਼ਨ ਕਿਹਾ ਜਾ ਰਿਹਾ ਹੈ ਤੇ ਇਹ ਚੀਨ ਸਰਕਾਰ ਲਈ ਚੁਣੌਤੀ ਬਣ ਗਿਆ ਹੈ। ਲੋਕਾਂ ਦਾ ਕਹਿਣਾ ਹੈ ਕਿ ਉਹ ਚੀਨੀ ਟੂਰਿਸਟਾਂ ਰਾਹੀਂ ਚੀਨ ਤਕ ਆਪਣੇ ਵਿਰੋਧ ਦੀ ਗੱਲ ਪੁਚਾਉਣਾ ਚਾਹੁੰਦੇ ਹਨ।









# ਰਮਾਇਣ ਪੜ੍ਹਨ ਉੱਤੇ ਮੁਸਲਿਮ ਨੂੰ ਉਸ ਦੇ ਭਾਈਚਾਰੇ ਵਾਲਿਆਂ ਨੇ ਕੁੱਟਿਆ

ਅਲੀਗੜ੍ਹ, 7 ਜੁਲਾਈ (ਪੋਸਟ ਬਿਊਰੋ)- ਰਮਾਇਣ ਪੜ੍ਹਨ ਉੱਤੇ ਇੱਕ ਮੁਸਲਿਮ ਸ਼ਰਧਾਲੂ ਨੂੰ ਕੁੱਟਣ ਦੇ ਮਾਮਲੇ ਵਿਚ ਪੁਲਿਸ ਨੇ ਦੋ ਦੋਸ਼ੀ ਗ੍ਰਿਫ਼ਤਾਰ ਕਰ ਕੇ ਜੇਲ੍ਹ ਭੇਜੇ ਹਨ। ਅਲੀਗੜ੍ਹ ਵਿਚ ਵੀਰਵਾਰ ਨੂੰ ਆਪਣੇ ਘਰ ਵਿਚ ਰਮਾਇਣ ਪੜ੍ਹਦੇ ਮੁਸਲਿਮ ਸ਼ਰਧਾਲੂ ਨੂੰ ਉਸ ਦੇ ਭਾਈਚਾਰੇ ਦੇ ਲੋਕਾਂ ਨੇ ਕੁੱਟਿਆ ਅਤੇ ਹਾਰਮੋਨੀਅਮ ਵੀ ਤੋੜ ਦਿੱਤਾ ਸੀ। ਦੋਸ਼ੀ ਧਰਮ ਗ੍ਰੰਥ (ਰਾਮ ਚਰਿਤ ਮਾਨਸ) ਵੀ ਚੁੱਕ ਕੇ ਆਪਣੇ ਨਾਲ ਲੈ ਗਏ ਅਤੇ ਜਾਨ ਤੋਂ ਮਾਰਨ ਦੀ ਧਮਕੀ ਵੀ ਦਿੱਤੀ।

ਅਲੀਗੜ੍ਹ ਦੇ ਮਹਿਫੂਜ਼ ਨਗਰ ਦਾ ਦਿਲਸ਼ੇਰ (55) ਇਕ ਮੀਟ ਫੈਕਟਰੀ ਦਾ ਸਕਿਓਰਿਟੀ ਗਾਰਡ ਹੈ। ਵੀਰਵਾਰ ਸਵੇਰੇ ਉਹ ਆਪਣੇ ਘਰ ਰਮਾਇਣ ਦਾ ਪਾਠ ਕਰ ਰਿਹਾ ਸੀ ਅਤੇ ਦੋਸ਼ ਹੈ ਕਿ ਇਸ ਦੌਰਾਨ ਸਮੀਰ ਅਤੇ ਜ਼ਾਕਿਰ ਸਮੇਤ ਕੁਝ ਨੌਜਵਾਨ ਉਸ ਦੇ ਘਰ ਵਿੱਚ ਦਾਖਲ ਹੋਏ ਤੇ ਗਾਲ੍ਹਾਂ ਕੱਢਦੇ ਹੋਏ ਕੁੱਟਮਾਰ ਕਰਨ ਲੱਗੇ। ਦਿਲਸ਼ੇਰ ਨੇ ਪੁਲਿਸ ਨੂੰ ਇਸ ਦੀ ਸ਼ਿਕਾਇਤ ਕੀਤੀ। ਮਾਮਲਾ ਐੱਸ ਐੱਸ ਪੀ ਤਕ ਪੁੱਜਾ ਅਤੇ ਉਨ੍ਹਾਂ ਦੇ ਹੁਕਮ ਉੱਤੇ ਰਿਪੋਰਟ ਦਰਜ ਹੋਈ। ਪੁਲਿਸ ਨੇ ਸਮੀਰ ਤੇ ਜ਼ਾਕਿਰ ਨੂੰ ਗ੍ਰਿਫ਼ਤਾਰ ਕਰ ਕੇ ਜੇਲ੍ਹ ਭੇਜ ਦਿੱਤਾ ਅਤੇ ਹੋਰ ਹਮਲਾਵਰਾਂ ਦੀ ਭਾਲ ਕਰ ਰਹੀ ਹੈ। ਵਰਨਣ ਯੋਗ ਹੈ ਕਿ ਦਿਲਸ਼ੇਰ ਰੋਜ਼ ਸਵੇਰੇ ਨਹਾਉਣ ਪਿੱਛੋਂ ਰਮਾਇਣ ਦਾ ਪਾਠ ਕਰਦਾ ਸੀ। ਸਾਰੀਆਂ ਚੌਪਾਈਆਂ ਉਨ੍ਹਾਂ ਨੂੰ ਯਾਦ ਸਨ। ਉਹ ਗੀਤਾ ਵੀ ਪੜ੍ਹਦਾ ਹੈ। ਉਸ ਨੇ ਕਿਹਾ ਕਿ 1979 ਤੋਂ ਰਮਾਇਣ ਦਾ ਪਾਠ ਕਰ ਰਿਹਾ ਹੈ, ਇਸ ਤੋਂ ਉਸ ਦੇ ਮਨ ਨੂੰ ਸਕੂਨ ਮਿਲਦਾ ਹੈ, ਕੁਝ ਲੋਕ ਉਸ ਦੇ ਰਮਾਇਣ ਪੜ੍ਹਨ ਦਾ ਵਿਰੋਧ ਤੇ ਧਮਕਾਉਂਦੇ ਸਨ।

# 70 ਲੱਖ ਲੈ ਕੇ ਲਾੜੀ ਫਰਾਰ, ਪਰਵਾਰ ਨੇ ਜ਼ਹਿਰ ਖਾਧਾ, ਸੱਸ-ਸਹੁਰੇ ਦੀ ਮੌਤ, ਪਤੀ ਗੰਭੀਰ

ਫਗਵਾੜਾ, 7 ਜੁਲਾਈ (ਪੋਸਟ ਬਿਊਰੋ)- ਜ਼ਿਲ੍ਹਾ ਸ਼ਹੀਦ ਭਗਤ ਸਿੰਘ ਨਗਰ ਦੇ ਪਿੰਡ ਘੁੰਮਣਾਂ ਪਤੀ, ਪਤਨੀ ਅਤੇ ਉਸ ਦੇ ਬੇਟੇ ਨੇ ਸ਼ੱਕੀ ਹਾਲਾਤ ਵਿੱਚ ਜ਼ਹਿਰ ਨਿਗਲ ਲਿਆ। ਪਤੀ ਪਤਨੀ ਦੀ ਮੌਤ ਹੋ ਗਈ ਅਤੇ ਬੇਟੇ ਦੀ ਹਾਲਤ ਗੰਭੀਰ ਬਣੀ ਹੋਈ ਹੈ। ਦੱਸਿਆ ਗਿਆ ਹੈ ਕਿ ਜੋੜੇ ਦੇ ਬੇਟੇ ਨੇ ਐੱਨ ਆਰ ਆਈ ਲੜਕੀ ਨਾਲ ਵਿਆਹ ਕੀਤਾ ਸੀ। ਵਿਆਹ ਦੇ ਬਾਅਦ ਸੱਤਰ ਲੱਖ ਰੁਪਏ ਲੈ ਕੇ ਲੜਕੀ ਕੈਨੇਡਾ ਚਲੀ ਗਈ, ਜਿਸ ਤੋਂ ਪਰਵਾਰ ਪ੍ਰੇਸ਼ਾਨ ਸੀ।

ਪਤਾ ਲੱਗਾ ਹੈ ਕਿ ਪਿੰਡ ਘੁੰਮਣਾਂ ਦੇ ਸੋਢੀ ਰਾਮ ਪੁੱਤਰ ਮਿਲਖੀ ਰਾਮ, ਉਸ ਦੀ ਪਤਨੀ ਮਹਿੰਦਰ ਕੌਰ ਉਰਫ ਛਿੰਦੋ ਤੇ ਬੇਟੇ ਪ੍ਰਿੰਸ ਨੇ ਜ਼ਹਿਰ ਨਿਗਲ ਲਿਆ। ਸੋਢੀ ਰਾਮ ਤੇ ਮਹਿੰਦਰ ਕੌਰ ਦੀ ਮੌਤ ਹੋ ਗਈ। ਬੇਟੇ ਪ੍ਰਿੰਸ ਦੀ ਹਾਲਤ ਗੰਭੀਰ ਬਣੀ ਹੋਈ ਹੈ, ਜਿਸ ਦਾ ਜਲੰਧਰ ਦੇ ਇੱਕ ਹਸਪਤਾਲ ਵਿੱਚ ਇਲਾਜ ਚੱਲਦਾ ਹੈ। ਜ਼ਹਿਰ ਨਿਗਲਣ ਦੇ ਕਾਰਨ ਦਾ ਪਤਾ ਨਹੀਂ ਲੱਗ ਸਕਿਆ। ਲੋਕਾਂ ਵਿੱਚ ਚਰਚਾ ਹੈ ਕਿ ਪ੍ਰਿੰਸ ਨੇ ਇੱਕ ਐਨ ਆਰ ਆਈ ਲੜਕੀ ਨਾਲ ਕੋਰਟ ਮੈਰਿਜ ਕੀਤੀ ਸੀ। ਉਸ ਲੜਕੀ ਨੇ ਪ੍ਰਿੰਸ ਦੇ ਪਰਵਾਰ ਨੂੰ ਕੈਨੇਡਾ ਵਿੱਚ ਸੈਟਲ ਕਰਾਉਣ ਦੀ ਗੱਲ ਕਹੀ ਸੀ। ਇਸ ਪਿੱਛੋਂ ਪ੍ਰਿੰਸ ਦੇ ਪਰਵਾਰ ਨੇ ਆਪਣਾ ਸਭ ਕੁਝ ਵੇਚ ਕੇ ਕੈਨੇਡਾ ਜਾਣ ਲਈ 70 ਲੱਖ ਰੁਪਏ ਇਕੱਠੇ ਕੀਤੇ ਸਨ। ਫਿਰ ਲੜਕੀ ਧੋਖੇ ਨਾਲ ਸੱਤਰ ਲੱਖ ਲੈ ਕੇ ਫਰਾਰ ਹੋ ਗਈ। ਇਸ ਗੱਲ ਦੀ ਨਾ ਪੀੜਤਾਂ ਦੇ ਕਿਸੇ ਪਰਵਾਰਕ ਮੈਂਬਰ ਨੇ ਪੁਸ਼ਟੀ ਕੀਤੀ ਹੈ ਅਤੇ ਨਾ ਕਿਸੇ ਪੁਲਸ ਅਧਿਕਾਰੀ ਨੇ। ਬਹਿਰਾਮ ਪੁਲਸ ਦਾ ਕਹਿਣਾ ਸੀ ਕਿ ਘਟਨਾ ਦੀ ਜਾਂਚ ਹੋ ਰਹੀ ਹੈ। ਜ਼ਹਿਰ ਨਿਗਲਣ ਦੇ ਕਾਰਨਾਂ ਦਾ ਪਤਾ ਨਹੀਂ ਲੱਗ ਸਕਿਆ ਹੈ। ਪੁਲਸ ਮੁਤਾਬਕ ਸਥਿਤੀ ਸਪੱਸ਼ਟ ਹੋਣ ਦੇ ਬਾਅਦ ਹੀ ਮਾਮਲੇ ਵਿੱਚ ਕਾਰਵਾਈ ਕੀਤੀ ਜਾਏਗੀ।

# ਇੱਕੋ ਪਰਵਾਰ ਦੇ 5 ਮੈਂਬਰਾਂ ਦੀਆਂ ਲਾਸ਼ਾਂ ਮਿਲੀਆਂ, ਮੂੰਹ ਉੱਤੇ ਚਿਪਕਾਈ ਸੀ ਕਾਲੀ ਟੇਪ

ਗਾਜ਼ੀਆਬਾਦ, 7 ਜੁਲਾਈ (ਪੋਸਟ ਬਿਊਰੋ)- ਇਸ ਜ਼ਿਲੇ ਦੇ ਮਸੂਰੀ ਵਿੱਚ ਕੱਲ੍ਹ ਇਕੋ ਪਰਵਾਰ ਦੇ ਪੰਜ ਮੈਂਬਰਾਂ ਦੀ ਮੌਤ ਹੋਣ ਦੀ ਖ਼ਬਰ ਮਿਲੀ ਹੈ। ਪੁਲਿਸ ਮੁਤਾਬਕ ਸਵੇਰੇ ਨਿਊ ਸ਼ਤਾਬਦੀਪੁਰਮ ਵਿਚ ਇਕ ਘਰ ਤੋਂ ਪਤੀ ਅਤੇ ਉਸ ਦੇ ਤਿੰਨ ਬੱਚਿਆਂ ਦੀਆਂ ਲਾਸ਼ਾਂ ਮਿਲੀਆਂ ਹਨ, ਚਾਰਾਂ ਦੇ ਮੂੰਹ ਉੱਤੇ ਕਾਲੀ ਟੇਪ ਲੱਗੀ ਹੋਈ ਸੀ। ਮ੍ਰਿਤਕ ਦੀ ਪਤਨੀ ਜ਼ਖ਼ਮੀ ਹੋਈ ਤੜਫ਼ ਰਹੀ ਸੀ। ਉਸ ਨੂੰ ਹਸਪਤਾਲ ਭਰਤੀ ਕਰਾਇਆ ਗਿਆ, ਜਿੱਥੇ ਉਸ ਦੀ ਮੌਤ ਹੋ ਗਈ। ਇਸ ਬਾਰੇ ਪੁਲਿਸ ਨੇ ਦੱਸਿਆ ਕਿ ਸਵੇਰੇ 5:40 ਵਜੇ ਦੇ ਕਰੀਬ ਸੂਚਨਾ ਮਿਲੀ ਸੀ ਕਿ ਇਕ ਸ਼ਖਸ ਨੇ ਖ਼ੁਦਕੁਸ਼ੀ ਕਰ ਲਈ ਹੈ। ਪੁਲਿਸ ਟੀਮ ਓਥੇ ਪਹੁੰਚੀ ਅਤੇ ਦਰਵਾਜ਼ਾ ਤੋੜਿਆ ਤਾਂ ਘਰ ਦੇ ਅੰਦਰੋਂ 3 ਛੋਟੀਆਂ ਬੱਚੀਆਂ ਦੀਆਂ ਲਾਸ਼ਾਂ ਮਿਲੀਆਂ, ਜਿਨ੍ਹਾਂ ਦੀ ਉਮਰ 3 ਸਾਲ, 5 ਸਾਲ ਅਤੇ 8 ਸਾਲ ਸੀ। ਇਕ ਔਰਤ, ਜਿਸ ਦੇ ਸਿਰ ਉਤੇ ਵਾਰ ਕੀਤਾ ਗਿਆ ਸੀ, ਤੜਫ ਰਹੀ ਸੀ। ਦੱਸਿਆ ਗਿਆ ਕਿ ਇਕ 37 ਸਾਲਾ ਵਿਅਕਤੀ ਪ੍ਰਦੀਪ ਨੇ ਮੂੰਹ ਉੱਤੇ ਟੇਪ ਬੰਨ੍ਹ ਕੇ ਅਪਣੇ ਬੱਚਿਆਂ ਦਾ ਕਤਲ ਕੀਤਾ, ਫਿਰ ਅਪਣੀ ਪਤਨੀ ਨੂੰ ਹਥੌੜੇ ਨਾਲ ਮਾਰਿਆ ਤੇ ਅਖੀਰ ਖ਼ੁਦ ਕਾਲੀ ਟੇਪ ਮੂੰਹ ਉੱਤੇ ਲਾ ਕੇ ਖ਼ੁਦਕੁਸ਼ੀ ਕਰ ਲਈ। ਗਾਜ਼ੀਆਬਾਦ ਦੇ ਐਸ ਐਸ ਪੀ ਨੇ ਕਿਹਾ ਕਿ ਮੌਕੇ ਤੋਂ ਸੁਸਾਈਡ ਨੋਟ ਮਿਲਿਆ ਹੈ, ਜਿਸ ਦੀ ਜਾਂਚ ਕੀਤੀ ਜਾ ਰਹੀ ਹੈ। ਇਸ ਨੋਟ ਵਿਚ ਸ਼ੱਕ ਦੀ ਗੱਲ ਕੀਤੀ ਗਈ ਹੈ। ਗੁਆਂਢੀਆਂ ਨੇ ਦੱਸਿਆ ਕਿ ਪ੍ਰਦੀਪ ਸ਼ਰਾਬ ਵੀ ਪੀਂਦਾ ਸੀ, ਜਿਸ ਕਾਰਨ ਲੜਾਈ ਹੁੰਦੀ ਸੀ। ਕੁਝ ਦਿਨ ਪਹਿਲਾਂ ਪ੍ਰਦੀਪ ਨੇ ਪ੍ਰਾਈਵੇਟ ਨੌਕਰੀ ਸ਼ੁਰੂ ਕੀਤੀ ਸੀ। ਪਤਨੀ ਨਸ਼ਾ ਛੁਡਾਊ ਕੇਂਦਰ ਦੀ ਨੌਕਰੀ ਕਰਦੀ ਸੀ। ਪਤਾ ਲੱਗਾ ਹੈ ਕਿ 42 ਸਾਲਾ ਪ੍ਰਦੀਪ ਅਪਣੇ ਮਾਤਾ-ਪਿਤਾ, ਭੈਣ, ਪਤਨੀ ਤੇ ਤਿੰਨ ਬੱਚਿਆਂ ਨਾਲ ਥਾਣਾ ਮਸੂਰੀ ਇਲਾਕੇ ਦੀ ਨਿਊ ਸ਼ਤਾਬਦੀਪੁਰਮ ਕਲੋਨੀ ਵਿਚ ਪਿਛਲੇ ਕਾਫ਼ੀ ਸਮਾਂ ਤੋਂ ਰਹਿ ਰਿਹਾ ਸੀ। ਪ੍ਰਦੀਪ, ਉਸ ਦੀ ਪਤਨੀ ਤੇ ਤਿੰਨੇ ਬੱਚੇ ਅਪਣੇ ਕਮਰੇ ਵਿਚ ਸੁੱਤੇ ਸਨ। ਸ਼ੁੱਕਰਵਾਰ ਸਵੇਰੇ ਜਦੋਂ ਉਨ੍ਹਾਂ ਦੇ ਕਮਰੇ ਦਾ ਦਰਵਾਜ਼ਾ ਨਹੀਂ ਖੁੱਲ੍ਹਾ ਅਤੇ ਕੋਈ ਹਲਚਲ ਨਹੀਂ ਵਿਖਾਈ ਦਿਤੀ ਤਾਂ ਘਰ ਦੇ ਹੋਰ ਲੋਕਾਂ ਨੇ ਦਰਵਾਜ਼ਾ ਖੜਕਾਇਆ, ਪਰ ਉਨ੍ਹਾਂ ਨੂੰ ਅੰਦਰੋਂ ਕੋਈ ਜਵਾਬ ਨਹੀਂ ਮਿਲਿਆ ਤਾਂ ਉਨ੍ਹਾਂ ਨੂੰ ਸ਼ੱਕ ਹੋਇਆ। ਉਨ੍ਹਾਂ ਨੇ ਖਿੜਕੀ ਰਾਹੀਂ ਵੇਖਿਆ ਤਾਂ ਬਿਸਤਰੇ ਉਤੇ ਪ੍ਰਦੀਪ ਅਤੇ ਉਸ ਦੀਆਂ ਤਿੰਨਾਂ ਬੱਚੀਆਂ ਦੀਆਂ ਲਾਸ਼ਾਂ ਪਈਆਂ ਸਨ। ਸਾਰਿਆਂ ਦੇ ਮੂੰਹ ਉਤੇ ਲਗਭੱਗ 4 ਇੰਚ ਚੌੜੀ ਕਾਲੀ ਟੇਪ ਬੁਰੀ ਤਰ੍ਹਾਂ ਚਿਪਕਾਈ ਹੋਈ ਸੀ ਤੇ ਉਸ ਦੀ 40 ਸਾਲਾ ਪਤਨੀ ਸੰਗੀਤਾ ਬਿਸਤਰੇ ਤੋਂ ਹੇਠਾਂ ਲਹੂ ਲੁਹਾਨ ਹਾਲਤ ਵਿਚ ਪਈ ਸੀ।

# ਹਿਰੇਨ ਪਾਂਡਿਆ ਕਤਲ ਕੇਸ ਵਿੱਚ 12 ਜਣੇ ਸੁਪਰੀਮ ਕੋਰਟ ਵੱਲੋਂ ਦੋਸ਼ੀ ਕਰਾਰ

ਨਵੀਂ ਦਿੱਲੀ, 7 ਜੁਲਾਈ (ਪੋਸਟ ਬਿਊਰੋ)- ਸੁਪਰੀਮ ਕੋਰਟ ਨੇ ਗੁਜਰਾਤ ਦੇ ਸਾਬਕਾ ਗ੍ਰਹਿ ਮੰਤਰੀ ਹਰੇਨ ਪਾਂਡਿਆ ਦੇ ਕਤਲ ਕੇਸ ਵਿੱਚ ਹਾਈ ਕੋਰਟ ਤੋਂ ਬਰੀ ਕੀਤੇ ਗਏ 12 ਲੋਕਾਂ ਨੂੰ ਦੋਸ਼ੀ ਕਰਾਰ ਦਿੱਤਾ ਹੈ। ਜਸਟਿਸ ਅਰੁਣ ਮਿਸ਼ਰਾ ਦੀ ਪ੍ਰਧਾਨਤਾ ਵਾਲੀ ਬੈਂਚ ਨੇ ਅੱਜ ਸ਼ੁੱਕਰਵਾਰ ਨੂੰ ਸੀ ਬੀ ਆਈ ਅਤੇ ਗੁਜਰਾਤ ਸਰਕਾਰ ਦੀ ਪਟੀਸ਼ਨ ਉੱਤੇ ਇਹ ਫੈਸਲਾ ਸੁਣਾਇਆ ਹੈ। ਅਦਾਲਤ ਨੇ ਬੀਤੇ ਜਨਵਰੀ ਮਹੀਨੇ ਵਿੱਚ ਇਸ ਮਾਮਲੇ ਵਿੱਚ ਫੈਸਲਾ ਰਾਖਵਾਂ ਰੱਖ ਲਿਆ ਸੀ। ਵਰਨਣ ਯੋਗ ਹੈ ਕਿ ਹਿਰੇਨ ਪਾਂਡਿਆ ਗੁਜਰਾਤ ਵਿੱਚ ਨਰਿੰਦਰ ਮੋਦੀ ਦੀ ਅਗਵਾਈ ਵਾਲੀ ਸਰਕਾਰ ਵਿੱਚ ਗ੍ਰਹਿ ਮੰਤਰੀ ਸਨ। ਇੱਕ ਦਿਨ ਸਵੇਰੇ ਸੈਰ ਦੌਰਾਨ ਅਹਿਮਦਾਬਾਦ ਦੇ ਲਾ ਗਾਰਡਨ ਨੇੜੇ 26 ਮਾਰਚ 2003 ਨੂੰ ਗੋਲ਼ੀ ਮਾਰ ਕੇ ਉਨ੍ਹਾਂ ਦੀ ਹੱਤਿਆ ਕਰ ਦਿੱਤੀ ਗਈ ਸੀ। ਸੀ ਬੀ ਆਈ ਮੁਤਾਬਕ ਗੁਜਰਾਤ ਵਿੱਚ 2002 ਵਾਲੇ ਫਿਰਕੂ ਦੰਗੇ ਦਾ ਬਦਲਾ ਲੈਣ ਲਈ ਉਨ੍ਹਾਂ ਦੀ ਹੱਤਿਆ ਕੀਤੀ ਗਈ ਸੀ। ਵਿਸ਼ੇਸ਼ ਅਦਾਲਤ ਨੇ 2007 ਵਿੱਚ ਆਪਣੇ ਫੈਸਲੇ ਵਿੱਚ 12 ਮੁਲਜ਼ਮਾਂ ਨੂੰ ਦੋਸ਼ੀ ਮੰਨਦੇ ਹੋਏ ਉਮਰ ਕੈਦ ਦੀ ਸਜ਼ਾ ਸੁਣਾਈ, ਪਰ 29 ਅਗਸਤ 2011 ਨੂੰ ਗੁਜਰਾਤ ਹਾਈ ਕੋਰਟ ਨੇ ਫੈਸਲਾ ਪਲਟ ਕੇ ਸਾਰੇ ਦੋਸ਼ੀਆਂ ਨੂੰ ਬਰੀ ਕਰ ਦਿੱਤਾ ਸੀ। ਸੁਪਰੀਮ ਕੋਰਟ ਨੇ ਵਿਸ਼ੇਸ਼ ਅਦਾਲਤ ਦਾ ਫੈਸਲਾ ਕਾਇਮ ਰੱਖ ਕੇ ਗੁਜਰਾਤ ਹਾਈ ਕੋਰਟ ਦਾ ਫੈਸਲਾ ਰੱਦ ਕਰ ਦਿੱਤਾ। ਸੁਪਰੀਮ ਕੋਰਟ ਨੇ ਐੱਨ ਜੀ ਓ ਸੈਂਟਰ ਫਾਰ ਪਬਲਿਕ ਇੰਟਰੈਸਟ ਲਿਟਿਗੇਸ਼ਨ ਦੀ ਅਰਜ਼ੀ ਵੀ ਰੱਦ ਕਰ ਦਿੱਤੀ, ਜਿਸ ਨੇ ਇਸ ਕਤਲ ਦੀ ਸੁਪਰੀਮ ਕੋਰਟ ਦੀ ਨਿਗਰਾਨੀ ਵਿੱਚ ਫਿਰ ਤੋਂ ਜਾਂਚ ਦੀ ਮੰਗ ਕੀਤੀ ਸੀ। ਅਦਾਲਤ ਨੇ ਐੱਨ ਜੀ ਓ ਨੂੰ 50 ਹਜ਼ਾਰ ਰੁਪਏ ਦਾ ਜੁਰਮਾਨਾ ਵੀ ਲਾਇਆ ਹੈ।

# ਸਰਕਸ ਦੌਰਾਨ ਰਿੰਗ ਮਾਸਟਰ ਉੱਤੇ ਸ਼ੇਰਾਂ ਦਾ ਹਮਲਾ, ਫਿਰ ਲਾਸ਼ ਨਾਲ ਖੇਡਦੇ ਰਹੇ



ਰੋਮ, 7 ਜੁਲਾਈ (ਪੋਸਟ ਬਿਊਰੋ)- ਇਟਲੀ ਦੀਆਂ ਸਭ ਤੋਂ ਸ਼ਾਨਦਾਰ ਸਰਕਸਾਂ ਵਿਚੋਂ ਇਕ ਸਿਰਕੋ ਓਰਫੀ ਦੇ ਰਿੰਗ ਵਿਚ ਕੱਲ੍ਹ ਰਾਤ ਇਕ ਵੱਡੀ ਘਟਨਾ ਵਾਪਰ ਗਈ। ਇਥੇ ਰਿੰਗ ਦੇ ਅੰਦਰ ਚਾਰ ਸ਼ੇਰਾਂ ਨੇ ਵਿਸ਼ਵ ਦੇ ਸਭ ਤੋਂ ਵੱਡੇ ਰਿੰਗ ਮਾਸਟਰ ਏਟੋਰ ਵੇਬਰ (61 ਸਾਲ) ਉੱਤੇ ਹਮਲਾ ਕਰ ਦਿੱਤਾ ਤਾਂ ਉਨ੍ਹਾਂ ਦੀ ਮੌਤ ਹੋ ਗਈ।

ਏਟੋਰ ਆਪਣੇ ਅਗਲੇ ਸ਼ੋਅ ਲਈ ਤਿਆਰੀ ਕਰ ਰਹੇ ਸਨ ਤਾਂ ਇਨ੍ਹਾਂ ਸ਼ੇਰਾਂ ਵਿਚੋਂ ਇਕ ਨੇ ਉਨ੍ਹਾਂ ਉੱਤੇ ਹਮਲਾ ਕਰ ਕੇ ਹੇਠਾਂ ਸੁੱਟ ਦਿੱਤਾ। ਇਸ ਤੋਂ ਬਾਅਦ ਤਿੰਨ ਹੋਰ ਸ਼ੇਰਾਂ ਨੇ ਉਨ੍ਹਾਂ ਉੱਤੇ ਹਮਲਾ ਕਰ ਦਿੱਤਾ ਅਤੇ ਉਨ੍ਹਾਂ ਦੀ ਮੌਤ ਹੋ ਗਈ। ਪਤਾ ਲੱਗਾ ਹੈ ਕਿ ਵੇਬਰ ਦੀ ਮੌਤ ਤੋਂ ਬਾਅਦ ਵੀ ਸ਼ੇਰਾਂ ਨੇ ਉਨ੍ਹਾਂ ਨੂੰ ਛੱਡਿਆ ਨਹੀਂ ਤੇ ਉਹ ਮ੍ਰਿਤਕ ਸਰੀਰ ਨਾਲ ਕਰੀਬ ਅੱਧਾ ਘੰਟਾ ਖੇਡਦੇ ਰਹੇ। ਇਹ ਖੌਫਨਾਕ ਦ੍ਰਿਸ਼ ਰਿੰਗ ਦੇ ਬਾਹਰ ਮੌਜੂਦ ਡਾਕਟਰਾਂ ਦੇ ਸਾਹਮਣੇ ਹੋਇਆ, ਪਰ ਉਹ ਵੇਬਰ ਨੂੰ ਬਚਾ ਨਹੀਂ ਸਕੇ। ਵੇਬਰ ਦੇ ਸਹਿਯੋਗੀ ਨੇ ਉਨ੍ਹਾਂ ਨੂੰ ਬਚਾਉਣ ਦੀ ਕੋਸ਼ਿਸ਼ ਕੀਤੀ, ਪਰ ਉਹ ਇਸ ਵਿਚ ਸਫਲ ਨਹੀਂ ਹੋ ਸਕੇ। ਇਟਾਲੀਅਨ ਪੁਲਸ ਨੇ ਇਸ ਮਾਮਲੇ ਦੀ ਜਾਂਚ ਸ਼ੁਰੂ ਕਰ ਦਿੱਤੀ ਹੈ। ਡਾਕਟਰਾਂ ਦਾ ਕਹਿਣਾ ਹੈ ਕਿ ਇਸ ਹਮਲੇ ਦੌਰਾਨ ਵੇਬਰ ਗੰਭੀਰ ਜ਼ਖਮੀ ਹੋ ਗਏ। ਉਨ੍ਹਾਂ ਦੀ ਰੀੜ੍ਹ ਦੀ ਹੱਡੀ ਵਿਚ ਜ਼ਿਆਦਾ ਸੱਟ ਸੀ। ਇਸ ਨਾਲ ਉਨ੍ਹਾਂ ਦੀ ਮੌਤ ਹੋ ਗਈ। ਇਹ ਸਪੱਸ਼ਟ ਨਹੀਂ ਹੈ ਕਿ ਇਨ੍ਹਾਂ ਸ਼ੇਰਾਂ ਦਾ ਕੀ ਹੋਵੇਗਾ। ਇਨ੍ਹਾਂ ਨੂੰ ਬ੍ਰਿੰਡਸੀ ਦੇ ਜ਼ੂ ਸਫਾਰੀ ਵਿਚ ਭੇਜ ਦਿੱਤਾ ਗਿਆ ਹੈ। ਇਹ ਘਟਨਾ ਵੀਰਵਾਰ ਦੇ ਸ਼ੋਅ ਤੋਂ ਇਕ ਘੰਟੇ ਪਹਿਲਾਂ ਵਾਪਰੀ ਸੀ। ਬਾਰੀ ਵਿਚ ਸਿਰਕੋ ਓਰਫੀ ਸ਼ੋਅ 15 ਜੂਨ ਤੋਂ ਜਾਰੀ ਹੈ ਅਤੇ 14 ਜੁਲਾਈ ਤੱਕ ਚੱਲਣ ਵਾਲਾ ਹੈ।

# ਈਰਾਨੀ ਤੇਲ ਟੈਂਕਰ ਜ਼ਬਤ ਕਰਨ ਦੀ ਕਾਰਵਾਈ ਬਾਰੇ ਬ੍ਰਿਟੇਨ ਦਾ ਰਾਜਦੂਤ ਤਲਬ

ਤਹਿਰਾਨ, 7 ਜੁਲਾਈ (ਪੋਸਟ ਬਿਊਰੋ)- ਈਰਾਨ ਨੇ ਆਪਣੇ ਇਕ ਤੇਲ ਟੈਂਕਰ ਨੂੰ ਕਥਿਤ ਤੌਰ ਉੱਤੇ ਗੈਰ-ਕਾਨੂੰਨੀ ਢੰਗ ਨਾਲ ਜ਼ਬਤ ਕੀਤੇ ਜਾਣ ਵਿਰੁੱਧ ਤਹਿਰਾਨ ਵਿੱਚ ਬ੍ਰਿਟੇਨ ਦੇ ਰਾਜਦੂਤ ਨੂੰ ਤਲਬ ਕੀਤਾ ਹੈ। ਬ੍ਰਿਟਿਸ਼ ਰਾਇਲ ਮਰੀਨਸ ਨੇ ਯੂਰਪੀ ਯੂਨੀਅਨ ਦੀ ਪਾਬੰਦੀ ਦਾ ਉਲੰਘਣ ਕਰ ਕੇ ਸੀਰੀਆ ਵੱਲ ਜਾ ਰਹੇ ਜਹਾਜ਼ ਨੂੰ ਸਪੇਨ ਦੇ ਦੱਖਣ ਵਿੱਚ ਜਿਬ੍ਰਾਲਟਰ ਵਿੱਚ ਜ਼ਬਤ ਕੀਤੇ ਜਾਣ ਦੇ ਲਈ ਅਧਿਕਾਰੀਆਂ ਦੀ ਮਦਦ ਕੀਤੀ ਸੀ। ਸਪੇਨ ਦੇ ਕਾਰਜਕਾਰੀ ਵਿਦੇਸ਼ ਮੰਤਰੀ ਨੇ ਦੱਸਿਆ ਕਿ ਇਸ ਤੇਲ ਟੈਂਕਰ 'ਗ੍ਰੇਸ 1' ਨੂੰ ਅਮਰੀਕਾ ਦੀ ਅਪੀਲ ਉੱਤੇ ਜ਼ਬਤ ਕੀਤਾ ਗਿਆ ਹੈ।

ਇਸ ਸੰਬੰਧ ਵਿੱਚ ਈਰਾਨ ਦੇ ਵਿਦੇਸ਼ ਮੰਤਰਾਲੇ ਦੇ ਬੁਲਾਰੇ ਨੇ ਇਸ ਨੂੰ ਇਕ ਤਰ੍ਹਾਂ ਦੀ ਸਮੁੰਦਰੀ ਲੁੱਟ ਆਖਿਆ ਹੈ। ਬ੍ਰਿਟੇਨ ਦੇ ਵਿਦੇਸ਼ ਮੰਤਰਾਲੇ ਨੇ ਉਸ ਦੇ ਦੋਸ਼ ਨੂੰ ਬਕਵਾਸ ਕਿਹਾ ਹੈ। ਜਿਬ੍ਰਾਲਟਰ ਬੰਦਰਗਾਹ ਅਤੇ ਕਾਨੂੰਨ ਲਾਗੂ ਕਰਨ ਵਾਲੀਆਂ ਏਜੰਸੀਆਂ ਨੇ ਬ੍ਰਿਟਿਸ਼ ਸਮੁੰਦਰੀ ਫੌਜ ਦੀ ਮਦਦ ਨਾਲ ਵੀਰਵਾਰ ਸਵੇਰੇ ਇਹ ਤੇਲ ਟੈਂਕਰ ਜ਼ਬਤ ਕੀਤਾ ਸੀ। ਬ੍ਰਿਟੇਨ ਦੇ 42 ਕਮਾਂਡੋ ਦੇ ਲਗਭਗ ਜਿਬ੍ਰਾਲਟਰ ਸਰਕਾਰ ਦੀ ਅਪੀਲ ਉੱਤੇ 30 ਸਮੁੰਦਰੀ ਫੌਜੀਆਂ ਦੀ ਮਦਦ ਲਈ ਓਥੇ ਗਏ ਸਨ। ਈਰਾਨ ਦੇ ਵਿਦੇਸ਼ ਮੰਤਰਾਲੇ ਦੇ ਬੁਲਾਰੇ ਅੱਬਾਸ ਮੌਸਾਵੀ ਨੇ ਕਿਹਾ ਕਿ ਈਰਾਨ ਵਿੱਚ ਬ੍ਰਿਟੇਨ ਦੇ ਰਾਜਦੂਤ ਰਾਬਰਟ ਮੈਕੇਅਰ ਨੂੰ ਇਸ ਕੇਸ ਵਿੱਚ ਤਲਬ ਕੀਤਾ ਗਿਆ ਹੈ। ਬ੍ਰਿਟੇਨ ਦੇ ਕੌਮੀ ਸੁਰੱਖਿਆ ਸਲਾਹਕਾਰ ਜਾਨ ਬੋਲਟਨ ਨੇ ਈਰਾਨੀ ਜਹਾਜ਼ ਨੂੰ ਜ਼ਬਤ ਕੀਤੇ ਜਾਣ ਦੀ ਸੂਚਨਾ ਨੂੰ ਸ਼ਾਨਦਾਰ ਖਬਰ ਦੱਸਦੇ ਹੋਏ ਕਿਹਾ ਕਿ ਇਹ ਤੇਲ ਟੈਂਕਰ ਯੂਰਪੀ ਯੂਨੀਆਨ ਦੀਆਂ ਰੋਕਾਂ ਦਾ ਉਲੰਘਣ ਕਰ ਕੇ ਸੀਰੀਆ ਜਾ ਰਿਹਾ ਸੀ। ਉਨ੍ਹਾਂ ਕਿਹਾ ਕਿ ਅਮਰੀਕਾ ਅਤੇ ਉਸ ਦੇ ਸਹਿਯੋਗੀ ਦੇਸ਼ ਈਰਾਨ ਅਤੇ ਸੀਰੀਆ ਦੀ ਸਰਕਾਰ ਨੂੰ ਇਸ ਗੈਰ-ਕਾਨੂੰਨੀ ਸੌਦੇ ਦਾ ਲਾਭ ਨਹੀਂ ਉਠਾਉਣ ਦੇਣਗੇ। ਇਹ ਸਾਫ ਹੈ ਕਿ ਇਹ ਕਾਰਵਾਈ ਸੀਰੀਆ ਦੇ ਖਿਲਾਫ ਯੂਰਪੀ ਯੂਨੀਅਨ ਦੀਆਂ ਰੋਕਾਂ ਨੂੰ ਲਾਗੂ ਕਰਨ ਲਈ ਕੀਤੀ ਗਈ ਹੈ, ਈਰਾਨ ਦੇ ਖਿਲਾਫ ਅਮਰੀਕੀ ਰੋਕਾਂ ਨੂੰ ਲਾਗੂ ਕਰਨ ਲਈ ਨਹੀਂ ਕੀਤੀ ਗਈ।

# ਆਈ ਐੱਮ ਐੱਫ ਵੱਲੋਂ ਪਾਕਿ ਨੂੰ 6 ਅਰਬ ਡਾਲਰ ਕਰਜ਼ਾ ਸ਼ਰਤਾਂ ਨਾਲ ਮਨਜ਼ੂਰ

ਵਾਸ਼ਿੰਗਟਨ, 7 ਜੁਲਾਈ (ਪੋਸਟ ਬਿਊਰੋ)- ਆਰਥਿਕ ਸੰਕਟ ਨਾਲ ਜੂਝ ਰਹੇ ਪਾਕਿਸਤਾਨ ਨੂੰ ਅੰਤਰਰਾਸ਼ਟਰੀ ਮੁਦਰਾ ਫੰਡ (ਆਈ ਐੱਮ ਐੱਫ) ਤੋਂ ਵੱਡਾ ਸਹਾਰਾ ਮਿਲ ਗਿਆ ਹੈ। ਆਈ ਐੱਮ ਐੱਫ ਨੇ ਪਾਕਿਸਤਾਨ 6 ਅਰਬ ਡਾਲਰ ਕਰਜ਼ਾ ਦੇਣ ਉੱਤੇ ਮੋਹਰ ਲਾ ਦਿੱਤੀ ਹੈ, ਪਰ ਇਸ ਦੀਆਂ ਸਖਤ ਸ਼ਰਤਾਂ ਲਾਈਆਂ ਹਨ। ਇਸ ਹੇਠ ਪਾਕਿਸਤਾਨ ਨੂੰ ਆਉਂਦੇ ਤਿੰਨ ਸਾਲਾਂ ਵਿਚ ਖਰਚਿਆਂ ਵਿਚ ਕਟੌਤੀ ਦੇ ਸਖਤ ਉਪਾਅ ਕਰਨੇ ਹੋਣਗੇ।

ਆਈ ਐੱਮ ਐੱਫ ਦੇ ਬੁਲਾਰੇ ਗੈਰੀ ਰਾਈਸ ਨੇ ਕਿਹਾ ਹੇ ਕਿ ਪਾਕਿਸਤਾਨ ਦੀ ਆਰਥਿਕ ਯੋਜਨਾ ਦੀ ਸਹਾਇਤਾ ਦੇ ਲਈ ਆਈ ਐੱਮ ਐੱਫ ਦੇ ਕਾਰਜਕਾਰੀ ਬੋਰਡ ਨੇ 6 ਅਰਬ ਡਾਲਰ ਦੇ ਕਰਜ਼ੇ ਨੂੰ ਮਨਜ਼ੂਰੀ ਦਿੱਤੀ ਹੈ। ਇਹ ਕਰਜ਼ਾ ਇਸ ਦੇਸ਼ ਦੀ ਅਰਥ ਵਿਵਸਥਾ ਨੂੰ ਪਟੜੀ ਉੱਤੇ ਲਿਆਉਣ ਤੇ ਲੋਕਾਂ ਦੀ ਜੀਵਨ ਦਸ਼ਾ ਸੁਧਾਰਨ ਲਈ ਦਿੱਤਾ ਗਿਆ ਹੈ। ਇਸ ਮਦਦ ਨਾਲ ਪਾਕਿਸਤਾਨ ਨੂੰ 1 ਅਰਬ ਡਾਲਰ ਦੀ ਰਾਸ਼ੀ ਤੁਰੰਤ ਦਿੱਤੀ ਜਾਵੇਗੀ ਤੇ ਬਾਕੀ ਰਾਸ਼ੀ ਤਿੰਨ ਸਾਲਾਂ ਵਿਚ ਦਿੱਤੀ ਜਾਵੇਗੀ। ਇਸ ਦੌਰਾਨ ਚਾਰ ਵਾਰ ਤਿਮਾਹੀ ਅਤੇ ਇੰਨੀ ਵਾਰ ਅਰਧ ਸਾਲ ਸਮੀਖਿਆ ਕੀਤੀ ਜਾਵੇਗੀ। ਇਸ ਤੋਂ ਸਾਫ ਹੈ ਕਿ ਆਉਂਦੇ ਤਿੰਨ ਸਾਲਾਂ ਵਿਚ ਪਾਕਿਸਤਾਨ ਨੂੰ ਆਪਣੇ ਖਰਚ ਦੀ ਕਟੌਤੀ ਦੇ ਲਈ ਸਖਤ ਕਦਮ ਚੁੱਕਣੇ ਪੈਣਗੇ।

ਪ੍ਰਧਾਨ ਮੰਤਰੀ ਇਮਰਾਨ ਖਾਨ ਦੇ ਵਿੱਤੀ ਮਾਮਲਿਆਂ ਦੇ ਸਲਾਹਕਾਰ ਡਾ. ਅਬਦੁੱਲ ਹਫੀਜ਼ ਸ਼ੇਖ ਨੇ ਆਈ ਐੱਮ ਐੱਫ ਤੋਂ ਕਰਜ਼ੇ ਨੂੰ ਮਨਜ਼ੂਰੀ ਮਿਲ ਜਾਣ ਦੀ ਪੁਸ਼ਟੀ ਕੀਤੀ ਹੈ। ਪਾਕਿਸਤਾਨ ਸਾਲ 1950 ਵਿਚ ਆਈ ਐੱਮ ਐੱਫ ਦਾ ਮੈਂਬਰ ਬਣਿਆ ਸੀ। ਉਦੋਂ ਤੋਂ ਪਾਕਿਸਤਾਨ ਇਸ ਅੰਤਰਰਾਸ਼ਟਰੀ ਸੰਗਠਨ ਤੋਂ 21 ਵਾਰ ਮਦਦ ਲੈ ਚੁੱਕਾ ਹੈ। ਇਹ 22ਵਾਂ ਮੌਕਾ ਹੈ, ਜਦੋਂ ਉਸ ਨੂੰ ਆਈ ਐੱਮ ਐੱਫ ਤੋਂ ਬੇਲਆਉਟ ਪੈਕੇਜ ਮਿਲਿਆ ਹੈ। ਸੱਤਾ ਵਿਚ ਆਉਣ ਤੋਂ ਬਾਅਦ ਇਮਰਾਨ ਖਾਨ ਦੀ ਅਗਵਾਈ ਵਾਲੀ ਸਰਕਾਰ ਨੇ ਪਿਛਲੇ ਸਾਲ ਅਗਸਤ ਵਿਚ ਬੇਲਆਉਟ ਪੈਕੇਜ ਦੇ ਲਈ ਆਈ ਐੱਮ ਐੱਫ ਨੂੰ ਗੁਹਾਰ ਲਾਈ ਸੀ। ਬੇਲਆਉਟ ਪੈਕੇਜ ਉੱਤੇ ਲੰਬੀ ਗੱਲਬਾਤ ਤੋਂ ਬਾਅਦ ਦੋਵਾਂ ਪੱਖਾਂ ਵਿਚ ਪਿਛਲੇ ਮਹੀਨੇ ਸਹਿਮਤੀ ਬਣੀ ਸੀ। ਆਈ ਐੱਮ ਐੱਫ ਤੋਂ ਇਲਾਵਾ ਪਾਕਿਸਤਾਨ ਲਈ ਚੀਨ 4.6 ਕਰੋੜ ਡਾਲਰ, ਸਾਊਦੀ ਅਰਬ 3 ਅਰਬ ਡਾਲਰ ਤੇ 3.2 ਅਰਬ ਡਾਲਰ ਦਾ ਤੇਲ, ਯੂ ਏ ਈ ਦੋ ਅਰਬ ਡਾਲਰ ਅਤੇ ਕਤਰ ਵੀ ਤਿੰਨ ਅਰਬ ਡਾਲਰ ਦੇ ਚੁੱਕੇ ਹਨ।


KARTAR FURNITURE
ਫਰਨੀਚਰ ਦੀ ਦੁਨੀਆ ਦਾ ਇੱਕੋ ਇੱਕ ਟਿਕਾਊ ਨਾਮ





ਕਰਤਾਰ ਫਰਨੀਚਰ
- ਅਸੀਂ ਸੋਫਾ ਸੈੱਟ ਖੁੱਦ ਹੱਥੀ ਤਿਆਰ ਕਰਦੇ ਹਾਂ
- ਕਸਟਮਰ ਆਪਣੀ ਪਸੰਦ ਦੇ ਸਪਰਿੰਗ, ਫੇਬਰਿਕ ਅਤੇ ਡਿਜਾਇਨ ਦੱਸ ਸਕਦੇ ਹਨ
- ਪੁਰਾਣੇ ਸੋਫਿਆਂ ਤੇ ਡਾਇਨਿੰਗ ਚੇਅਰ ਨੂੰ ਹਾਰਡ ਫੋਮ ਭਰਕੇ ਨਵਾਂ ਬਣਾਓ

Email: kartarfurnitue@live.com
Call Rajinder Singh 416.741.9657
69 Westmore Dr. #20
Etobicoke ON, M9V 3Y6



ਹਵਾਈ ਸਫਰ ਨੂੰ ਸੁਹਾਵਨਾ ਤੇ ਸੁਰੱਖਿਅਤ ਬਣਾਓ ਤੇ ਸਾਡੀ TRAVEL INSURANCE ਦੀ ਮੁਹਾਰਤ ਦਾ ਫਾਇਦਾ ਉਠਾਓ



Join and Represent Us
- VISITOR TO CANADA INSURANCE
- TRAVEL OUT INSURANCE
- INTERNATIONAL STUDENT INSURANCE
- OTHER INSURANCE PRODUCTS

Your Travel Safety
Our Priority

JF Insurance Agency Group Inc.
Specialized in Hospital and Medical Insurance for Visitors, Canadian Travellers and International Students since 1992

905-707-1512
905-707-1513
Molly@jfgroup.ca
Toronto Head Office:
15 wertheim court # 501
Richmond Hill, ON L4B 3H7



2019
ਦੁਖ ਭੰਜਨੁ ਤੇਰਾ ਨਾਮੁ ਮਿਸ਼ਨ,ਕਨੇਡਾ
ਦੁਖ ਰੋਗ ਨਿਵਾਰਨ ਕੈਂਪ
A CHARITABLE CANADIAN ORGANIZATION
ਜੁੱਗੋ ਜੁੱਗ ਅਟੱਲ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਬਖਸ਼ਿਸ਼ਾਂ ਭਰੀ ਪਵਿੱਤਰ ਹਜ਼ੂਰੀ ਅੰਦਰ ਸੰਗਤੀ ਰੂਪ ਵਿੱਚ ਅਨੇਕਾਂ ਵੀਰ-ਭੈਣ ਗੁਰਬਾਣੀ ਵਿੱਚ ਦੱਸੀ ਵਿਧੀ ਮੁਤਾਬਕ ਗੁਰਬਾਣੀ ਗਾਉਣ, ਸੁਣਨ ਅਤੇ ਭਾਣੇ ਤੇ ਭਰੋਸੇ ਨੂੰ ਸਮਝ ਕੇ ਮਨ ਵਿੱਚ ਵਸਾਉਣ ਨਾਲ ਪਹਿਲਾਂ ਲੱਗੇ ਕੈਂਪਾਂ ਵਿੱਚ ਅਪਣੇ ਦੁੱਖਾਂ, ਰੋਗਾਂ ਤੋਂ ਛੁਟਕਾਰਾ ਪਾ ਚੁਕੇ ਹਨ।
ਆਓ! ਹੇਠਾਂ ਦੱਸੇ ਅਨੁਸਾਰ ਲੱਗਣ ਜਾ ਰਹੇ ਕੈਂਪਾਂ ਰਾਹੀਂ ਅਪਣੇ ਦੁੱਖਾਂ, ਰੋਗਾਂ ਅਤੇ ਵਿਘਨਾਂ ਤੋਂ ਛੁਟਕਾਰਾ ਪਾਈਏ।
ਨੋਟ: ਦੁਖ ਭੰਜਨੁ ਤੇਰਾ ਨਾਮੁ ਮਿਸ਼ਨ ਮੈਡੀਕਲ ਸਾਇੰਸ ਤੋਂ ਮਿਲਣ ਵਾਲੀ ਵਡਮੁੱਲੀ ਮੱਦਦ ਦਾ ਵਿਰੋਧੀ ਨਹੀਂ ਅਤੇ ਨਾ ਹੀ ਦੁਆਈ ਛੱਡਣ ਜਾਂ ਘਟਾਉਣ ਦੀ ਸਲਾਹ ਦਿੰਦਾ ਹੈ। ਮਿਸ਼ਨ ਵਲੋਂ ਸੰਗਤਾਂ ਨੂੰ ਬੇਨਤੀ ਹੈ ਕਿ ਦੁਆਈ ਸਬੰਧੀ ਕੋਈ ਵੀ ਫੈਸਲਾ ਕੇਵਲ ਆਪਣੇ ਡਾਕਟਰ ਦੀ ਸਲਾਹ ਨਾਲ ਹੀ ਕਰੋ ਜੀ।

Malton Gurdwara Sahib
29 June to 2 July (Saturday to Tuesday): 1:00 PM to 6:40PM

Nanaksar Gurdwara Sahib
Gore Rd, Brampton
7 July to 11 July (Sunday to Thursday): 1:00PM to 7:00PM

GURDWARA SINGH SABHA, EDMONTON
19 July to 23 July (Friday to Tuesday): 12:00PM to 6:30PM

905-230-5977 • 905-781-2020
647-537-8246 • 416-662-3228



# ਸੰਪਾਦਕੀ

## ਐੱਮ ਪੀਆਂ ਦੇ ਖਰਚੇ ਅਤੇ ਸੱਚ ਦਾ ਛੱਜ








ਅਲਬਰਟਾ ਵਿੱਚ ਪ੍ਰੋਵਿੰਸ਼ੀਅਲ ਚੋਣਾਂ ਤੋਂ ਪਹਿਲਾਂ ਜੇਸਨ ਕੈਨੀ ਇੱਕ ਵੱਡੇ ਸਿਆਸੀ ਧਮਾਕੇ ਤੋਂ ਵਾਲ ਵਾਲ ਬਚ ਨਿਕਲਿਆ ਸੀ ਜੋ ਪੁੱਠਾ ਪੈ ਜਾਣ ਦੀ ਸੂਰਤ ਵਿੱਚ ਉਸਦੀ ਪ੍ਰੀਮੀਅਰ ਦੀ ਕੁਰਸੀ ਖਤਰੇ ਵਿੱਚ ਪੈ ਸਕਦੀ ਸੀ। ਹਾਊਸ ਆਫ ਕਾਮਨਜ਼ ਦੀ ਇੱਕ ਕਮੇਟੀ ਨੇ ਮਈ 2019 ਵਿੱਚ ਕੈਨੀ ਨੂੰ ਇਸ ਗੱਲੋਂ ਕਲੀਨ ਚਿੱਟ ਦੇ ਦਿੱਤੀ ਕਿ ਆਪਣੀ ਮਾਂ ਦੀ ਬੇਸਮੈਂਟ ਨੂੰ ਆਪਣੀ ਮੁੱਖ ਰਿਹਾਇਸ਼ ਵਿਖਾ ਕੇ ਜੋ ਪੈਸੇ ਉਸਨੇ ਸਰਕਾਰ ਦੇ ਖਾਤੇ ਵਿੱਚੋਂ ਉਗਰਾਹੇ ਸਨ, ਉਸ ਪ੍ਰਕਿਰਿਆ ਵਿੱਚ ਕੋਈ ਖੋਟ ਨਹੀਂ ਸੀ। ਸੋਚਣ ਵਾਲੀ ਗੱਲ ਇਹ ਨਹੀਂ ਕਿ ਕੀ ਜੇਸਨ ਕੈਨੀ ਵਰਗਾ ਪ੍ਰਮੁੱਖ ਨੇਤਾ ਹਾਲੇ ਵੀ ਆਪਣੀ ਮਾਂ ਦੇ ਮਕਾਨ ਦੀ ਬੇਸਮੈਂਟ ਵਿੱਚ ਰਹਿੰਦਾ ਹੈ ਜਾਂ ਨਹੀਂ, ਜਾਂ ਕਮੇਟੀ ਨੇ ਇਸ ਮਾਮਲੇ ਦੀ ਜਾਂਚ ਵਿੱਚ ਕੋਈ ਕਮੀ ਪੇਸ਼ੀ ਛੱਡੀ, ਸਗੋਂ ਸੁਆਲ ਹੈ ਕਿ ਸਾਡੇ ਮੁਲਕ ਦੇ ਐਮ ਪੀ ਆਪਣੇ ਖਰਚਿਆਂ ਨੂੰ ਕਿੰਨੀ ਕੁ ਦਿਆਨਤਦਾਰੀ ਅਤੇ ਸਮਝਦਾਰੀ ਨਾਲ ਕਰਦੇ ਹਨ। ਆਖਰ ਨੂੰ ਉਹਨਾਂ ਵੱਲੋਂ ਕੀਤੇ ਜਾਂਦੇ ਸਾਰੇ ਖਰਚੇ ਲੋਕਾਂ ਦੀਆਂ ਜੇਬਾਂ ਵਿੱਚੋਂ ਟੈਕਸ ਰਾਹੀਂ ਕੱਢੇ ਜਾਂਦੇ ਹਨ।

ਇਸ ਮੁੱਦੇ ਉੱਤੇ ਕਮਿਊਨਿਟੀ ਨੂੰ ਜਾਗਰੂਕ ਕਰਨ ਲਈ ਜਸਪਾਲ ਬੱਲ ਨੇ ਅੱਜ ਕੱਲ ਵਿਸ਼ੇਸ਼ ਝੰਡਾ ਚੁੱਕਿਆ ਹੋਇਆ ਹੈ। ਉਸ ਵੱਲੋਂ ਪੰਜਾਬੀ ਪੋਸਟ ਨਾਲ ਸਾਂਝੀ ਕੀਤੀ ਗਈ ਜਾਣਕਾਰੀ ਦੇ ਆਧਾਰ ਉੱਤੇ ਕਿਹਾ ਜਾ ਸਕਦਾ ਹੈ ਕਿ ਪੰਜਾਬੀ ਕਮਿਊਨਿਟੀ ਨਾਲ ਸਬੰਧਿਤ ਪਾਰਲੀਮੈਂਟ ਮੈਂਬਰਾਂ ਵੱਲੋਂ ਬਹੁਤ ਸੁਧਾਰ ਕੀਤੇ ਜਾਣ ਦੀ ਲੋੜ ਹੈ। ਇਸ ਮੁੱਦੇ ਬਾਰੇ ਚਰਚਾ ਨੂੰ ਇੱਕ ਮਿਸਾਲ ਆਰੰਭ ਕਰਦੇ ਹਾਂ। 10 ਅਪਰੈਲ 2017 ਨੂੰ ਲਿਬਰਲ ਪਾਰਟੀ ਦੇ 11 ਐਮ ਪੀਆਂ ਵੱਲੋਂ ਖਾਲਸਾ ਡੇਅ ਕੀਰਤਨ ਕਰਵਾਇਆ ਗਿਆ ਜਿਸ ਦੇ ਆਯੋਜਿਨ ਉੱਤੇ 10 ਐਮ ਪੀਆਂ (ਬਰਦੀਸ਼ ਚੱਗੜ, ਸੁਖ ਧਾਲੀਵਾਲ, ਕਮਲ ਖੈਹਰਾ, ਰੂਬੀ ਸਹੋਤਾ, ਸੋਨੀਆ ਸਿੱਧੂ, ਰਾਜ ਗਰੇਵਾਲ, ਰਾਮੇਸ਼ਵਰ ਸੰਘਾ, ਗਗਨ ਸਿਕੰਦ, ਜਤੀ ਸਿੱਧੂ, ਅਮਰਜੀਤ ਸੋਹੀ, ਰਣਦੀਪ ਸਰਾਏ ਅਤੇ ਜੌਹਨ ਅਲਡਾਗ) ਨੇ ਇੱਕੋ ਜਿੰਨਾ ਖਰਚਾ 501 ਡਾਲਰ 81 ਸੈਂਟ ਕੀਤੇ। ਕੈਰੇਨ ਮੈਕਕ੍ਰਿਮੌਨ ਵੱਲੋਂ 250 ਡਾਲਰ 51 ਸੈਂਟ ਖਰਚ ਕੀਤੇ ਗਏ। ਵਰਨਣਯੋਗ ਹੈ ਕਿ ਸਾਰੇ ਐਮ ਪੀਆਂ ਨੇ ਇਸ ਕੀਰਤਨ ਦਰਬਾਰ ਵਿੱਚ ਆਏ ਮਹਿਮਾਨਾਂ ਦੀ ਗਿਣਤੀ ਆਪੋ ਆਪਣੀ ਦਿੱਤੀ ਹੈ। ਕਿਸੇ ਨੇ ਕਿਹਾ ਕਿ ਉਸਦੇ 600 ਮਹਿਮਾਨ ਆਏ ਸੀ ਤਾਂ ਕਿਸੇ ਹੋਰ ਨੇ ਸਿਰਫ਼ 200 ਮਹਿਮਾਨ ਵਿਖਾਏ ਹਨ। ਕੁੱਲ ਮਿਲਾ ਕੇ ਇਹਨਾਂ 11 ਐਮ ਪੀਆਂ ਨੇ ਉਸ ਦਿਨ 3950 ਮਹਿਮਾਨਾਂ ਦੀ ਹਾਜ਼ਰੀ ਨੂੰ ਧਰਮ-ਕਰਮ ਦੇ ਲੇਖੇ ਲਾਇਆ।

ਵੈਸੇ ਤਾਂ ਪੰਜਾਬੀ ਪੋਸਟ ਦੀ ਟੀਮ ਸਮੇਤ ਬਹੁਤ ਪੰਜਾਬੀਆਂ ਦਾ ਪਾਰਲੀਮੈਂਟ ਜਾਣ ਦਾ ਅਨੁਭਵ ਹੈ ਪਰ ਇਹ ਪਤਾ ਨਹੀਂ ਲੱਗ ਸਕਿਆ ਕਿ ਪਾਰਲੀਮੈਂਟ ਵਿੱਚ ਕਿਸ ਆਦਮ ਬਾਬਾ ਦਾ ਬਣਾਇਆ ਤਬੇਲਾ ਸਾਡੇ ਲਿਬਰਲ ਐਮ ਪੀਆਂ ਨੂੰ ਲੁਕਿਆ ਮਿਲ ਗਿਆ ਜਿੱਥੇ ਬਿਠਾ ਕੇ 3950 ਮਹਿਮਾਨਾਂ ਦੀ ਖਾਤਰਦਾਰੀ 'ਆਲ ਸੀਜ਼ਨਜ਼ ਇੰਡੀਅਨ ਕੇਟਰਿੰਗ' ਤੋਂ ਕਰਵਾਈ ਗਈ। ਵੈਸੇ ਵੀ ਆਲ ਸੀਜ਼ਨਜ਼ ਇੰਡੀਅਨ ਕੇਟਰਿੰਗ 'ਮੋਟੇ ਮਾਸ' (beaf ਗਾਵਾਂ ਮੱਝਾਂ ਦਾ ਮੀਟ) ਦੀਆਂ ਰੈਸਪੀਆਂ ਲਈ ਜਾਣੀ ਜਾਂਦੀ ਹੈ। ਇਹੋ ਜਿਹੀ ਸ਼ਾਂ ਤੋਂ ਖਾਲਸਾ ਡੇਅ ਕੀਰਤਨ ਦਾ ਲੰਗਰ ਲਗਵਾਉਣਾ ਇੱਕ ਦਿਲਚਸਪ ਗੱਲ ਹੈ। ਇਹ ਵੀ ਗੱਲ ਕਿਸੇ ਜਾਦੂ ਤੋਂ ਘੱਟ ਨਹੀਂ ਕਿ ਜਿਸ ਐਮ ਪੀ ਨੇ 600 ਮਹਿਮਾਨ ਬੁਲਾਏ, ਉਸਦੇ ਵੀ 501 ਡਾਲਰ ਖਰਚ ਹੋਏ ਅਤੇ ਜਿਸਨੇ 200 ਲੋਕਾਂ ਦੀ ਪ੍ਰਾਹੁਣਾਚਾਰੀ ਕੀਤੀ, ਉਹ ਵੀ ਆਪਣੇ ਲੰਗਰ ਦਾ ਬਿੱਲ 501 ਡਾਲਰ ਵਿੱਚ ਨਿਪਟਾ ਗਿਆ। ਹਰ ਐਮ ਪੀ ਵੱਲੋਂ ਨੌਕਰੀ ਰੱਖੇ ਗਏ ਸਟਾਫ ਉੱਤੇ ਇੱਕ ਸਾਲ ਵਿੱਚ ਔਸਤਨ ਪੌਣੇ ਦੋ ਤੋਂ ਦੋ ਲੱਖ ਡਾਲਰ ਖਰਚ ਕੀਤੇ ਜਾਂਦੇ ਹਨ। ਇਹਨਾਂ ਪੜ੍ਹੇ ਲਿਖੇ ਸਟਾਫਰਜ਼ ਨੂੰ ਥੋੜੀ ਮੋਟੀ ਅਕਾਊਂਟਿੰਗ ਜਾਂ ਦੋ ਜਮਾਂ ਚਾਰ ਦਾ ਪਹਾੜਾ ਸਿੱਖ ਲੈਣਾ ਚਾਹੀਦਾ ਹੈ।

ਜੇ ਬਰੈਂਪਟਨ ਦੇ ਐਮ ਪੀਆਂ ਵੱਲੋਂ ਕੀਤੇ ਗਏ ਖਰਚਿਆਂ ਉੱਤੇ ਨਿੱਕੀ ਜਿਹੀ ਝਾਤ ਮਾਰੀ ਜਾਵੇ ਤਾਂ ਇੱਥੋਂ ਦੇ ਪੰਜ ਐਮ ਪੀ ਸਹਿਬਾਨ ਨੇ ਅਕਤੂਬਰ 2015 ਤੋਂ ਮਾਰਚ 2019 ਤੱਕ ਕੁੱਲ ਮਿਲਾ ਕੇ 2 ਲੱਖ 5 ਹਜ਼ਾਰ 849 ਡਾਲਰ ਇਸ਼ਤਿਹਾਰਬਾਜ਼ੀ ਉੱਤੇ ਖਰਚ ਕੀਤੇ ਹਨ। ਸਰਕਾਰੀ ਕਾਇਦੇ ਕਾਨੂੰਨ ਮੁਤਾਬਕ ਮੈਂਬਰ ਪਾਰਲੀਮੈਂਟ ਇਸ਼ਤਿਹਾਰਬਾਜ਼ੀ ਦੇ ਡਾਲਰ ਰਾਈਡਿੰਗ ਦੇ ਵੋਟਰਾਂ ਨਾਲ ਸੁਨੇਹੇ ਸਾਂਝੇ ਕਰਨ, ਹਲਕੇ ਵਿੱਚ ਮੀਟਿੰਗਾਂ ਕਰਨ, ਅਖਬਾਰਾਂ ਆਦਿ ਵਿੱਚ ਵਧਾਈ ਦੇ ਸੁਨੇਹੇ ਦੇਣ ਅਤੇ ਆਪਣੇ ਖਿਆਲ ਜ਼ਾਹਰ ਕਰਨ ਲਈ ਆਰਟੀਕਲ ਆਦਿ ਛਪਵਾਉਣ ਉੱਤੇ ਖਰਚ ਕਰ ਸਕਦੇ ਹਨ। ਸੁਆਲ ਹੈ ਕਿ ਖਰਚ ਕੀਤੇ ਗਏ 2 ਲੱਖ ਤੋਂ ਵੱਧ ਡਾਲਰਾਂ ਵਿੱਚੋਂ ਐਮ ਪੀ ਸਹਿਬਾਨ ਨੇ ਕਿਸ ਮੀਡੀਆ ਨਾਲ ਕਿੰਨੇ ਡਾਲਰ ਸਾਂਝੇ ਕੀਤੇ ਜਾਂ ਫੇਰ ਦੇਸੀ ਮੀਡੀਆ ਨੂੰ ਪੁੰਨ-ਦਾਨ ਦੀ ਗਊ ਸਮਝ ਕੇ ਵਰਤਦੇ ਰਹਿੰਦੇ ਹਨ।

ਜਦੋਂ ਖਰਚਿਆਂ ਜਾਂ ਕਿਸੇ ਹੋਰ ਕਿਸਮ ਦੇ ਅੰਕੜਿਆਂ ਦੀ ਆਉਂਦੀ ਹੈ ਤਾਂ ਇਸ ਕਿੱਸੇ ਨੂੰ ਕਿੰਨਾ ਹੀ ਵਧਾਇਆ ਜਾ ਸਕਦਾ ਹੈ ਪਰ ਅਸਲ ਮੁੱਦਾ ਜਵਾਬਦੇਹੀ ਦਾ ਹੈ। ਚੁਣੇ ਨੁਮਾਇੰਦਿਆਂ ਤੋਂ ਪਬਲਿਕ ਆਸ ਕਰਦੀ ਹੈ ਕਿ ਉਹ ਆਪੋ ਆਪਣੀ ਰਾਈਡਿੰਗ ਦੀ ਦਿਆਨਤਦਾਰੀ ਨਾਲ ਪਾਰਲੀਮੈਂਟ ਵਿੱਚ ਅਗਵਾਈ ਕਰਨ ਅਤੇ ਜ਼ੁੰਮੇਵਾਰੀ ਨਾਲ ਆਪਣੇ ਫਰਜ਼ ਨਿਭਾਉਣ। ਅੱਜ ਦਾ ਵੋਟਰ ਸਿਰਫ਼ ਸਿਆਣਾ ਹੀ ਨਹੀਂ ਸਗੋਂ ਸਮਝਦਾਰ ਵੀ ਹੈ ਜੋ ਆਪਣੇ ਨੁਮਾਇੰਦਿਆਂ ਨੂੰ ਇਖਲਾਕ ਦੇ ਛੱਜ ਵਿੱਚ ਪਾ ਕੇ ਛੱਟਣਾ ਜਾਣਦਾ ਹੈ। ਲੋੜ ਹੈ ਕਿ ਸਾਡੇ ਨੁਮਾਇੰਦੇ ਸੱਚ ਦੇ ਛੱਜ ਵਿੱਚ ਛੱਟੇ ਜਾਣ ਲਈ ਖੁਦ ਨੂੰ ਤਿਆਰ ਕਰਨਾ ਆਰੰਭ ਕਰਨ।

# ਕੁੱਝ ਮਹੀਨਿਆਂ ਵਿੱਚ ਵੱਡੀ ਤਬਦੀਲੀ ਲਿਆਕੇ ਰਹਾਂਗੇ : ਸ਼ੀਅਰ

...ਪੰਨਾ 1 ਦਾ ਬਾਕੀ

ਸਾਨੂੰ ਸਕਾਰਾਤਮਕਤਾ ਤੇ ਆਸ ਦਾ ਸੁਨੇਹਾ ਦੇਣਾ ਹੋਵੇਗਾ। ਉਨ੍ਹਾਂ ਆਖਿਆ ਕਿ ਇਸ ਹਕੀਕਤ ਤੋਂ ਇੱਥੇ ਹੁਣ ਹਰ ਕੋਈ ਜਾਣੂ ਹੈ ਕਿ ਫੈਡਰਲ ਸਰਕਾਰ ਅਲਬਰਟਾ ਦਾ ਸਾਥ ਦੇਣ ਲਈ ਮੌਜੂਦ ਨਹੀਂ ਹੈ। ਇੱਥੇ ਹੀ ਬੱਸ ਨਹੀਂ ਜਦੋਂ ਅਲਬਰਟਾ ਮਾੜੇ ਦੌਰ ਵਿੱਚੋਂ ਲੰਘ ਰਿਹਾ ਹੁੰਦਾ ਹੈ ਤਾਂ ਉਸ ਨੂੰ ਹੋਰ ਲਤਾੜਿਆ ਜਾਂਦਾ ਹੈ। ਇੱਥੋਂ ਦੇ ਲੋਕਾਂ ਲਈ ਇਹ ਸੱਭ ਬਰਦਾਸ਼ਤ ਕਰਨਾ ਬਹੁਤ ਔਖਾ ਹੈ। ਸ਼ੀਅਰ ਨੇ ਆਖਿਆ ਕਿ ਬੱਸ ਹੁਣ ਕੁੱਝ ਮਹੀਨਿਆਂ ਦੀ ਹੀ ਗੱਲ ਹੈ ਤੇ ਅਸੀਂ ਅਸਲੀ ਤਬਦੀਲੀ ਲਿਆ ਕੇ ਹੀ ਰਹਾਂਗੇ।

ਸ਼ੀਅਰ ਦੀ ਕੰਜ਼ਰਵੇਟਿਵ ਪਾਰਟੀ ਤੋਂ ਵੱਖ ਹੋ ਕੇ ਪੀਪਲਜ਼ ਪਾਰਟੀ ਆਫ ਕੈਨੇਡਾ ਬਣਾਉਣ ਵਾਲੇ ਮੈਕਸਿਮ ਬਰਨੀਅਰ ਬਾਰੇ ਜਦੋਂ ਪੁੱਛਿਆ ਗਿਆ ਤਾਂ ਸ਼ੀਅਰ ਨੇ ਮਜ਼ਾਕੀਆ ਲਹਿਜੇ ਵਿੱਚ ਆਖਿਆ ਕਿ ਮੁਆਫ ਕਰਨਾ, ਉਹ ਕੌਣ ਹੈ? ਫਿਰ ਉਨ੍ਹਾਂ ਆਖਿਆ ਕਿ ਇਸ ਵਾਰੀ ਮੁਕਾਬਲਾ ਜਸਟਿਨ ਟਰੂਡੋ ਤੇ ਉਨ੍ਹਾਂ ਦੀ ਲਿਬਰਲ ਪਾਰਟੀ ਅਤੇ ਸ਼ੀਅਰ ਤੇ ਸਾਡੀ ਕੰਜ਼ਰਵੇਟਿਵ ਪਾਰਟੀ ਦਰਮਿਆਨ ਹੈ। ਉਨ੍ਹਾਂ ਇਹ ਵੀ ਆਖਿਆ ਕਿ ਅਲਬਰਟਾ ਦੇ ਲੋਕ ਜਾਣਦੇ ਹਨ ਜਦੋਂ ਕੰਜ਼ਰਵੇਟਿਵ ਲਹਿਰ ਵਿੱਚ ਵੰਡੀਆਂ ਪੈ ਜਾਂਦੀਆਂ ਹਨ ਤਾਂ ਕੀ ਬਣਦਾ ਹੈ। ਤੁਸੀਂ ਇਹੋ ਜਿਹੀਆਂ ਸਰਕਾਰਾਂ ਚੁਣਦੇ ਹੋਂ ਜਿਹੜੀਆਂ ਰਿਸੋਰਸ ਖੇਤਰ ਦੇ ਹਿੱਤ ਵਿੱਚ ਨਹੀਂ ਹੁੰਦੀਆਂ ਤੇ ਨਾ ਹੀ ਫਰੀ ਮਾਰਕਿਟ ਲਈ ਹੀ ਸਹੀ ਹੁੰਦੀਆਂ ਹਨ।

# ਪੈਰੋਲ ਦੀ ਅਰਜ਼ੀ ਤੋਂ ਪਿੱਛੋਂ 13 ਦਿਨ ਬੇਚੈਨ ਅਤੇ ਤਣਾਅ ਵਿੱਚ ਰਿਹਾ ਰਾਮ ਰਹੀਮ

ਚੰਡੀਗੜ੍ਹ, 7 ਜੁਲਾਈ (ਪੋਸਟ ਬਿਊਰੋ)- ਦੋ ਸਾਧਵੀਆਂ ਨਾਲ ਬਲਾਤਕਾਰ ਅਤੇ ਪੱਤਰਕਾਰ ਰਾਮਚੰਦਰ ਛਤਰਪਤੀ ਦੇ ਕਤਲ ਕੇਸ ਵਿੱਚ ਰੋਹਤਕ ਦੀ ਸੁਨਾਰੀਆ ਜੇਲ੍ਹ 'ਚ ਸਜ਼ਾ ਭੁਗਤ ਰਿਹਾ ਗੁਰਮੀਤ ਰਾਮ ਰਹੀਮ ਪੈਰੋਲ ਦੀ ਅਰਜ਼ੀ ਦੇਣ ਤੋਂ ਬਾਅਦ ਲਗਾਤਾਰ 13 ਦਿਨ ਨਾ ਸਿਰਫ ਬੇਚੈਨ ਰਿਹਾ, ਸਗੋਂ ਨਿਰੰਤਰ ਤਣਾਅ ਵਿੱਚ ਰਿਹਾ। ਆਪਣੇ ਪਰਵਾਰ ਤੇ ਵਕੀਲਾਂ ਨਾਲ ਸਲਾਹ ਤੋਂ ਬਾਅਦ ਉਸ ਨੇ 18 ਜੂਨ ਨੂੰ ਪੈਰੋਲ ਦੀ ਅਰਜ਼ੀ ਦਿੱਤੀ ਸੀ ਅਤੇ ਪਰਵਾਰ ਅਤੇ ਵਕੀਲਾਂ ਨਾਲ ਇਸ ਬਾਰੇ ਚਰਚਾ ਤੋਂ ਬਾਅਦ ਪੈਰੋਲ ਬਾਰੇ ਹੋ ਰਹੇ ਵਿਰੋਧ ਅਤੇ ਵਿਵਾਦ ਕਾਰਨ ਅਰਜ਼ੀ ਵਾਪਸ ਲੈ ਲਈ। ਰਾਮ ਰਹੀਮ ਨੇ ਪਹਿਲੀ ਜੁਲਾਈ ਨੂੰ ਜਦੋਂ ਆਪਣੀ ਪੈਰੋਲ ਦੀ ਅਰਜ਼ੀ ਵਾਪਸ ਲਈ ਤਾਂ ਇਸ ਪਿੱਛੋਂ ਸੁਨਾਰੀਆ ਜੇਲ੍ਹ ਵਿੱਚ ਰਾਮ ਰਹੀਮ ਨਾਲ ਉਸ ਦੇ ਬੇਟੇ ਜਸਮੀਤ ਸਿੰਘ ਇੰਸਾਂ, ਛੋਟੀ ਬੇਟੀ ਅਮਰਪ੍ਰੀਤ ਕੌਰ, ਵੱਡਾ ਜਵਾਈ ਅਤੇ ਡੇਰੇ ਦੀ ਡਿਪਟੀ ਚੇਅਪਰਸਨ ਸ਼ੋਭਾ ਇੰਸਾਂ ਤੋਂ ਇਲਾਵਾ ਰਾਮ ਰਹੀਮ ਦੇ ਵਕੀਲ ਨੇ ਵੀ ਮੁਲਾਕਾਤ ਕੀਤੀ ਸੀ। ਪਤਾ ਲੱਗਾ ਹੈ ਕਿ ਰਾਮ ਰਹੀਮ ਦੀ ਆਪਣੇ ਪਰਵਾਰ ਤੇ ਸ਼ੋਭਾ ਇੰਸਾਂ ਨਾਲ ਜੇਲ੍ਹ ਦੇ ਮੁਲਾਕਾਤੀ ਸ਼ੀਸ਼ਿਆਂ ਦੀ ਜਾਲੀ ਲੱਗੇ ਕੈਬਿਨ ਵਿੱਚ ਇੰਟਰਕਾਮ ਉਤੇ ਲਗਭਗ 20 ਮਿੰਟ ਗੱਲਬਾਤ ਹੋਈ ਸੀ। ਇਸ ਤੋਂ ਇਲਾਵਾ ਉਸ ਦੇ ਵਕੀਲ ਵੀ ਉਸੇ ਦਿਨ ਰਾਮ ਰਹੀਮ ਨੂੰ ਮਿਲਣ ਆਏ ਅਤੇ ਪੈਰੋਲ ਦੀ ਅਰਜ਼ੀ ਬਾਰੇ ਲੋਕਾਂ ਵਿੱਚ ਵਿਰੋਧ ਅਤੇ ਵਿਵਾਦਾਂ ਬਾਰੇ ਚਰਚਾ ਕੀਤੀ। ਪਰਵਾਰ ਅਤੇ ਵਕੀਲ ਦੇ ਜਾਣ ਪਿੱਛੋਂ ਰਾਮ ਰਹੀਮ ਨੇ ਆਪਣੀ ਪੈਰੋਲ ਦੀ ਅਰਜ਼ੀ ਵਾਪਸ ਲੈਣ ਬਾਰੇ ਪ੍ਰਸ਼ਾਸਨ ਨੂੰ ਅਰਜ਼ੀ ਦਿੱਤੀ। ਇਸ ਤੋਂ ਪਹਿਲਾਂ 17 ਜੂਨ ਨੂੰ ਰਾਮ ਰਹੀਮ ਨਾਲ ਪਰਵਾਰ ਨੇ ਮੁਲਾਕਾਤ ਕੀਤੀ ਸੀ ਤੇ ਉਸ ਮੁਲਾਕਾਤ ਤੋਂ ਬਾਅਦ ਅਗਲੇ ਦਿਨ ਰਾਮ ਰਹੀਮ ਨੇ ਖੇਤੀ ਕਰਨ ਦੇ ਨਾਂਅ ਤੇ ਛੇ ਹਫਤਿਆਂ ਦੀ ਪੈਰੋਲ ਦੀ ਮੰਗ ਲਈ ਜੇਲ੍ਹ ਪ੍ਰਸ਼ਾਸਨ ਨੂੰ ਅਰਜ਼ੀ ਦਿੱਤੀ ਸੀ। ਜਾਣਕਾਰ ਸੂਤਰਾਂ ਅਨੁਸਾਰ 18 ਜੂਨ ਨੂੰ ਪੈਰੋਲ ਦੀ ਅਰਜ਼ੀ ਦੇਣ ਪਿੱਛੋਂ ਰਾਮ ਰਹੀਮ ਜੇਲ੍ਹ ਵਿੱਚ ਲਗਾਤਾਰ ਬੇਚੈਨ ਰਿਹਾ ਅਤੇ ਉਸ ਦੇ ਚਿਹਰੇ 'ਤੇ ਲਗਾਤਾਰ ਤਣਾਅ ਸੀ।

ਅਗਸਤ 2017 ਵਿੱਚ ਜਦੋਂ ਰਾਮ ਰਹੀਮ ਨੂੰ ਸੁਨਾਰੀਆ ਜੇਲ੍ਹ ਲਿਆਂਦਾ ਗਿਆ ਤਾਂ ਉਹ ਸ਼ੁਰੂ-ਸ਼ੁਰੂ 'ਚ ਕੁਝ ਚਿਰ ਤਣਾਅ ਅਤੇ ਬੈਚੇਨੀ ਵਿੱਚ ਦੇਖਿਆ ਗਿਆ ਤੇ ਉਸ ਦਾ ਅਕਸਰ ਹੀ ਬਲੱਡ ਪ੍ਰੈਸ਼ਰ ਤੇ ਸ਼ੂਗਰ ਲੈਵਲ ਵਧ ਜਾਂਦਾ ਸੀ। ਹੌਲੀ ਹੌਲੀ ਜੇਲ੍ਹ ਵਿੱਚ ਉਸ ਦਾ ਭਾਰ ਘਟਣ ਅਤੇ ਜੇਲ੍ਹ ਦਾ ਖਾਣਾ ਖਾਣ ਦੇ ਨਾਲ ਉਹ ਜੇਲ੍ਹ ਵਿੱਚ ਸਬਜ਼ੀਆਂ ਦੀ ਬਿਜਾਈ ਕਰਨ ਦਾ ਕੰਮ ਕਰਦੇ ਕਰਦੇ ਉਸ ਦਾ ਭਾਰ 90-91 ਕਿਲੋ ਦੇ ਆਸਪਾਸ ਸਥਿਰ ਹੋ ਗਿਆ ਅਤੇ ਬੀ ਪੀ ਅਤੇ ਸ਼ੂਗਰ ਲੈਵਲ ਵੀ ਠੀਕ ਰਹਿਣ ਲੱਗ ਪਿਆ, ਪਰ ਪੈਰੋਲ ਦੀ ਅਰਜ਼ੀ ਦੇਣ ਪਿੱਛੋਂ ਉਹ ਬੇਚੈਨ ਅਤੇ ਤਣਾਅ 'ਚ ਦਿਖਾਈ ਦੇਣ ਲੱਗ ਪਿਆ। ਉਸ ਨੂੰ ਇਹ ਚਿੰਤਾ ਸਤਾਉਣ ਲੱਗ ਪਈ ਕਿ ਉਸ ਦੀ ਪੈਰੋਲ ਦਾ ਕੀ ਬਣੇਗਾ। ਪਰਵਾਰ, ਵਕੀਲ ਅਤੇ ਡੇਰੇ ਦੀ ਡਿਪਟੀ ਚੇਅਰਪਰਸਨ ਸ਼ੋਭਾ ਨਾਲ ਮੁਲਾਕਾਤ ਤੋਂ ਬਾਅਦ ਉਸ ਨੇ ਆਪਣੀ ਪੈਰੋਲ ਦੀ ਅਰਜ਼ੀ ਵਾਪਸ ਲੈਣ ਲਈ ਅਰਜ਼ੀ ਦੇ ਦਿੱਤੀ ਅਤੇ ਅਰਜ਼ੀ ਵਾਪਸ ਲੈਣ ਤੋਂ ਬਾਅਦ ਇੱਕ ਵਾਰ ਫਿਰ ਤੋਂ ਜੇਲ੍ਹ ਵਿੱਚ ਆਮ ਕੈਦੀ ਦੀ ਤਰ੍ਹਾਂ ਰਹਿਣ ਲੱਗ ਪਿਆ ਹੈ।

# ਬੇਗਾਨੇ ਬੱਚਿਆਂ ਤੋਂ ਪੱਥਰਬਾਜ਼ੀ ਕਰਾਉਂਦੇ 112 ਵੱਖਵਾਦੀ ਲੀਡਰਾਂ ਦੇ 220 ਬੱਚੇ ਪੜ੍ਹਦੇ ਹਨ ਵਿਦੇਸ਼ਾਂ ਵਿੱਚ

ਨਵੀਂ ਦਿੱਲੀ, 7 ਜੁਲਾਈ (ਪੋਸਟ ਬਿਊਰੋ)- ਕੇਂਦਰੀ ਗ੍ਰਹਿ ਮੰਤਰੀ ਅਮਿਤ ਸ਼ਾਹ ਦੀ ਅਗਵਾਈ ਹੇਠ ਗ੍ਰਹਿ ਮੰਤਰਾਲਾ ਨੇ ਆਮ ਕਸ਼ਮੀਰੀਆਂ ਅੱਗੇ ਵੱਖਵਾਦੀਆਂ ਦੇ ਅਸਲੀ ਚਿਹਰੇ ਬੇਨਕਾਬ ਕਰਨ ਦੀ ਯੋਜਨਾ ਬਣਾਈ ਹੈ। ਕਸ਼ਮੀਰ ਵਾਦੀ ਵਿੱਚ ਸਕੂਲੀ ਬੱਚਿਆਂ ਤੋਂ ਪੱਥਰਬਾਜ਼ੀ ਕਰਾਉਣ, ਅੱਤਵਾਦੀਆਂ ਦੇ ਮਰਨ 'ਤੇ ਸਕੂਲਾਂ ਵਿੱਚ ਅੱਗਾਂ ਲੁਆਉਣ ਤੇ ਹੜਤਾਲ ਕਰ ਕੇ ਸਕੂਲ ਬੰਦ ਕਰਾਉਣ ਵਾਲੇ ਵੱਖਵਾਦੀ ਖੁਦ ਆਪਣੇ ਬੱਚਿਆਂ ਨੂੰ ਵਿਦੇਸ਼ਾਂ ਵਿੱਚ ਪੜ੍ਹਾਉਂਦੇਂ ਹਨ।

ਹੁਰੀਅਤ ਆਗੂਆਂ ਸਮੇਤ ਕਸ਼ਮੀਰ ਵਾਦੀ ਦੇ 112 ਵੱਖਵਾਦੀਆਂ ਅਤੇ ਉਨ੍ਹਾਂ ਨਾਲ ਹਮਦਰਦੀ ਰੱਖਣ ਵਾਲਿਆਂ ਦੇ ਘੱਟੋ-ਘੱਟ 220 ਬੱਚੇ ਵਿਦੇਸ਼ਾਂ ਵਿੱਚ ਜਾਂ ਪੜ੍ਹਦੇ ਹਨ ਜਾਂ ਉਥੇ ਰਹਿੰਦੇ ਹਨ। ਕਸ਼ਮੀਰੀ ਲੋਕਾਂ ਨੂੰ ਕੁਰਬਾਨੀ ਦਾ ਸੱਦਾ ਦੇਣ ਵਾਲੇ ਵੱਖਵਾਦੀਆਂ ਦੀ ਇਸ ਸੱਚਾਈ ਤੋਂ ਵਾਦੀ ਦੇ ਉਚ ਕਲਾਸ ਨਾਲ ਸੰਬੰਧਤ ਲੋਕ ਚੰਗੀ ਤਰ੍ਹਾਂ ਜਾਣੂ ਹਨ, ਪਰ ਲੱਗਦਾ ਹੈ ਕਿ ਗ੍ਰਹਿ ਮੰਤਰਾਲਾ ਆਪਣੀ ਯੋਜਨਾ ਅਧੀਨ ਵੱਖਵਾਦੀਆਂ ਦੀ ਇਸ ਸੱਚਾਈ ਤੋਂ ਵੱਖਵਾਦੀਆਂ ਦੀ ਇਸ ਸੱਚਾਈ ਨੂੰ ਬੇਨਕਾਬ ਕਰਨ ਵਾਲੇ ਤੱਥਾਂ ਦਾ ਵੱਡੀ ਪੱਧਰ 'ਤੇ ਪ੍ਰਚਾਰ ਕਰਨ ਵਾਲਾ ਹੈ। ਵੱਖਵਾਦੀਆਂ ਵਿਰੁੱਧ ਇਸ ਪੋਲ ਖੋਲ੍ਹ ਮੁਹਿੰਮ ਦੀ ਜ਼ਮੀਨ ਗ੍ਰਹਿ ਮੰਤਰੀ ਅਮਿਤ ਸ਼ਾਹ ਨੇ ਪਿਛਲੇ ਹਫਤੇ ਤਿਆਰ ਕੀਤੀ।

ਗ੍ਰਹਿ ਮੰਤਰਾਲਾ ਸੂਤਰਾਂ ਮੁਤਾਬਕ ਤਹਿਰੀਕ ਏ ਹੁਰੀਅਤ ਦੇ ਚੇਅਰਮੈਨ ਅਸ਼ਰਫ ਗੁਲਾਮ ਦੇ ਦੋ ਪੁੱਤਰ ਖਾਲਿਦ ਤੇ ਆਬਿਦ ਸਾਊਦੀ ਅਰਬ ਵਿੱਚ ਕੰਮ ਕਰਦੇ ਹਨ। ਉਹ ਦੋਵੇਂ ਉਥੇ ਵਸੇ ਹੋਏ ਹਨ। ਜਮਾਤ ਏ ਇਸਲਾਮੀ ਦੇ ਸਦਰ ਗੁਲਾਮ ਮੁਹੰਮਦ ਬੱਟ ਦਾ ਪੁੱਤਰ ਸਾਊਦੀ ਅਰਬ ਵਿੱਚ ਡਾਕਟਰ ਹੈ। ਦੁਖਤਰਾਨ ਏ ਮਿੱਲਤ ਦੀ ਆਸੀਆ ਅੰਦਰਾਬੀ ਦਾ ਇੱਕ ਪੁੱਤਰ ਮੁਹੰਮਦ ਬਿਨ ਕਾਸਿਮ ਮਲੇਸ਼ੀਆ ਤੇ ਦੂਜਾ ਪੁੱਤਰ ਅਹਿਮਦ ਬਿਨ ਕਾਸਿਮ ਆਸਟਰੇਲੀਆ ਵਿੱਚ ਹੈ। ਸਈਦ ਅਲੀ ਸ਼ਾਹ ਗਿਲਾਨੀ ਦੇ ਪੁੱਤਰ ਨਈਮ ਨੇ ਹੁਣੇ ਜਿਹੇ ਹੀ ਪਾਕਿਸਤਾਨ ਵਿੱਚ ਐੱਮ ਬੀ ਬੀ ਐੱਸ ਦੀ ਪੜ੍ਹਾਈ ਪੂਰੀ ਕੀਤੀ ਹੈ।

ਪੰਜਾਬੀ ਪੋਸਟ

Punjabipost.ca
905-793-2202
27 Armthorpe Rd #3,
Brampton, L6T 5M4

| | |
|---|---|
| Founder Editor | Jagdish Singh Grewal |
| Managing Director | Parminder Kaur Grewal |
| Contributing Editors | Karam Singh Punia<br>Gyan Singh; Angrej Singh |
| Office Admin | Priya Sodhi |
| Marketing Executives | Priya Sodhi<br>Kamaljeet Kaur |
| Graphic Designer | Satnam Singh |
| Photographer | Kanwaljit Singh Kanwal |
| Distributer | Aman Warraich |

Punjabi Post is a daily newspaper, published *Monday to Friday*. Advertiser is solely responsible for the ads content, releasing Punjabi post from any and all liability arising from Advertiser's use of the ads/advertising materials as permitted in an Agreement or IO. The opinions expressed in the articles & columns are those of the writers, editors or any other staff member at Punjabi post assume no responsibility of any kind. Thank you.

# ਅਲਕਾਇਦਾ ਦੀ ਫੰਡਿੰਗ ਦੇ ਦੋਸ਼ ਹੇਠ ਪਾਕਿਸਤਾਨ ਵਿੱਚ ਐੱਨ ਜੀ ਓ ਦਾ ਮੁਖੀ ਗ੍ਰਿਫ਼ਤਾਰ

ਪੇਸ਼ਾਵਰ, 7 ਜੁਲਾਈ, (ਪੋਸਟ ਬਿਊਰੋ)- ਪਾਕਿਸਤਾਨ ਵਿੱਚ ਇਕ ਸੰਸਾਰ ਪੱਧਰ ਦੇ ਗੈਰ ਸਰਕਾਰੀ ਸੰਗਠਨ(ਐੱਨ ਜੀ ਓ) ਹਿਊਮਨ ਕੰਸਰਨ ਇੰਟਰਨੈਸ਼ਨਲ ਦੇ ਸਥਾਨਕ ਮੁਖੀ ਅਲੀ ਨਵਾਜ਼ ਨੂੰ ਅਲਕਾਇਦਾ ਦੇ ਅੱਤਵਾਦੀਆਂ ਦੀ ਆਰਥਿਕ ਮਦਦ ਦੇ ਦੋਸ਼ਹੇਠ ਗ੍ਰਿਫ਼ਤਾਰ ਕਰ ਲਿਆ ਗਿਆ ਹੈ। ਪਾਕਿਸਤਾਨ ਦੇ ਕਾਊਂਟਰ ਟੈਰਰਿਜ਼ਮ ਡਿਪਾਰਟਮੈਂਟ (ਸੀਟੀਡੀ) ਨੇ ਇੱਕ ਗੁਪਤ ਸੂਚਨਾ ਦੇ ਆਧਾਰ ਉੱਤੇ ਅਲੀ ਨਵਾਜ਼ ਨੂੰ ਗ੍ਰਿਫ਼ਤਾਰ ਕਰ ਕੇ ਸ਼ਨਿਚਰਵਾਰ ਨੂੰ ਅਦਾਲਤ ਵਿੱਚ ਪੇਸ਼ ਕੀਤਾ ਤਾਂ ਅਦਾਲਤ ਨੇ ਪੁੱਛਗਿੱਛ ਲਈ ਉਸ ਦਾ ਦੋ ਦਿਨ ਦਾ ਪੁਲਸ ਰਿਮਾਂਡਜਾਰੀ ਕਰ ਦਿੱਤਾ ਹੈ।

ਪਤਾ ਲੱਗਾ ਹੈ ਕਿ ਪਾਕਿਸਤਾਨ ਦੀ ਕੇਂਦਰੀ ਜਾਂਚ ਏਜੰਸੀ ਸੀਟੀਡੀ ਨੂੰ ਸੂਚਨਾ ਮਿਲੀ ਸੀ ਕਿ ਇਸਐੱਨ ਜੀ ਓਦੇ ਰਾਹੀਂ ਅੱਤਵਾਦੀਆਂ ਦੀ ਫੰਡਿੰਗ ਕੀਤੀ ਜਾਂਦੀ ਹੈ।ਇਹ ਗ੍ਰਿਫ਼ਤਾਰੀ ਉਸ ਵੇਲੇ ਹੋਈ ਹੈ, ਜਦੋਂ ਅੱਤਵਾਦੀ ਫੰਡਿੰਗ ਬਾਰੇ ਪਾਕਿਸਤਾਨ ਦੇ ਘਟੀਆ ਵਿਹਾਰ ਉੱਤੇਸੰਸਾਰ ਦੇ ਪ੍ਰਮੁੱਖ ਦੇਸ਼ਾਂਵੱਲੋਂ ਚਿੰਤਾ ਪ੍ਰਗਟ ਕੀਤੀ ਗਈ ਹਨ। ਅੱਤਵਾਦੀ ਗਰੁੱਪਾਂ ਦੀ ਫੰਡਿੰਗ ਅਤੇ ਮਨੀ ਲਾਂਡਰਿੰਗ ਵਿਰੁੱਧ ਪੈਰਿਸ ਵਿੱਚ ਕੌਮਾਂਤਰੀ ਸੰਸਥਾ ਫਾਈਨਾਂਸ਼ੀਅਲ ਐਕਸ਼ਨ ਟਾਸਕ ਫੋਰਸ (ਐੱਫ ਏਟੀ ਐੱਫ) ਨੇ ਪਿਛਲੇ ਸਾਲ ਪਾਕਿਸਤਾਨ ਨੂੰ ਏਸੇ ਦੋਸ਼ ਹੇਠ ਗ੍ਰੇਅ ਸੂਚੀ ਵਿੱਚ ਪਾ ਦਿੱਤਾ ਸੀ ਅਤੇ ਐੱਫ ਏਟੀ ਐੱਫ ਨੇ ਅੱਗੋਂ ਲਈ ਵੀ ਪਾਕਿਸਤਾਨ ਨੂੰ ਸੁਚੇਤ ਕੀਤਾ ਹੋਇਆ ਹੈ ਕਿ ਉਹ ਅੱਤਵਾਦੀ ਫੰਡਿੰਗ ਤੇ ਮਨੀ ਲਾਂਡਰਿੰਗ ਦੇ ਕੇਸ ਵਿੱਚ ਅਕਤੂਬਰ ਤਕ ਸਖ਼ਤ ਕਾਰਵਾਈ ਕਰੇ, ਵਰਨਾ ਉਸ ਦੇ ਖ਼ਿਲਾਫ਼ ਸਖ਼ਤ ਕਦਮ ਚੁੱਕੇ ਜਾ ਸਕਦੇ ਹਨ।







# ਮੈਡੀਕਲ ਦੁਨੀਆ ਵਿੱਚ ਡਾਕਟਰ ਵੀ ਹਨ ਭਰਮਾਂ ਦੇ ਸ਼ਿਕਾਰ

ਵਾਸ਼ਿੰਗਟਨ, 7 ਜੁਲਾਈ (ਪੋਸਟ ਬਿਊਰੋ)- ਡਾਕਟਰ ਜੇ ਕੋਈ ਸਲਾਹ ਦਿੰਦਾ ਹੈ ਤਾਂ ਸਾਰੇ ਇਹ ਮੰਨ ਕੇ ਚੱਲਦੇ ਹਨ ਕਿ ਉਸ ਦਾ ਕੋਈ ਵਿ-ਗਆਨਕ ਆਧਾਰ ਹੋਵੇਗਾ। ਇਸੇ ਲਈ ਅਜਿਹੇ ਸੁਝਾਅ ਹੌਲੀ ਹੌਲੀ ਇੱਕ ਜਣੇ ਤੋਂ ਦੂਜੇ ਤੱਕ ਹੁੰਦੇ ਹੋਏ ਸਮਾਜ ਵਿੱਚ ਫੈਲ ਜਾਂਦੇ ਹਨ, ਪਰ ਡਾਕਟਰ ਤੋਂ ਮਿਲਦੀ ਸਲਾਹ ਵੀ ਕਈ ਵਾਰ ਨਿਰਾਧਾਰ ਹੁੰਦੀ ਹੈ? ਆਮ ਲੋਕਾਂ ਦੇ ਨਾਲ ਨਾਲ ਬਹੁਤੇ ਡਾਕਟਰ ਵੀ ਕੁਝ ਭਰਮਾਂ ਨੂੰ ਸੱਚ ਮੰਨ ਕੇ ਲੋਕਾਂ ਨੂੰ ਉਨ੍ਹਾਂ ਨਾਲ ਜੁੜੀਆਂ ਸਲਾਹਾਂ ਦੇ ਦਿੰਦੇ ਹਨ।

ਇਕ ਅਧਿਐਨ ਮੁਤਾਬਕ ਆਮ ਤੌਰ ਉਤੇ ਦਿੱਤੀਆਂ ਜਾਣ ਵਾਲੀਆਂ ਕਰੀਬ 400 ਸਲਾਹਾਂ ਅਜਿਹੀਆਂ ਹਨ, ਜਿਨ੍ਹਾਂ ਦੇ ਬਾਰੇ ਵਿਗਿਆਨਕ ਤੱਥ ਵੱਖਰੇ ਹਨ। ਜੇ ਏ ਐੱਮ ਏ ਅਤੇ ਦਾ ਲੈਂਸੇਟ ਵਰਗੀਆਂ ਵਿਗਿਆਨ ਦੀਆਂ ਮੈਗਜ਼ੀਨਾਂ ਵਿੱਚ 2003 ਤੋਂ 2017 ਵਿਚਾਲੇ ਛਪੇ 3000 ਤੋਂ ਵੱਧ ਅਧਿਐਨਾਂ ਤੇ ਨਿਊ ਇੰਗਲੈਂਡ ਜਰਨਲ ਆਫ ਮੈਡੀਸਨ ਵਿੱਚ 2011 ਤੋਂ 2017 ਵਿਚਾਲੇ ਛਪੇ ਅਧਿਐਨਾਂ ਵਿੱਚੋਂ ਹਰ 10ਵੇਂ ਅਧਿਐਨ ਵਿੱਚ ਕਿਸੇ ਮੈਡੀਕਲ ਦਾਅਵੇ ਨੂੰ ਰੱਦ ਕੀਤਾ ਗਿਆ ਸੀ। ਇਸ ਦਾ ਅਰਥ ਹੈ ਕਿ ਇਨ੍ਹਾਂ ਅਧਿਐਨਾਂ ਵਿੱਚ ਅਜਿਹੇ ਕਈ ਸੁਝਾਵਾਂ ਨੂੰ ਗਲਤ ਪਾਇਆ ਗਿਆ, ਜਿਹੜੇ ਡਾਕਟਰ ਆਮ ਤੌਰ 'ਤੇ ਸਾਰੇ ਮਾਹਰਾਂ ਨੂੰ ਦਿੰਦੇ ਹਨ। ਅਮਰੀਕਾ ਦੀ ਓਰੇਗਾਨ ਹੈਲਥ ਐਂਡ ਸਾਇੰਸ ਯੂਨੀਵਰਸਿਟੀ ਦੇ ਡਾਕਟਰ ਵਿਨੈ ਪ੍ਰਸਾਦ ਨੇ ਕਿਹਾ, ਬਿਨਾਂ ਸ਼ੱਕ ਇਹ ਜਾਣ ਕੇ ਸਾਰੇ ਠੱਗਿਆ ਮਹਿਸੂਸ ਕਰਦੇ ਹਨ। ਸਾਲਾਂ ਤੋਂ ਪੜ੍ਹੇ ਲਿਖੇ ਅਤੇ ਸਮਝਦਾਰ ਲੋਕ ਜਿਹੜੀ ਸਲਾਹ ਦਿੰਦੇ ਆ ਰਹੇ ਹਨ, ਉਹ ਗਲਤ ਹੈ। ਪ੍ਰਸਾਦ ਅਤੇ ਉਨ੍ਹਾਂ ਦੀ ਟੀਮ ਨੇ ਅਜਿਹੀਆਂ ਕੁਝ ਸਲਾਹਾਂ ਅਤੇ ਉਨ੍ਹਾਂ ਦੀ ਸੱਚਾਈ ਦੇ ਬਾਰੇ ਵਿੱਚ ਅੰਕੜੇ ਜੁਟਾਏ ਹਨ।

ਕੁਝ ਅਜਿਹੇ ਭਰਮ ਅਸਲੋਂ ਅਜੀਬ ਜਿਹੇ ਹਨ, ਜਿਵੇਂ ਬੱਚਿਆਂ ਨੂੰ ਪੀਨਟ ਐਲਰਜੀ ਯਾਨੀ ਮੂੰਗਫਲੀ ਤੋਂ ਹੋਣ ਵਾਲੀ ਐਲਰਜੀ ਦਾ ਖਤਰਾ ਰਹਿੰਦਾ ਹੈ। ਇਸ ਬਾਰੇ ਸਲਾਹ ਦਿੱਤੀ ਜਾਂਦੀ ਹੈ ਕਿ ਤਿੰਨ ਸਾਲ ਤੋਂ ਛੋਟੇ ਬੱਚੇ ਨੂੰ ਮੂੰਗਫਲੀ ਨਹੀਂ ਖੁਆਉਣੀ ਚਾਹੀਦੀ। ਖੋਜ ਵਿੱਚ ਇਹ ਗੱਲ ਠੀਕ ਨਹੀਂ ਨਿਕਲੀ। ਵਿਗਿਆਨੀਆਂ ਮੁਤਾਬਕ ਬੱਚਾ ਕਿਹੜੀ ਉਮਰ ਵਿੱਚ ਮੂੰਗਫਲੀ ਖਾਏਗਾ, ਇਸ ਨਾਲ ਐਲਰਜੀ 'ਤੇ ਕੋਈ ਫਰਕ ਨਹੀਂ ਪੈਂਦਾ। ਇੱਕ ਧਾਰਨਾ ਹੈ ਕਿ ਮੱਛੀ ਦਾ ਤੇਲ ਦਿਲ ਦੀਆਂ ਬਿਮਾਰੀਆਂ ਦੂਰ ਕਰਦਾ ਹੈ। ਇਸ ਵਿੱਚ ਪਾਏ ਜਾਂਦੇ ਓਮੇਗਾ-3 ਫੈਟੀ ਐਸਿਡ ਕਾਰਨ ਇਹ ਗੱਲ ਸਹੀ ਲੱਗਦੀ ਹੈ, ਪਰ 12500 ਲੋਕਾਂ 'ਤੇ ਕੀਤੇ ਗਏ ਤਜਰਬੇ ਵਿੱਚ ਇਹ ਦਾਅਵਾ ਬੇਬੁਨਿਆਦ ਪਾਇਆ ਗਿਆ। ਕੁਝ ਅਧਿਐਨਾਂ ਵਿਚ ਕਿਹਾ ਗਿਆ ਕਿ ਜਿਨ੍ਹਾਂ ਲੋਕਾਂ ਵਿੱਚ ਟੈਸਟੋਸਟੇਰੋਨ ਹਾਰਮੋਨ ਦਾ ਪੱਧਰ ਹੁੰਦਾ ਹੈ, ਉਨ੍ਹਾਂ ਦਾ ਦਿਮਾਗ ਬਿਹਤਰ ਕੰਮ ਕਰਦਾ ਹੈ ਤੇ ਉਨ੍ਹਾਂ ਦੀ ਯਾਦਾਸ਼ਤ ਚੰਗੀ ਰਹਿੰਦੀ ਹੈ, ਪਰ ਇਸ ਦੇ ਆਧਾਰ ਉੱਤੇ ਇਹ ਸਿੱਟਾ ਕੱਢਣਾ ਗਲਤ ਹੈ ਕਿ ਹਾਰਮੋਨਲ ਇਲਾਜ ਤੋਂ ਯਾਦਾਸ਼ਤ ਸਹੀ ਹੋ ਸਕਦੀ ਹੈ। ਖੋਜ ਵਿੱਚ ਇਹ ਦਾਅਵਾ ਗਲਤ ਪਾਇਆ ਗਿਆ ਹੈ। ਲੋਕਾਂ ਵਿੱਚ ਇਸ ਗੱਲ ਦਾ ਵੀ ਭਰਮ ਦੇਖਿਆ ਗਿਆ ਕਿ ਕੈਲੋਰੀ ਟ੍ਰੈਕਰ ਤੇ ਕਦਮ ਗਿਣਨ ਵਾਲੇ ਡਿਵਾਈਸ ਪਾਉਣ ਨਾਲ ਵਜ਼ਨ ਘੱਟ ਹੁੰਦੀ ਹੈ। ਕਈ ਡਾਕਟਰ ਵੀ ਇਸ ਦੀ ਸਲਾਹ ਦਿੰਦੇ ਹਨ। ਅਧਿਐਨ ਵਿੱਚ ਅਜਿਹਾ ਨਹੀਂ ਪਾਇਆ ਗਿਆ, ਬਲਕਿ ਕੁਝ ਮਾਮਲਿਆਂ ਵਿੱਚ ਉਲਟਾ ਅਸਰ ਦੇਖਣ ਨੂੰ ਮਿਲਿਆ ਹੈ। ਕਈ ਡਾਕਟਰ ਸਲਾਹ ਦਿੰਦੇ ਹਨ ਕਿ ਘਰ ਵਿੱਚ ਚੂਹੇ ਤੇ ਕਾਕਰੋਚ ਨੂੰ ਨਹੀਂ ਵੜਨ ਦੇਣਾ ਚਾਹੀਦਾ। ਅਜਿਹਾ ਕਰਨਾ ਦਮੇ ਦੇ ਮਰੀਜ਼ਾਂ ਲਈ ਚੰਗਾ ਹੈ। 2017 ਵਿੱਚ ਇੱਕ ਅਧਿਐਨ ਵਿੱਚ ਪਾਇਆ ਗਿਆ ਸੀ ਕਿ ਕਾਕਰੋਚ ਆਦਿ ਭਜਾਉਣ ਲਈ ਘਰ ਵਿੱਚ ਕੀਟਨਾਸ਼ਕ ਦਾ ਛਿੜਕਾਅ ਕਰਨ ਨਾਲ ਬੱਚਿਆਂ ਨੂੰ ਪੈਣ ਵਾਲੇ ਦਮੇ ਦੇ ਦੌਰੇ 'ਤੇ ਕੋਈ ਸਕਾਰਾਤਮਕ ਅਸਰ ਨਹੀਂ ਪੈਂਦਾ।

# ਕੇਂਦਰੀ ਮੰਤਰੀਆਂ ਦੇ ਖਿਲਾਫ ਭ੍ਰਿਸ਼ਟਾਚਾਰੀ ਕੇਸਾਂ ਬਾਰੇ ਜਾਨਣ ਦਾ ਰਾਹ ਖੁੱਲ੍ਹਿਆ

ਨਵੀਂ ਦਿੱਲੀ, 7 ਜੁਲਾਈ (ਪੋਸਟ ਬਿਊਰੋ)- ਕੇਂਦਰੀ ਸੂਚਨਾ ਕਮਿਸ਼ਨ (ਸੀ ਆਈ ਸੀ) ਨੇ ਕੇਂਦਰੀ ਮੰਤਰੀਆਂ ਖਿਲਾਫ ਭ੍ਰਿਸ਼ਟਾਚਾਰ ਦੇ ਕੇਸਾਂ ਦੇ ਖੁਲਾਸੇ ਕਰਨ ਲਈ ਰਾਹ ਖੋਲ੍ਹ ਦਿੱਤਾ ਹੈ। ਸੀ ਆਈ ਸੀ ਨੇ ਅਫਸਰ ਸੰਜੀਵ ਚਤੁਰਵੇਦੀ ਵੱਲੋਂ ਦਾਖਲ ਕੀਤੀ ਇੱਕ ਆਰ ਟੀ ਆਈ ਅਰਜ਼ੀ ਦੇ ਜਵਾਬ ਵਿੱਚ ਪ੍ਰਧਾਨ ਮੰਤਰੀ ਦਫਤਰ ਵੱਲੋਂ ਕੀਤੇ ਇਤਰਾਜ਼ਾਂ 'ਤੇ ਟਿੱਪਣੀ ਕਰਦਿਆਂ ਕਿਹਾ ਕਿ ਇਹ ਇਤਰਾਜ਼ ਸਹੀ ਨਹੀਂ ਹਨ।

ਭਾਰਤੀ ਜੰਗਲਾਤ ਸੇਵਾ ਦੇ 2002 ਬੈਚ ਦੇ ਅਧਿਕਾਰੀ ਚਤੁਰਵੇਦੀ ਨੇ 2017 ਵਿੱਚ ਪ੍ਰਧਾਨ ਮੰਤਰੀ ਦਫਤਰ (ਪੀ ਐੱਮ ਓ) ਵਿੱਚ ਅਰਜ਼ੀ ਦਾਖਲ ਕਰ ਕੇ ਕੇਂਦਰੀ ਮੰਤਰੀਆਂ ਦੇ ਖਿਲਾਫ ਜੂਨ 2014 ਤੋਂ 2017 ਤੱਕ ਆਈਆਂ ਹੋਈਆਂ ਭ੍ਰਿਸ਼ਟਾਚਾਰ ਦੀਆਂ ਸ਼ਿਕਾਇਤਾਂ ਦੀ ਜਾਣਕਾਰੀ ਮੰਗੀ ਸੀ। ਪੀ ਐੱਮ ਓ ਨੇ ਅਕਤੂਬਰ 2017 ਵਿੱਚ ਇਸ ਆਰ ਟੀ ਆਈ ਦੇ ਜਵਾਬ ਵਿੱਚ ਕਿਹਾ ਸੀ ਕਿ ਇਹ ਜਾਣਕਾਰੀ ਕਿਸੇ ਵਿਸ਼ੇਸ਼ ਵਿਅਕਤੀ ਵੱਲ ਸੇਧਤ ਨਹੀਂ ਹੈ ਤੇ ਅਸਪੱਸ਼ਟ ਹੈ। ਇਸ ਤੋਂ ਬਾਅਦ ਚਤੁਰਵੇਦੀ ਨੇ ਸੀ ਆਈ ਸੀ ਕੋਲ ਪਹੁੰਚ ਕੀਤੀ ਸੀ। ਸੀ ਆਈ ਸੀ ਨੇ ਆਪਣੇ ਪਿਛਲੇ ਵਰ੍ਹੇ ਅਕਤੂਬਰ ਮਹੀਨੇ ਦੇ ਹੁਕਮ ਵਿੱਚ ਕਿਹਾ ਸੀ ਕਿ ਪੀ ਐੱਮ ਓ ਨੇ ਸਹੀ ਅਤੇ ਢੁਕਵੀਂ ਜਾਣਕਾਰੀ ਨਹੀਂ ਦਿੱਤੀ। ਕਮਿਸ਼ਨ ਨੇ ਪੀ ਐੱਮ ਓ ਦੇ ਕੇਂਦਰੀ ਸੂਚਨਾ ਅਧਿਕਾਰੀ ਨੂੰ ਇਸ ਵਾਰੀ 15 ਦਿਨ ਦੇ ਅੰਦਰ ਜਾਣਕਾਰੀ ਦੇਣ ਲਈ ਕਿਹਾ ਹੈ। ਪੀ ਐੱਮ ਓ ਨੇ ਇਸ ਤੋਂ ਪਹਿਲਾਂ ਆਰ ਟੀ ਆਈ ਐਕਟ ਦਾ ਹਵਾਲਾ ਦਿੰਦਿਆਂ ਕਿਹਾ ਸੀ ਕਿ ਕੇਂਦਰੀ ਮੰਤਰੀ ਸਰਕਾਰ ਦੇ ਸਿਖਰਲੇ ਅਹੁਦਿਆਂ 'ਤੇ ਹਨ ਤੇ ਉਨ੍ਹਾਂ ਖਿਲਾਫ ਕਈ ਵਿਭਾਗਾਂ ਵਿੱਚ ਮਾਮਲੇ ਖਿਲਰੇ ਪਏ ਹਨ।












# ਲਾਹੌਰ: ਇਤਿਹਾਸ ਦੀਆਂ ਪੈੜਾਂ

-ਮਜੀਦ ਸ਼ੇਖ

ਬਹੁਤੇ 'ਪੱਕੇ ਲਾਹੌਰੀਆਂ' ਲਈ ਇਹ ਹੈਰਾਨੀ ਵਾਲੀ ਗੱਲ ਹੋ ਸਕਦੀ ਹੈ ਕਿ ਪੁਰਾਣਾ ਲਾਹੌਰ ਸ਼ਹਿਰ (ਅੰਦਰੂਨੀ ਸ਼ਹਿਰ) ਉਨ੍ਹਾਂ ਵਿੱਚੋਂ ਬਹੁਤਿਆਂ ਦੇ ਅੰਦਾਜ਼ਿਆਂ ਨਾਲੋਂ ਕਿਤੇ ਵੱਧ ਪੁਰਾਣਾ ਹੈ। ਇਸ ਨੇ ਅਨੇਕਾਂ ਉਸਾਰੂ ਹਲਚਲਾਂ ਨੂੰ ਜਨਮ ਦਿੱਤਾ। ਇਹ ਕੁਝ ਮਹਾਨ ਧਾਰਮਿਕ ਲਹਿਰਾਂ ਦਾ ਵੀ ਜਨਮ ਸਥਾਨ ਰਿਹਾ ਹੈ। ਇਹੋ ਕਾਰਨ ਹੈ ਕਿ ਇਥੋਂ ਦੇ ਮੂਲ ਬਾਸ਼ਿੰਦੇ ਧਾਰਮਿਕ ਨਿਸ਼ਠਾ ਤੇ ਅਕੀਦਿਆਂ ਦੇ ਮਾਮਲੇ ਬਾਰੇ ਇਕ ਖਾਸ ਠਰ੍ਹੰਮਾ ਰੱਖਦੇ ਹਨ।

ਲਾਹੌਰ ਬਹੁਤ ਪੁਰਾਣਾ ਸ਼ਹਿਰ ਹੈ ਤੇ ਇਸ ਦੀ ਨਿਸ਼ਾਨਦੇਹੀ ਬਹੁਤ ਪਹਿਲਾਂ ਬੀਤੇ ਸਮਿਆਂ ਵਿੱਚ ਕੀਤੀ ਜਾ ਸਕਦੀ ਹੈ। ਮਸ਼ਹੂਰ ਕਵੀ ਵਾਲਮੀਕਿ ਨੇ 5000 ਸਾਲ ਤੋਂ ਵੀ ਪਹਿਲਾਂ ਮਸ਼ਹੂਰ ਹਿੰਦੂ ਮਹਾਂਕਾਵਿ 'ਰਾਮਾਇਣ' ਦੀ ਰਚਨਾ ਲਾਹੌਰ ਵਿੱਚ ਕੀਤੀ। ਇਸ ਮਹਾਂਕਾਵਿ ਵਿੱਚ ਗਰਭਵਤੀ ਸੀਤਾ ਆਪਣੇ ਦੂਜੇ ਬਣਵਾਸ ਦੌਰਾਨ ਰਾਵੀ ਦਰਿਆ ਵਾਲੇ ਇਲਾਕੇ ਵਿੱਚ ਰਹਿੰਦੀ ਹੈ। ਰਾਵੀ ਦਰਿਆ ਮਿੱਟੀ ਦੇ ਉਸੇ ਟਿੱਲੇ ਦੁਆਲੇ ਵਗਦਾ ਹੈ ਤੇ ਇਹ ਇਲਾਕਾ ਸਦੀਆਂ ਤੋਂ ਆਬਾਦ ਹੈ। ਖੋਜ ਤੋਂ ਪਤਾ ਲੱਗਦਾ ਹੈ ਕਿ ਉਸ ਦੇ ਪੁੱਤਰ ਲਵ ਦਾ ਪਾਲਣ ਪੋਸ਼ਣ ਇਸ ਟਿੱਲੇ ਉਤੇ ਹੋਇਆ, ਜਿਸ ਨੂੰ ਬਾਅਦ ਵਿੱਚ ਉਸ ਦੇ ਨਾਂ 'ਤੇ ਲਾਹੌਰ ਆਖਿਆ ਗਿਆ। ਇਸ ਗੱਲ ਬਾਰੇ ਹਮੇਸ਼ਾ ਵਿਵਾਦ ਰਿਹਾ ਹੈ ਕਿ ਸੀਤਾ ਅਸਲ ਵਿੱਚ ਮਿੱਟੀ ਦੇ ਟਿੱਲੇ ਉਤੇ ਜਾਂ ਲਾਹੌਰ ਵਿੱਚ ਕਿਥੇ ਰਹਿੰਦੀ ਸੀ। ਇਕ ਵਿਚਾਰ, ਜਿਹੜਾ ਵਿਦਵਾਨਾਂ ਵਿੱਚ ਮਕਬੂਲ ਹੈ, ਦੇ ਮੁਤਾਬਕ ਇਹ ਉਹ ਥਾਂ ਸੀ, ਜਿਥੇ ਅੱਜ ਲਾਹੌਰ ਕਿਲ੍ਹਾ ਹੈ, ਬਿਲਕੁਲ ਉਹ ਥਾਂ ਜਿਥੇ ਸੜਕ ਉਪਰਲੇ ਪਾਸਿਓਂ ਹਾਥੀ ਦਰਵਾਜ਼ੇ ਨੂੰ ਵਲਦੀ ਹੈ। ਇਸ ਵਿਚਾਰ ਨੂੰ ਇਸ ਗੱਲ ਤੋਂ ਮਜ਼ਬੂਤੀ ਮਿਲਦੀ ਹੈ ਕਿ ਲਵ ਦਾ ਮੰਦਰ ਹਾਲੇ ਵੀ ਲਾਹੌਰ ਕਿਲ੍ਹੇ ਵਿੱਚ ਮੌਜੂਦ ਹੈ। ਦੂਜਾ ਵਿਚਾਰ, ਜਿਸ ਨੂੰ ਪੁਰਾਣੇ ਸ਼ਹਿਰ ਦੇ ਦਾਨਿਸ਼ਵਰਾਂ ਨੇ ਬਹੁਤਾ ਪ੍ਰਚਾਰਿਆ, ਦੇ ਮੁਤਾਬਕ ਇਹ ਥਾਂ ਪਾਣੀਵਾਲਾ ਤਲਾਬ ਦੇ ਕੋਲ ਸੀ। ਉਂਜ ਹਕੀਕਤ ਵਿੱਚ ਇਹ ਦੋਵੇਂ ਥਾਵਾਂ ਮਹਿਜ਼ 500 ਗਜ਼ ਦੇ ਫਾਸਲੇ 'ਤੇ ਹਨ ਅਤੇ ਦੋਵੇਂ ਉਚੀਆਂ ਉਠੀਆਂ ਹੋਈਆਂ ਹਨ ਤੇ ਸਾਰੇ ਸ਼ਹਿਰ ਤੋਂ ਉਚੀਆਂ ਦਿਖਾਈ ਦਿੰਦੀਆਂ ਹਨ। ਨਾਲ ਹੀ ਪ੍ਰਾਚੀਨ ਹਿੰਦੂ ਸ਼ਾਸਤਰਾਂ ਖਾਸਕਰ ਰਿਗਵੇਦ ਦਾ ਬਹੁਤਾ ਹਿੱਸਾ ਲਾਹੌਰ ਵਿੱਚ ਰਾਵੀ ਦੇ ਕੰਢੇ ਲਿਖਿਆ ਗਿਆ ਸੀ, ਜਿਸ ਕਾਰਨ ਇਹ ਗੱਲ ਕਾਫੀ ਭਰੋਸੇ ਨਾਲ ਆਖੀ ਜਾ ਸਕਦੀ ਹੈ ਕਿ ਹਿੰਦੂ ਧਰਮ, ਮੁੱਖ ਤੌਰ 'ਤੇ ਇਸੇ ਮਹਾਨ ਸ਼ਹਿਰ ਦੇ ਲੋਕਾਂ ਵਿੱਚ ਵਿਗਸਿਆ ਤੇ ਉਨ੍ਹਾਂ ਹੀ ਇਸ ਨੂੰ ਅੱਗੇ ਵਧਾਇਆ।

ਇਸ ਦੇ ਬਾਵਜੂਦ ਇਹ ਗੱਲ ਵੀ ਹੈਰਾਨੀ ਵਾਲੀ ਹੈ ਕਿ ਖਾਸ ਕਰਕੇ ਲਾਹੌਰ ਅਤੇ ਆਮ ਕਰਕੇ ਪੰਜਾਬ ਨੇ ਇਸ ਉਪ ਮਹਾਂਦੀਪ ਵਿੱਚ ਬੁੱਧ ਧਰਮ ਦੇ ਪਸਾਰ ਵਿੱਚ ਅਹਿਮ ਕਿਰਦਾਰ ਨਿਭਾਇਆ। ਇਹ ਨਹੀਂ ਕਿ ਗੌਤਮ ਬੁੱਧ ਇਥੇ ਆਏ, ਸਗੋਂ ਚੰਦਰਗੁਪਤ ਮੌਰਿਆ, ਜੋ ਮੌਰਿਆ ਸਾਮਰਾਜ ਦੇ ਬਾਨੀ ਤੇ ਮਹਾਨ ਰਾਜਾ ਅਸ਼ੋਕ ਦੇ ਦਾਦਾ ਸਨ, ਦੋਵੇਂ ਲਾਹੌਰ ਵਿੱਚ ਰਹੇ। ਉਨ੍ਹਾਂ 318 ਈਸਾ ਪੂਰਬ ਵਿੱਚ ਰਾਜਾ ਪੋਰਸ ਦੇ ਕਤਲ ਤੋਂ ਬਾਅਦ ਬਗਾਵਤ ਦੀ ਅਗਵਾਈ ਕਰਨ ਪਿੱਛੋਂ ਬੁੱਧ ਧਰਮ ਦਾ ਪ੍ਰਚਾਰ ਕੀਤਾ। ਰਾਜਾ ਪੋਰਸ ਵੱਲੋਂ ਯੂਨਾਨੀਆਂ ਨਾਲ ਮਿਲ ਜਾਣ ਕਾਰਨ ਉਸ ਨਾਲ ਸਾੜਾ ਕਰਨ ਵਾਲੇ ਯੂਨਾਨੀ ਅਹਿਲਕਾਰਾਂ ਨੇ ਇਸ ਦਾ ਕਤਲ ਕਰ ਦਿੱਤਾ, ਜਿਹੜੇ ਪਹਿਲਾਂ ਸਿਕੰਦਰ ਦੇ ਮਾਤਹਿਤ ਕੰਮ ਕਰਦੇ ਸਨ। ਰਾਜਾ ਪੋਰਸ ਦਾ ਅਸਲ ਨਾਂ ਪੌਰਵਾ (ਪੋਰਸ ਵਿਗੜਿਆ ਹੋਇਆ ਯੂਨਾਨੀ ਨਾਂ) ਸੀ, ਜਿਹੜਾ 327 ਈਸਾ ਪੂਰਬ 'ਚ ਦਰਿਆ ਜੇਹਲਮ ਦੇ ਕੰਢੇ ਯੂਨਾਨੀ ਫੌਜ ਨਾਲ ਹੋਈ ਲੜਾਈ ਵਿੱਚ ਹਾਰ ਗਿਆ ਸੀ ਤੇ ਹਾਰਨ ਪਿੱਛੋਂ ਸਿਕੰਦਰ ਨਾਲ ਹੱਥ ਮਿਲਾ ਲਿਆ। ਅਜਿਹਾ ਉਦੋਂ ਵਾਪਰਿਆ, ਜਦੋਂ ਸੱਤ ਫੁੱਟ ਲੰਮਾ ਤੇ ਕਾਲਾ ਪੋਰਸ ਜ਼ਖਮੀ ਹੋਣ ਪਿੱਛੋਂ ਫੜ ਲਿਆ ਗਿਆ ਤੇ ਉਦੋਂ ਉਸ ਨੇ ਕਿਹਾ ਸੀ ਕਿ ਉਸ ਨਾਲ ਉਹੋ ਸਲੂਕ ਹੋਣਾ ਚਾਹੀਦਾ ਹੈ, 'ਜਿਹੋ ਜਿਹਾ ਇਕ ਰਾਜਾ ਦੂਜੇ ਨਾਲ ਕਰਦਾ ਹੈ।' ਕਹਿੰਦੇ ਹਨ ਕਿ ਇਸ ਤੋਂ ਸਿਕੰਦਰ ਬਹੁਤ ਪ੍ਰਭਾਵਿਤ ਹੋਇਆ, ਜਾਂ ਕੁਝ ਆਖਦੇ ਹਨ ਕਿ ਸਿਕੰਦਰ ਅਸਲ ਵਿੱਚ ਡਰ ਗਿਆ ਤੇ ਉਸ ਨੇ ਪੋਰਸ ਨੂੰ ਆਪਣੇ ਇਲਾਕੇ ਦਾ ਰਾਜਾ ਬਣਾਉਣ ਦਾ ਫਰਮਾਨ ਜਾਰੀ ਕਰ ਦਿੱਤਾ। ਇਸ ਤੋਂ ਨੌਂ ਸਾਲਾਂ ਬਾਅਦ ਪੋਰਸ ਦੇ ਕਤਲ ਦੇ ਨਾਲ ਹੀ ਯੂਨਾਨੀ ਸਾਮਰਾਜ ਦਾ ਵੀ ਅੰਤ ਹੋ ਗਿਆ।

ਲਾਹੌਰ ਦੇ ਰਾਜਧਾਨੀ ਹੁੰਦਿਆਂ ਪੰਜਾਬ ਦਾ ਸਰਕਾਰੀ ਧਰਮ ਬੁੱਧ ਸੀ। ਪਿਛਲੇ ਸਾਲਾਂ ਦੇ ਦੌਰਾਨ ਤਾਲਿਬਾਨਾਂ ਵੱਲੋਂ ਅਫਗਾਨਿਸਤਾਨ ਵਿੱਚੋਂ ਬੁੱਧ ਦੇ ਬੁੱਤਾਂ ਨੂੰ ਤੋਪਾਂ ਰਾਹੀਂ ਉਡਾ ਦੇਣ ਦੀ ਘਟਨਾ ਤੋਂ ਜ਼ਾਹਰ ਹੈ ਕਿ ਪੱਛਮ ਵੱਲ ਅਸ਼ੋਕ ਦਾ ਸਾਮਰਾਜ ਕੰਧਾਰ ਤੱਕ ਫੈਲਿਆ ਹੋਇਆ ਸੀ। ਅਸ਼ੋਕ ਦੇ ਦੌਰ ਦੌਰਾਨ ਉਸ ਦੇ ਹੁਕਮਾਂ 'ਤੇ ਬੁੱਧ ਦੇ ਬੁੱਤ ਬਣਾਏ ਗਏ ਅਤੇ ਅੱਜ ਉਹ ਖਤਰੇ ਵਿੱਚ ਹਨ।

ਸਿੱਖ ਧਰਮ ਭਾਵੇਂ ਖਾਸ ਤੌਰ 'ਤੇ ਲਾਹੌਰ ਵਿੱਚ ਨਹੀਂ, ਪਰ ਪੰਜਾਬ ਵਿੱਚ ਹੀ ਪੈਦਾ ਹੋਇਆ। ਇਸ ਦੇ ਬਾਨੀ ਗੁਰੂ ਨਾਨਕ ਦੇਵ ਦਾ ਜਨਮ ਲਾਹੌਰ ਦੇ ਨਜ਼ਦੀਕ ਪੈਂਦੇ ਇਲਾਕੇ ਤਲਵੰਡੀ ਵਿੱਚ ਹੋਇਆ, ਪਰ ਆਪਣੇ ਇਤਿਹਾਸ ਵਿੱਚ ਸਿੱਖ ਧਰਮ ਆਪਣੀ ਚੋਟੀ ਉਤੇ ਉਦੋਂ ਪੁੱਜਿਆ ਜਦੋਂ ਗੁਰੂ ਗੋਬਿੰਦ ਸਿੰਘ ਨੇ ਆਪਣੇ ਪੁਰਅਮਨ ਸ਼ਰਧਾਲੂਆਂ ਨੂੰ ਜੰਗੀ ਯੋਧਿਆਂ ਵਿੱਚ ਬਦਲ ਦਿੱਤਾ। ਖਾਲਸਾ ਰਾਜ ਦੀ ਰਾਜਧਾਨੀ ਲਾਹੌਰ ਸੀ ਅਤੇ ਇਹੋ ਕਾਰਨ ਹੈ ਕਿ ਅੱਜ ਵੀ ਅਧਿਆਤਮਕਤਾ ਇਸ ਦੇ ਮਨ ਵਿੱਚ ਹੈ। ਇਹੀ ਨਹੀਂ, ਹੋਰ ਧਰਮਾਂ ਨੂੰ ਮੰਨਣ ਵਾਲੇ ਲੋਕ ਵੀ ਲਾਹੌਰ ਆਏ, ਜਿਵੇਂ ਤਾਤਾਰ ਤੇ ਹੂਣ। ਇਹ ਆਪਣੇ ਦੇਵਤਿਆਂ ਵਿੱਚ ਵਿਸ਼ਵਾਸ ਰੱਖਦੇ ਸਨ। ਆਖਿਆ ਜਾਂਦਾ ਹੈ ਕਿ ਜੱਟ, ਜਿਹੜੇ ਪੰਜਾਬ ਦੇ ਸ਼ਾਇਦ ਸਭ ਤੋਂ ਵੱਡੀ ਗਿਣਤੀ ਵਾਲਾ ਨਸਲੀ ਗਰੁੱਪ ਹਨ, ਅਸਲ ਵਿੱਚ ਹੂਣ ਹਨ।

ਇਸ ਇਤਿਹਾਸ ਨੂੰ ਦੇਖਦਿਆਂ ਇਹ ਹੈਰਾਨੀ ਵਾਲੀ ਗੱਲ ਨਹੀਂ ਕਿ ਲਾਹੌਰ ਉਹ ਥਾਂ ਸੀ, ਜਿਥੇ ਪੰਜਾਬ ਦੀ ਪਹਿਲੀ ਮਸਜਿਦ ਇਕ ਹਜ਼ਾਰ ਵਰ੍ਹੇ ਤੋਂ ਪਹਿਲਾਂ ਸੰਨ 977 ਈਸਵੀ ਵਿੱਚ ਬਣਾਈ ਗਈ, ਉਦੋਂ ਜਦੋਂ ਰਾਜਾ ਜੈਪਾਲ ਨੂੰ ਸੁਲਤਾਨ ਮਹਿਮੂਦ ਗਜ਼ਨਵੀ ਦੇ ਪਿਤਾ ਸੁਬੁਕਤਦੀਨ ਨੇ ਹਰਾ ਦਿੱਤਾ। ਇਹ ਮਸਜਿਦ ਕਿਲ੍ਹੇ ਅੰਦਰ ਸੁਨਹਿਰੀ ਮਸਜਿਦ ਵਾਲੀ ਥਾਂ ਉਸਾਰੀ ਦੱਸੀ ਜਾਂਦੀ ਹੈ। ਇਹ ਮਸਜਿਦ ਕਈ ਵਾਰ ਮੁੜ ਉਸਾਰੀ ਗਈ। ਮਾਹਰਾਂ ਦਾ ਕਹਿਣਾ ਹੈ ਕਿ ਇਹ ਪੰਜਾਬ ਵਿੱਚ ਉਸਰੀ ਪਹਿਲੀ ਮਸਜਿਦ ਸੀ। ਇਸ ਤਰ੍ਹਾਂ ਪਹਿਲੀ ਮਸਜਿਦ ਤੇ ਪਹਿਲਾ ਮੰਦਰ ਕਿਲ੍ਹੇ ਦੇ ਅੰਦਰ ਨਾਲੋ-ਨਾਲ ਮੌਜੂਦ ਹਨ।

ਲਾਹੌਰ ਨਾਲ ਇਨ੍ਹਾਂ ਵੱਖੋ-ਵੱਖ ਧਾਰਮਿਕ ਰਿਸ਼ਤਿਆਂ ਦਾ ਸਿੱਟਾ ਇਹ ਨਿਕਲਿਆ ਕਿ ਇਥੋਂ ਦੇ ਲੋਕਾਂ ਨੇ ਉਨ੍ਹਾਂ ਦੀ ਵਿਆਖਿਆ ਦਾ ਇਕ ਬਹੁਤ ਖਾਸ ਤੇ ਸੰਵੇਦਨਸ਼ੀਲ ਤਰੀਕਾ ਅਪਣਾ ਲਿਆ, ਜਿਹੜਾ ਇਨਸਾਨੀਅਤ ਅਤੇ ਸਹਿਣਸ਼ੀਲਤਾ ਉਤੇ ਆਧਾਰਿਤ ਹੈ, ਇਸਲਾਮ ਵਿੱਚ ਸੂਫੀਆਂ ਨੇ ਹਮੇਸ਼ਾ ਲੋਕਾਂ ਦੇ ਦਿਲੋ ਦਿਮਾਗ 'ਤੇ ਬੜੀ ਖਾਸ ਥਾਂ ਬਣਾਈ ਰੱਖੀ ਹੈ। ਉਨ੍ਹਾਂ ਦਾ ਪ੍ਰਭਾਵ ਲਗਾਤਾਰ ਤੇ ਮੁਕੰਮਲ ਬਣਿਆ ਰਿਹਾ ਹੈ। ਇਹ ਉਹ ਚੀਜ਼ ਹੈ ਜਿਹੜੀ ਪੁਰਾਣੇ ਲਾਹੌਰ ਦੇ ਬਾਸ਼ਿੰਦਿਆਂ ਨੂੰ ਨਰਮਦਿਲ ਅਤੇ 'ਦਰਬਾਰੀ ਚਾਪਲੂਸੀ ਦੇ ਵਿਰੋਧੀ' ਬਣਾਉਂਦੀ ਹੈ। ਇਥੋਂ ਤੱਕ ਕਿ ਅੱਜ ਵੀ ਜਦੋਂ ਹੋਰ ਛੋਟੇ ਸ਼ਹਿਰਾਂ ਤੇ ਕਸਬਿਆਂ ਨੂੰ ਪੁਜਾਰੀ ਮੌਲਾਣੇ ਇਕ ਤਰ੍ਹਾਂ ਆਪਣੇ ਬੰਧਕ ਬਣਾ ਲੈਂਦੇ ਹਨ, ਉਥੇ ਪੁਰਾਣਾ ਲਾਹੌਰ ਕਿਸੇ ਵੀ ਤਰ੍ਹਾਂ ਦੀ ਇੰਤਹਾ ਪਸੰਦੀ ਨੂੰ ਨਕਾਰਦਾ ਦਿਖਾਈ ਦਿੰਦਾ ਹੈ।

# ਹਲਕਾ ਫੁਲਕਾ

ਇੱਕ ਮਰੀਜ਼ ਦਰਦ ਤੋਂ ਬਹੁ ਹੀ ਪ੍ਰੇਸ਼ਾਨ ਸੀ। ਬੋਲਿਆ, ''ਡਾਕਟਰ ਸਾਹਿਬ ਮੈਨੂੰ ਇੰਨੀ ਤਕਲੀਫ ਹੈ ਕਿ ਦਿਲ ਕਰਦਾ ਹੈ ਕਿ ਹੁਣੇ ਮਰ ਜਾਵਾਂ।''
ਡਾਕਟਰ, ''ਫਿਰ ਤਾਂ ਤੁਸੀਂ ਮੈਨੂੰ ਬੁਲਾ ਕੇ ਬਹੁਤ ਚੰਗਾ ਕੀਤਾ, ਕਿਉਂਕਿ ਮੈਂ ਅੱਜ ਤੱਕ ਆਪਣੇ ਕਿਸੇ ਮਰੀਜ਼ ਨੂੰ ਮਰਦੇ ਨਹੀਂ ਦੇਖਿਆ।''

*********

ਇੱਕ ਮੁੰਡਾ ਅਚਾਨਕ ਇੱਕ ਕੁੜੀ ਨੂੰ ਦੇਖ ਕੇ ਸ਼ਾਇਰ ਬਣ ਗਿਆ। ਉਹ ਬੋਲਿਆ, ''ਲਫਜ਼ ਤੇਰੇ, ਗੀਤ ਮੇਰੇ, ਗਜ਼ਲ ਕੋਈ ਸੁਨਾ ਡਾਲੂੰ ਕਯਾ?''
ਕੁੜੀ ਬੋਲੀ, ''ਹੱਥ ਮੇਰੇ, ਗਾਲ ਤੇਰੇ, ਕਾਨ ਕੇ ਨੀਚੇ ਬਜਾ ਡਾਲੂੰ ਕਯਾ?''

*********

ਹਕੀਮ, ''ਸ਼ਾਇਦ ਜ਼ਹਿਰ ਫੈਲ ਗਿਆ ਹੈ ਲੱਤ ਕੱਟਣੀ ਪਵੇਗੀ।''
ਕੁਝ ਦਿਨ ਬਾਅਦ ਦੂਜੀ ਲੱਤ ਵੀ ਨੀਲੀ ਪੈ ਗਈ।
ਹਕੀਮ, ''ਇਸ ਵਿੱਚ ਵੀ ਜ਼ਹਿਰ ਫੈਲ ਗਿਆ ਹੈ। ਇਹ ਵੀ ਕੱਟਣੀ ਪਵੇਗੀ।''
ਹਕੀਮ ਨੇ ਮਰੀਜ਼ ਦੀਆਂ ਦੋਵੇਂ ਲੱਤਾਂ ਕੱਟ ਦਿੱਤੀਆਂ ਅਤੇ ਬਨਾਉਟੀ ਲੱਤਾਂ ਲਾ ਦਿੱਤੀਆਂ। ਫਿਰ ਬਨਾਉਟੀ ਲੱਤਾਂ ਵੀ ਪੀਲੀਆਂ ਪੈ ਗਈਆਂ।
ਹਕੀਮ, ''ਓਹੋ, ਤੇਰੀ ਬਿਮਾਰੀ ਸਮਝ ਆ ਗਈ। ਭਰਾ, ਤੇਰੀ ਲੁੰਗੀ ਰੰਗ ਛੱਡਦੀ ਹੈ।''

*********

ਪਤੀ, ''ਸਵੀਟ ਹਾਰਟ ਸੁਣ ਨਾ।''
ਪਤਨੀ, ''ਹਾਂ ਬਕ।''
ਪਤੀ, ''ਤਮੀਜ਼ ਨਾਲ ਵੀ ਗੱਲ ਕਰ ਲਿਆ ਕਰ ਕਦੇ।''
ਪਤਨੀ, ''ਜੀ ਬਕੋ।''

*********

ਪਤੀ, ''ਤੂੰ ਇੰਨੀ ਵਧੀਆ ਚਟਨੀ ਕਿਵੇਂ ਬਣਾ ਲੈਂਦੀ ਏਂ?''
ਪਤਨੀ, ''ਚਟਨੀ ਬਣਾਉਣ ਵੇਲੇ ਤੁਹਾਡੇ ਬਾਰੇ ਸੋਚ ਲੈਂਦੀ ਹਾਂ, ਕੁੱਟਣ ਵਿੱਚ ਆਸਾਨੀ ਹੁੰਦੀ ਹੈ।''

# ਬਿਊਟੀ ਟਿਪਸ

## ਲੂਣ ਨਾਲ ਨਿਖਾਰੋ ਆਪਣੀ ਖੂਬਸੂਰਤੀ



ਹਰ ਘਰ ਦੀ ਮੁਢਲੀ ਜ਼ਰੂਰਤ ਨਮਕ ਹੈ। ਲੂਣ ਦੀ ਵਰਤੋਂ ਅਸੀਂ ਖਾਣ ਦੇ ਸਵਾਦ ਨੂੰ ਵਧਾਉਣ ਲਈ ਕਰਦੇ ਹਾਂ, ਘਰ ਦੀ ਸਫਾਈ ਵਿੱਚ ਵੀ ਲੂਣ ਦਾ ਇਸਤੇਮਾਲ ਕੀਤਾ ਜਾਂਦਾ ਹੈ, ਪਰ ਕੀ ਤੁਹਾਨੂੰ ਪਤਾ ਹੈ ਲੂਣ ਇੱਕ ਬਹੁਤ ਹੀ ਵਧੀਆ ਸੁੰਦਰਤਾ ਉਤਪਾਦ ਵੀ ਹੁੰਦਾ ਹੈ। ਲੂਣ ਦੇ ਇਸਤੇਮਾਲ ਨਾਲ ਤੁਸੀਂ ਆਪਣੀ ਖੂਬਸੂਰਤੀ ਵਿੱਚ ਨਿਖਾਰ ਲਿਆ ਸਕਦੇ ਹੋ।

ਕਈ ਵਾਰ ਦਿਨ ਭਰ ਕੰਮ ਕਰਨ ਤੋਂ ਬਾਅਦ ਸ਼ਾਮ ਨੂੰ ਬਹੁਤ ਥਕਾਣ ਮਹਿਸੂਸ ਹੁੰਦੀ ਹੈ, ਜਿਸ ਕਾਰਨ ਚਿਹਰਾ ਵੀ ਬੁਝਿਆ ਬੁਝਿਆ ਦਿਖਾਈ ਦਿੰਦਾ ਹੈ। ਜੇ ਤੁਹਾਨੂੰ ਥਕਾਣ ਮਹਿਸੂਸ ਹੋ ਰਹੀ ਹੈ ਤਾਂ ਅੱਧੀ ਬਾਲਟੀ ਵਿੱਚ ਕੋਸੇ ਪਾਣੀ ਵਿੱਚ ਸੱਤ-ਅੱਠ ਚਮਚ ਲੂਣ ਪਾ ਕੇ ਚੰਗੀ ਤਰ੍ਹਾਂ ਨਾਲ ਮਿਲਾ ਲਓ। ਇਸ ਪਾਣੀ ਵਿੱਚ ਆਪਣੇ ਪੈਰ ਡੁਬੋ ਕੇ ਅੱਧਾ ਘੰਟਾ ਬੈਠੋ। ਅਜਿਹਾ ਕਰਨ ਨਾਲ ਤੁਹਾਡੀ ਥਕਾਣ ਦੂਰ ਹੋ ਜਾਵੇਗੀ ਅਤੇ ਤੁਹਾਨੂੰ ਤਾਜ਼ਗੀ ਮਹਿਸੂਸ ਹੋਵੇਗੀ।

ਲੂਣ ਵਿੱਚ ਭਰਪੂਰ ਮਾਤਰਾ ਵਿੱਚ ਐਂਟੀਬੈਕਟੀਰੀਅਲ ਐਂਟੀ ਫੰਗਲ ਗੁਣ ਮੌਜੂਦ ਹੁੰਦੇ ਹਨ। ਜੇ ਤੁਹਾਡੇ ਪੈਰਾਂ ਦੀ ਇਨਫੈਕਸ਼ਨ ਹੈ ਤਾਂ ਗਰਮ ਪਾਣੀ ਵਿੱਚ ਪੈਰ ਪਾਉਣ ਨਾਲ ਉਹ ਵੀ ਦੂਰ ਹੋ ਜਾਵੇਗੀ।

ਆਇਲੀ ਚਮੜੀ ਵਾਲਿਆਂ ਲਈ ਲੂਣ ਚੰਗੇ ਟੋਨਰ ਦੇ ਰੂਪ ਵਿੱਚ ਕੰਮ ਕਰਦਾ ਹੈ। ਇਸ ਨੂੰ ਵਰਤਣ ਲਈ ਇੱਕ ਛੋਟੀ ਸਪਰੇਅ ਬੋਤਲ ਵਿੱਚ ਕੋਸਾ ਪਾਣੀ ਲੈ ਲਓ। ਇਸ ਵਿੱਚ ਇੱਕ ਛੋਟਾ ਚਮਚ ਲੂਣ ਪਾ ਕੇ ਚੰਗੀ ਤਰ੍ਹਾਂ ਰਲਾ ਲਵੋ। ਫਿਰ ਇਸ ਨੂੰ ਆਪਣੇ ਚਿਹਰੇ ਉੱਤੇ ਸਪਰੇਅ ਕਰੋ। ਰੂੰ ਦੀ ਮਦਦ ਨਾਲ ਪੂਰੇ ਚਿਹਰੇ 'ਤੇ ਇਸ ਨੂੰ ਫੈਲਾ ਲਓ। ਇਸ ਨੂੰ ਸਾਫ ਕਰੋ। ਅਜਿਹਾ ਕਰਨ ਨਾਲ ਤੁਹਾਡਾ ਚਿਹਰਾ ਅੰਦਰ ਤੋਂ ਸਾਫ ਹੋ ਜਾਵੇਗਾ।

ਲੂਣ ਇੱਕ ਕੁਦਰਤੀ ਸਕਰੱਬਰ ਹੁੰਦਾ ਹੈ। ਆਪਣੇ ਚਿਹਰੇ ਨੂੰ ਸਕਰੱਬ ਕਰਨ ਲਈ ਹੱਥਾਂ ਵਿੱਚ ਥੋੜ੍ਹਾ ਜਿਹਾ ਲੂਣ ਲੈ ਲਓ। ਇਸ ਵਿੱਚ ਥੋੜ੍ਹਾ ਜਿਹਾ ਪਾਣੀ ਮਿਲਾ ਕੇ ਆਪਣੇ ਚਿਹਰੇ 'ਤੇ ਲਾਓ ਅਤੇ ਹਲਕੇ ਹੱਥਾਂ ਨਾਲ ਆਪਣੇ ਚਿਹਰੇ ਦੀ ਮਾਲਿਸ਼ ਕਰੋ। ਅਜਿਹਾ ਕਰਨ ਨਾਲ ਤੁਹਾਡੇ ਚਿਹਰੇ ਤੇ ਮੌਜੂਦ ਮਰੀ ਚਮੜੀ ਸਾਫ ਹੋ ਜਾਵੇਗੀ ਤੇ ਤੁਹਾਨੂੰ ਕੋਮਲ ਮੁਲਾਇਮ ਨਿਖਰੀ ਹੋਈ ਚਮੜੀ ਮਿਲੇਗੀ।

# ਰਸੋਈ

## ਸਵਾਦਿਸ਼ਟ ਅੰਬ ਦੀ ਖੀਰ



ਭਰਪੂਰ ਅੰਬ ਦੀ ਖੀਰ ਨੂੰ ਜਦੋਂ ਚਾਹੋ ਠੰਢੀ ਜਾਂ ਗਰਮ ਪਰੋਸੋ ਅਤੇ ਖਾਓ।

ਸਮੱਗਰੀ- ਪੂਰੀ ਕਰੀਮ ਵਾਲਾ ਦੁੱਧ ਇੱਕ ਲੀਟਰ, ਪਕਿਆ ਅੰਬ ਇੱਕ (ਕੱਪ), ਪਕਿਆ ਅੰਬ ਅੱਧਾ ਕੱਪ (ਬਰੀਕ ਕੱਟਿਆ ਹੋਇਆ), ਛੋਟੇ ਚੌਲ ਇੱਕ ਚੌਥਾਈ ਕੱਪ (ਭਿੱਜੇ ਹੋਏ), ਖੰਡ ਅੱਧਾ ਕੱਪ, ਇਲਾਇਚੀ ਪਾਊਡਰ ਇੱਕ ਚੌਥਾਈ ਛੋਟਾ ਚਮਚ, ਕਾਜੂ ਅੱਠ ਤੋਂ 10, ਬਦਾਮ ਅੱਠ ਤੋਂ 10।

ਵਿਧੀ- ਕਿਸੇ ਵੱਡੇ ਭਾਂਡੇ ਵਿੱਚ ਦੁੱਧ ਉਬਾਲਣ ਲਈ ਗੈਸ 'ਤੇ ਰੱਖ ਦਿਓ। ਇਸ ਵਿੱਚ ਕਾਜੂ ਨੂੰ ਥੋੜ੍ਹਾ ਮੋਟਾ ਮੋਟਾ ਅਤੇ ਬਾਦਾਮਾਂ ਨੂੰ ਪਤਲਾ ਪਤਲਾ ਕੱਟ ਕੇ ਤਿਆਰ ਕਰ ਲਓ। ਦੁੱਧ ਨੂੰ ਉਬਾਲਾ ਆਉਣ 'ਤੇ ਗੈਸ ਘੱਟ ਕਰ ਦਿਓ ਅਤੇ ਦੁੱਧ ਵਿੱਚ ਚੌਲ ਪਾ ਦਿਓ। ਇਨ੍ਹਾਂ ਨੂੰ ਥੋੜ੍ਹੀ ਥੋੜ੍ਹੀ ਦੇਰ ਵਿੱਚ ਹਿਲਾਉਂਦੇ ਹੋਏ ਪਕਾ ਲਓ। ਦੁੱਧ ਨੂੰ ਚੰਗੀ ਤਰ੍ਹਾਂ ਨਾਲ ਗਾੜ੍ਹਾ ਹੋ ਜਾਣ ਅਤੇ ਚੌਲ ਦੁੱਧ ਵਿੱਚ ਪਕ ਜਾਣ 'ਤੇ ਇਸ ਵਿੱਚ ਥੋੜ੍ਹੇ ਜਿਹੇ ਕੱਟੇ ਹੋਏ ਕਾਜੂ ਅਤੇ ਬਾਦਾਮ ਪਾ ਕੇ ਰਲਾ ਲਓ ਅਤੇ ਖੀਰ ਨੂੰ ਗੈਸ 'ਤੇ ਚਾਰ-ਪੰਜ ਮਿੰਟਾਂ ਤੱਕ ਪੱਕਣ ਦਿਓ। ਜਦੋਂ ਖੀਰ ਚੰਗੀ ਤਰ੍ਹਾਂ ਨਾਲ ਗਾੜ੍ਹੀ ਹੋ ਜਾਵੇ ਅਤੇ ਚੌਲ ਵੀ ਦੁੱਧ ਵਿੱਚ ਚੰਗੀ ਤਰ੍ਹਾਂ ਪਕ ਕੇ ਇਕਸਾਰ ਹੋ ਜਾਣ ਤਾਂ ਇਸ ਵਿੱਚ ਚੀਨੀ ਅਤੇ ਇਲਾਇਚੀ ਪਾਊਡਰ ਪਾ ਕੇ ਰਲਾ ਦਿਓ। ਖੀਰ ਨੂੰ ਘੱਟ ਸਕੇ 'ਤੇ ਇੱਕ-ਦੋ ਮਿੰਟ ਹੋਰ ਪਕਾ ਲਓ। ਬਾਅਦ ਵਿੱਚ ਗੈਸ ਬੰਦ ਕਰ ਦਿਓ। ਖੀਰ ਨੂੰ ਗੈਸ ਤੋਂ ਉਤਾਰ ਕੇ ਜਾਲੀ ਸਟੈਂਡ 'ਤੇ ਰੱਖ ਦਿਓ ਅਤੇ ਖੀਰ ਨੂੰ ਥੋੜ੍ਹਾ ਠੰਢਾ ਹੋਣ ਦਿਓ।

ਖੀਰ ਦੇ ਥੋੜ੍ਹਾ ਠੰਢਾ ਹੋਣ ਪਿੱਛੋਂ ਇਸ ਵਿੱਚ ਅੰਬ ਦਾ ਗੁੱਦਾ ਪਾ ਕੇ ਮਿਲਾਓ। ਨਾਲ ਹੀ ਬਰੀਕ ਕੱਟੇ ਹੋਏ ਅੰਬ ਦੇ ਟੁਕੜੇ ਪਾ ਕੇ ਰਲਾ ਦਿਓ। ਅੰਬ ਦੀ ਖੀਰ ਨੂੰ ਬਾਊਲ ਵਿੱਚ ਕੱਢ ਲਓ। ਇਸ ਪਿੱਛੋਂ ਇਸ 'ਤੇ ਕਾਜੂ-ਬਾਦਾਮ ਅਤੇ ਅੰਬ ਦੇ ਟੁਕੜੇ ਪਾ ਕੇ ਸਜਾ ਦਿਓ। ਸਵਾਦ ਨਾਲ

BEST CANADIAN TRUCK & FORKLIFT TRAINING CENTRE
Registered as a Private Career College Under the Private Career College Act. 2005
Best Canadian Truck & Forklift Training Centre



ਟਰੱਕ ਡਰਾਈਵਿੰਗ ਦੀ ਟ੍ਰੇਨਿੰਗ ਹਰ ਰੋਜ ਦਿਤੀ ਜਾਂਦੀ ਹੈ
Open Seven Days
- AZ Tractor trailer program
- Manual transmission & backup training everyday
- We welcome welfare workers & compensation clients

Forklift Re-Certification Only $69.00/-
Karnail Singh



416.670.3173 | 905.799.7333
27 Edvac Dr, Brampton, ON L6S 5X8

A-Grade Tutoring Centre
Since 2004
15th SUMMER TUTORING
Special 2 Months (8 weeks) Program
MATH SCIENCE ENGLISH
GRADES JK - 12



Mrs. Manmeet Bhullar, OCT
M..Sc. (Physics), B.Ed.
(Certified Teacher of Math & Science)

Classes will Start on
- July 02 (Tuesday) 1st Batch
- July 08(Monday) 2nd Batch
- July 15 (Monday) 3rd Batch
- July 22(Monday) 4th Batch

Starting from $50 /week (JK)
* Charges may vary according to the grade

- Ryerson University, Toronto Graduate & certified teachers by Ontario College of Teachers.
- Providing SUMMER TUTORING classes for ALL GRADES, since 2004, according to the curriculum of Ontario schools including:
- MATHEMATICS, SCIENCE, LANGUAGE ARTS (Reading, Writing, Phonics & Grammar).
- Very low student to teacher ratio.
- *Very-Very reasonable charges.*




Mr. Pushpinder Bhullar
M.A.Sc. (Mechanical Engg.)
(Graduate of Ryerson University, Toronto)

Springdale (Main Location) Unit # 2, 1098 Peter Robertson Blvd. (Karol Bagh Plaza) (Corner of Peter Robertson & Torbram)
Call : 905-790-1516

ਜ਼ਰੂਰ ਜਾਣੋ; ਗਿਆਨ ਗੰਗਾ
॥ ਜੀਵ ਹਮਾਰੀ ਜਾਤੀ ਹੈ, ਮਾਨਵ ਧਰਮ ਹਮਾਰਾ । ਹਿੰਦੂ, ਮੁਸਲਿਮ, ਸਿੱਖ, ਇਸਾਈ, ਧਰਮ ਨਹੀਂ ਕੋਈ ਨਿਆਰਾ ॥
Sant Rampalji Maharaj Spiritual Discourse in Brampton on Sunday, September 1, 2019 from 10am to 12pm
Venue: 31 Kilkarrin Rd, Brampton, ON L7A 4C6

- ਬ੍ਰਹਮਾ, ਵਿਸ਼ਨੂੰ, ਮਹੇਸ਼ ਦੇ ਮਾਤਾ-ਪਿਤਾ ਕੌਣ ਹਨ ?
- ਸ਼ੇਰਾਂਵਾਲੀ ਮਾਤਾ (ਦੁਰਗਾ ਅਸ਼ਟਾਂਗੀ) ਦਾ ਪਤੀ ਕੌਣ ਹੈ ?
- ਸਾਨੂੰ ਜਨਮ ਦੇਣ ਤੇ ਮਾਰਣ ਵਿੱਚ ਕਿਸ ਪ੍ਰਭੂ ਦਾ ਸਵਾਰਥ ਹੈ ?
- ਅਸੀਂ ਸਾਰੇ ਦੇਵੀ-ਦੇਵਤਿਆਂ ਦੀ ਇੰਨੀ ਭਗਤੀ ਕਰਦੇ ਹਾਂ, ਫਿਰ ਵੀ ਦੁੱਖੀ ਕਿਉਂ ਹਾਂ ?
- ਬ੍ਰਹਮਾਂ, ਵਿਸ਼ਨੂੰ, ਮਹੇਸ਼ ਕਿਸਦੀ ਭਗਤੀ ਕਰਦੇ ਹਨ ?
- ਪੂਰਨ ਸੰਤ ਦੀ ਪਹਿਚਾਣ ਕੀ ਹੈ ? 'ਤੇ ਮੋਕਸ਼ ਕਿਵੇਂ ਮਿਲੇਗਾ ?
- ਪਰਮਾਤਮਾ ਸਾਕਾਰ ਹੈ ਜਾਂ ਨਿਰਾਕਾਰ ?
- ਕਿਸੀ ਵੀ ਗੁਰੂ ਦੀ ਸ਼ਰਨ ਵਿੱਚ ਜਾਣ ਨਾਲ ਮੁਕਤੀ ਸੰਭਵ ਹੈ ਜਾਂ ਨਹੀਂ ?
- ਤੀਰਥ, ਵਰਤ, ਤਰਪਣ ਅਤੇ ਸ਼ਰਾਧ ਨਿਕਾਲਣ ਨਾਲ ਕੋਈ ਲਾਭ ਹੈ ਜਾਂ ਨਹੀਂ (ਗੀਤਾ ਅਨੁਸਾਰ) ?
- ਸ਼੍ਰੀ ਕ੍ਰਿਸ਼ਨ ਜੀ ਕਾਲ ਨਹੀਂ ਹਨ । ਫਿਰ ਗੀਤਾ ਵਾਲਾ ਕਾਲ ਕੌਣ ਹੈ ?
- ਕੌਣ ਅਤੇ ਕਿਵੇਂ ਹੈ ? ਕਿੱਥੇ ਰਹਿੰਦਾ ਹੈ ? ਕਿਵੇਂ ਮਿਲਦਾ ਹੈ ? ਕਿਸ ਨੇ ਦੇਖਿਆ ਹੈ ਪੂਰਨ ਪਰਮਾਤਮਾ ?
- ਸਮਾਧੀ ਅਭਿਆਸ (Meditation) ਰਾਮ, ਹਰੇ ਕ੍ਰਿਸ਼ਣ, ਹਰੀ ਓਮ, ਹੰਸ, ਤਿੰਨ ਤੇ ਪੰਜ ਨਾਮਾਂ ਅਤੇ ਵਾਹਿਗੁਰੂ ਆਦਿ-2 ਨਾਮਾਂ ਦੇ ਜਾਪ ਤੋਂ ਸੁੱਖ ਅਤੇ ਮੁਕਤੀ ਸੰਭਵ ਹੈ ਜਾਂ ਨਹੀਂ?




ਇਨ੍ਹਾਂ ਸਾਰੇ ਪ੍ਰਸ਼ਨਾਂ ਦੇ ਉੱਤਰ ਜਾਣਨ ਲਈ ਕ੍ਰਿਪਾ ਕਰਕੇ ਪੜ੍ਹੋ ਪੁਸਤਕ ਗਿਆਨ ਗੰਗਾ ਜਾਂ ਡਾਊਨਲੋਡ ਕਰੋ: www.jagatgururampalji.org

IPTV ਦੁਆਰਾ ਸਤਸੰਗ ਦੇਖੋ
ਵਾਣੀ ਟੀਵੀ ਤੇ ਸਵੇਰੇ 11:00 - 12:00 ਵਜੇ ਤੱਕ
ਐਮ ਐਚ ਵਨ ਸ਼ਰਧਾ ਤੇ ਸਵੇਰੇ 3:30 - 4:30 ਵਜੇ ਤੱਕ
ਗਲੋਬਲ ਸਾਂਝ ਟੀ-ਵੀ ਤੇ ਸਵੇਰੇ 7:00 - 8:00 ਵਜੇ ਤੱਕ
ਸਾਧਣਾ ਟੀਵੀ ਤੇ ਸਵੇਰੇ 9:00 - 10:00 ਵਜੇ ਤੱਕ
ਹਰਿਆਣਾ ਨਿਊਜ ਤੇ ਸ਼ਾਮ 7:30 - 8:30 ਵਜੇ ਤੱਕ
ਈਸ਼ਵਰ ਟੀਵੀ ਤੇ ਸਵੇਰੇ 10:00 - 11:00 ਵਜੇ ਤੱਕ
ਗਲੋਬਲ ਸਾਂਝ ਟੀ-ਵੀ ਤੇ ਸ਼ਾਮ 7:00 - 8:00 ਵਜੇ ਤੱਕ

ਗਿਆਨ ਗੰਗਾ ਪੁਸਤਕ ਦੇ ਆਰਡਰ ਜਾਂ ਸਤਸੰਗ ਦੀ ਜਾਣਕਾਰੀ ਲਈ ਸੰਪਰਕ ਕਰੋ:
satlokashramcanada@gmail.com | 647-739-4641
satsahibusa@gmail.com | 346-714-0224

GREAT OPPOURTUNITY TO INVEST IN NIAGRA FALLS



- Freehold Traditional 2-Storey townhouse
- 3 Bedroom + 2 Bedroom finished basement
- Deposit less than 10% in 5 months

Starting from low 400,000

- ✓ Freehold
- ✓ 25x100ft lot
- ✓ Individual Yard & Driveway
- ✓ Finished Basement

40k Deposit Structure
$10,000 Submitted with offer
$10,000 Submitted 90 days after Offer Date
$20,000 Submitted 150 days after Offer Date

Residential | Commercial | Investment

Jagdish Grewal
Sales Representative
(416) 970-5005



Century 21 President Realty Inc Brokerage
Independently Owned and Operated
www.vipcondonetwork.com
27 Armthorpe Rd Brampton #3, ON L6T 5M4 | Fax : 905-488-2101
Office: 905-488-2100 Ext. 348

# ਰੋਬੋਟੀਕਰਨ ਹੋਣ ਪਿੱਛੋਂ ਮਨੁੱਖੀ ਕਿਰਤ ਦਾ ਕੀ ਬਣੇਗਾ ਤੇ ਕਿਰਤੀ ਰਾਜਨੀਤੀ ਦਾ ਕੀ ਬਣੇਗਾ



ਜਤਿੰਦਰ ਪੰਨੂ

ਮੈਨੂੰ ਇਹ ਨਹੀਂ ਪਤਾ ਕਿ ਰਾਜਨੀਤੀ ਤੋਂ ਹਟ ਕੇ ਲਿਖਣ ਲੱਗਾ ਹਾਂ ਜਾਂ ਰਾਜਨੀਤੀ ਦੇ ਭਵਿੱਖ ਬਾਰੇ ਜਾਂ ਭਵਿੱਖ ਦੀ ਰਾਜਨੀਤੀ ਜਾਂ ਫਿਰ ਕਿਰਤ ਕਰਨ ਅਤੇ ਪੇਟ ਭਰਨ ਵਾਲੀ ਜਮਾਤ ਦੇ ਭਵਿੱਖ ਬਾਰੇ ਲਿਖਣ ਲੱਗਾ ਹਾਂ! ਹਾਲਾਤ ਬੜੀ ਤੇਜ਼ੀ ਨਾਲ ਅਤੇ ਸਾਡੀ ਸੋਚ ਤੋਂ ਬਾਹਰੀ ਤੇਜ਼ੀ ਨਾਲ ਬਦਲ ਰਹੇ ਹਨ। ਅਗਲੇ ਕੁਝ ਸਾਲਾਂ ਵਿੱਚ ਕਈ ਕੁਝ ਇਸ ਤਰ੍ਹਾਂ ਦਾ ਹੋਣ ਵਾਲਾ ਹੈ, ਜਿਸ ਨਾਲ ਅੱਜ ਦੀਆਂ ਸਭ ਧਾਰਨਾਵਾਂ ਬਦਲ ਸਕਦੀਆਂ ਹਨ। ਜਦੋਂ ਏਨਾ ਕੁਝ ਅਤੇ ਏਨੀ ਤੇਜ਼ੀ ਨਾਲ ਬਦਲਣ ਜਾ ਰਿਹਾ ਹੈ, ਇਸ ਦੇ ਅਸਰ ਹੇਠ ਅੱਜ ਦੀ ਰਾਜਨੀਤੀ ਅਤੇ ਕਿਰਤ ਕਰਨ ਵਾਲੀ ਜਮਾਤ ਦੇ ਅਜੋਕੇ ਹੱਕੀ ਸੰਘਰਸ਼ ਜਾਂ ਇਸ ਦੀਆਂ ਮੰਗਾਂ ਵਾਲੇ ਪੱਖ ਉੱਤੇ ਵੀ ਏਨਾ ਅਸਰ ਹੋਣਾ ਹੈ, ਜਿਸ ਦੀ ਗੱਲ ਕਰਨਾ ਹਾਲੇ ਹਾਸੋਹੀਣਾ ਲੱਗਦਾ ਹੈ।

ਇਸ ਜੁਲਾਈ ਦੀ ਪੰਜ ਤਾਰੀਖ ਨੂੰ ਜਦੋਂ ਭਾਰਤ ਦਾ ਬੱਜਟ ਪੇਸ਼ ਕੀਤਾ ਜਾ ਰਿਹਾ ਸੀ, ਖਜ਼ਾਨਾ ਮੰਤਰੀ ਬੀਬੀ ਇਹ ਦੱਸ ਰਹੀ ਸੀ ਕਿ ਅਗਲੇ ਸਾਲਾਂ ਵਿੱਚ ਬਿਜਲੀ ਨਾਲ ਚੱਲਣ ਵਾਲੀਆਂ ਕਾਰਾਂ ਲਈ ਮਾਹੌਲ ਬਣਾਉਣਾ ਹੈ, ਤਾਂ ਇੱਕ ਸੱਜਣ ਨੇ ਫੋਨ ਕਰ ਕੇ ਪੁੱਛ ਲਿਆ ਕਿ ਓਦੋਂ ਫਿਰ ਅੱਜ ਵਾਲੇ ਪੈਟਰੋਲ ਪੰਪਾਂ ਦਾ ਕੀ ਬਣੇਗਾ? ਜਲੰਧਰ ਵਰਗੇ ਸ਼ਹਿਰ ਦੇ ਇੱਕ ਵਧੀਆ ਚੱਲਦੇ ਅਤੇ ਤੀਸਰੀ ਪੀੜ੍ਹੀ ਵੱਲੋਂ ਚਲਾਏ ਜਾ ਰਹੇ ਪੈਟਰੋਲ ਪੰਪ ਦਾ ਅਜੋਕਾ ਸੰਚਾਲਕ ਉਹ ਨੌਜਵਾਨ ਇਸ ਲਈ ਚਿੰਤਤ ਸੀ ਕਿ ਉਸ ਦੇ ਕਾਰੋਬਾਰ ਉੱਤੇ ਸੱਟ ਪੈਣ ਵਾਲੀ ਸੀ, ਪਰ ਅਸੀਂ ਕੁਝ ਅੱਗੇ ਸੋਚ ਰਹੇ ਹਾਂ। ਭਾਰਤ ਦੀ ਸਰਕਾਰ ਦੂਸਰੇ ਦੇਸ਼ਾਂ ਵਾਂਗ ਬਿਜਲੀ ਵਾਲੀਆਂ ਕਾਰਾਂ ਤੇ ਹੋਰ ਗੱਡੀਆਂ ਨੂੰ ਚਲਾਉਣ ਦੀ ਯੋਜਨਾ ਬਣਾ ਰਹੀ ਹੈ ਤਾਂ ਇਸ ਲਈ ਕਿ ਇਸ ਨਾਲ ਪਰਦੂਸ਼ਣ ਘਟੇਗਾ, ਖਰਚਾ ਵੀ ਘਟੇਗਾ ਅਤੇ ਤੇਲ ਦੇਣ ਵੇਲੇ ਅੜੀਆਂ ਕਰਨ ਵਾਲੇ ਦੇਸਾਂ ਉੱਤੇ ਸਾਡੇ ਦੇਸ਼ ਦੀ ਨਿਰਭਰਤਾ ਵੀ ਘਟੇਗੀ। ਸਰਕਾਰ ਏਦਾਂ ਕਰ ਕੇ ਗਲਤ ਕੁਝ ਨਹੀਂ ਕਰਦੀ ਜਾਪਦੀ। ਜਦੋਂ ਇਹ ਪ੍ਰਬੰਧ ਚੱਲਣ ਪਿੱਛੋਂ ਹਰ ਪਾਸੇ ਕਾਰਾਂ ਤੇ ਹੋਰ ਗੱਡੀਆਂ ਬਿਜਲੀ ਨਾਲ ਚੱਲਣ ਲੱਗੀਆਂ, ਪੈਟਰੋਲ ਪੰਪ ਜ਼ਰੂਰ ਬੰਦ ਹੋ ਜਾਣਗੇ। ਇੱਕਦਮ ਇਹ ਬੰਦ ਨਹੀਂ ਹੋਣੇ, ਹੌਲੀ-ਹੌਲੀ ਹੋ ਜਾਣਗੇ, ਪਰ ਇਹ ਕੁਝ ਹੋਣਾ ਤਾਂ ਹੈ ਹੀ। ਅੱਗੇ ਵੀ ਕਈ ਕੁਝ ਬੰਦ ਹੁੰਦਾ ਗਿਆ ਹੈ।

ਸੋਸ਼ਲ ਮੀਡੀਆ ਉੱਤੇ ਏਸੇ ਹਫਤੇ ਕਿਸੇ ਸੱਜਣ ਨੇ ਮੈਸੇਜ ਪਾਇਆ ਹੈ ਕਿ ਪਹਿਲਾਂ ਜਦੋਂ ਕੈਮਰਿਆਂ ਵਿੱਚ ਫਿਲਮ ਪੈਂਦੀ ਸੀ, ਸਾਰੀ ਦੁਨੀਆ ਵਿੱਚ ਕੋਡਕ ਦੀ ਫਿਲਮ ਕੰਪਨੀ ਦੀ ਧੁੰਮ ਹੁੰਦੀ ਸੀ। ਅੱਜ ਨਵੀਂ ਪੀੜ੍ਹੀ ਵਾਲੇ ਲੋਕ ਇਸ ਕੰਪਨੀ ਤੇ ਉਸ ਫਿਲਮ ਰੋਲ ਬਾਰੇ ਜਾਣਦੇ ਵੀ ਨਹੀਂ ਹੋਣੇ। ਇੱਕ ਮੌਕੇ ਵੀਡੀਓ ਰਿਕਾਰਡਿੰਗ ਵਾਸਤੇ ਨਵੀਂ ਚੀਜ਼ ਵੀਡੀਓ ਕੈਸੇਟ ਹੁੰਦੀ ਸੀ, ਅੱਜ ਉਹ ਨਹੀਂ ਰਹੀ ਤੇ ਨਵੀਂ ਪੀੜ੍ਹੀ ਨੂੰ ਇਸ ਦਾ ਪਤਾ ਵੀ ਨਹੀਂ ਹੋਣਾ। ਕੈਸੇਟ ਪਿੱਛੋਂ ਕੰਪਿਊਟਰ ਦੀ ਫਲਾਪੀ ਡਿਸਕ ਆਈ ਸੀ, ਫਿਰ ਜਦੋਂ ਸੀ ਡੀ ਚੱਲ ਪਈ ਤਾਂ ਫਲਾਪੀ ਡਿਸਕ ਨਹੀਂ ਰਹੀ। ਨਵੀਂ ਪੀੜ੍ਹੀ ਦੇ ਬੱਚੇ ਏਨੀ ਗੱਲ ਸੁਣ ਕੇ ਹੀ ਅੱਕ ਜਾਣਗੇ, ਪਰ ਅਸੀਂ ਕੁਝ ਹੋਰ ਯਾਦ ਕਰ ਸਕਦੇ ਹਾਂ। ਸਾਡੇ ਸਾਹਮਣੇ ਪਹਿਲਾਂ ਘਰਾਂ ਦੀਆਂ ਛੱਤਾਂ ਉੱਤੇ ਮੰਜੇ ਇੱਕ ਦੂਸਰੇ ਨਾਲ ਉਲਟੇ ਜੋੜ ਕੇ ਉਨ੍ਹਾਂ ਉੱਤੇ ਲਾਊਡ ਸਪੀਕਰ ਬੰਨ੍ਹਿਆ ਜਾਂਦਾ ਅਤੇ ਉਸ ਦੀ ਮਸ਼ੀਨ ਹੇਠਾਂ ਕਿਸੇ ਕਮਰੇ ਜਾਂ ਵਿਹੜੇ ਵਿੱਚ ਰੱਖ ਕੇ ਉਸ ਉੱਤੇ ਗੋਲਾਈਦਾਰ ਰਿਕਾਰਡ ਲਾ ਕੇ ਘੁੰਮਾਉਣ ਮਗਰੋਂ ਉਸ ਉੱਤੇ ਸੂਈ ਵਾਲਾ ਜੁਗਾੜ ਲਾਇਆ ਜਾਂਦਾ ਸੀ, ਜਿਸ ਦੀ ਸੂਈ ਝਰੀ ਵਿੱਚ ਚੱਲ ਕੇ ਆਵਾਜ਼ ਪੈਦਾ ਕਰਦੀ ਸੀ। ਬਾਅਦ ਵਿੱਚ ਉਹ ਸਭ ਕੁਝ ਗਾਇਬ ਹੋ ਗਿਆ। ਅੱਜ ਲਾਊਡ ਸਪੀਕਰ ਲੱਗਦੇ ਹਨ, ਪਰ ਮਸ਼ੀਨ ਵਿੱਚ ਸੀ ਡੀ ਫਿੱਟ ਹੁੰਦੀ ਹੈ। ਅਸੀਂ ਲੋਕਾਂ ਬਚਪਨ ਵਿੱਚ ਉਹ ਟੈਲੀਫੋਨ ਵੇਖਿਆ ਸੀ, ਜਿਸ ਨੂੰ ਚਲਾਉਣ ਜਾਂ ਘੰਟੀ ਵੱਜੀ ਤੋਂ ਸੁਣਨ ਵੇਲੇ ਨਾਲ ਹੱਥੀ ਘੁੰਮਾ ਕੇ ਚਾਬੀ ਭਰਨੀ ਪੈਂਦੀ ਸੀ, ਵਰਨਾ ਆਵਾਜ਼ ਬੈਠ ਜਾਂਦੀ ਸੀ, ਉਹ ਵੀ ਖਤਮ ਹੋ ਗਏ ਸਨ। ਜਦੋਂ ਹਾਲੇ ਟੈਲੀਫੋਨ ਦਾ ਯੁੱਗ ਨਹੀਂ ਸੀ ਆਇਆ, ਓਦੋਂ ਟੈਲੀਗਰਾਮ ਹੁੰਦੀ ਸੀ ਤੇ ਡਾਕਖਾਨੇ ਜਾਂ ਕਿਸੇ ਸਰਕਾਰੀ ਦਫਤਰ ਵਿੱਚ ਬੈਠਾ ਬੰਦਾ ਉਸ ਦੀ ਪੱਟੀ ਉੱਤੇ ਉਂਗਲ ਦੇ ਨਾਲ ਖਾਸ ਕਿਸਮ ਦੀ ਟਿਕ-ਟਿਕ ਕਰੀ ਜਾਂਦਾ ਸੀ, ਜਿਸ ਦੀ ਟਿਕ-ਟਿਕ ਵਿੱਚ ਛੁਪੇ ਕੋਡ ਸੁਣਦਾ ਦੂਸਰੇ ਪਾਸੇ ਵਾਲਾ ਕਲਰਕ ਸਾਰਾ ਸੰਦੇਸ਼ ਨੋਟ ਕਰ ਸਕਦਾ ਸੀ। ਪਿਛਲੇਰੇ ਸਾਲ ਟੈਲੀਗਰਾਮ ਸਾਰੀ ਦੁਨੀਆ ਵਿੱਚ ਬੰਦ ਹੋ ਗਈ ਤਾਂ ਉਸ ਦਿਨ ਉਸ ਨਾਲ ਜੁੜੇ ਰਹੇ ਪੁਰਾਣੇ ਲੋਕਾਂ ਵਿੱਚੋਂ ਜਿਹੜੇ ਕੁਝ ਬਜ਼ੁਰਗ ਮਿਲੇ ਸਨ, ਉਦਾਸੀ ਜਿਹੀ ਨਾਲ ਜ਼ਿਕਰ ਕਰਦੇ ਸਨ।

ਸਾਡੇ ਵੇਖਦਿਆਂ ਤੋਂ ਪਿੰਡਾਂ ਵਿੱਚ ਖੇਤੀ ਲਈ ਪਾਣੀ ਕੱਢਣ ਵਾਸਤੇ ਵੱਡਾ ਮਹੱਤਵ ਰੱਖਦੇ ਖੂਹ ਗਾਇਬ ਹੋ ਗਏ ਤੇ ਉਨ੍ਹਾਂ ਦੀ ਥਾਂ ਲੋਹੇ ਦੀ ਪਾਈਪ ਵਾਲੇ ਟਿਊਬਵੈੱਲ ਆ ਗਏ ਸਨ। ਜਿਹੜੇ ਬਲਦ ਓਦੋਂ ਖੂਹਾਂ ਨੂੰ ਗੇੜਨ ਲਈ ਵਰਤਣ ਕਰ ਕੇ ਬੜੀ ਅਹਿਮੀਅਤ ਰੱਖਦੇ ਸਨ, ਉਸ ਦੇ ਬਾਅਦ ਗੱਡਿਆਂ ਜੋਗੇ ਰਹਿ ਗਏ ਅਤੇ ਫਿਰ ਗੱਡੇ ਬੰਦ ਹੋਣ ਕਾਰਨ ਬੇਲੋੜੇ ਹੋ ਕੇ ਘਰਾਂ ਤੋਂ ਕੱਢੇ ਜਾਣ ਲੱਗ ਪਏ ਸਨ। ਉਸ ਤੋਂ ਪਹਿਲਾਂ ਗਾਂ ਦੀ ਵੱਛੀ ਦਾ ਮੁੱਲ ਘੱਟ ਤੇ ਵੱਛੇ ਦਾ ਵੱਧ ਹੁੰਦਾ ਸੀ ਤੇ ਉਸ ਦੇ ਬਾਅਦ ਵੱਛੀ ਤੇ ਮੱਝ ਦੀ ਕੱਟੀ ਦੀ ਕਦਰ ਹਾਲੇ ਬਾਕੀ ਹੈ, ਵੱਛਾ ਤੇ ਕੱਟਾ ਬੇਲੋੜੇ ਹੋ ਗਏ ਸਨ। ਕੁਰਾਲੀ ਨੂੰ ਜਾਣ ਵਾਲੇ ਜਿਹੜੇ ਟਾਂਗੇ ਦੇ ਗੀਤ ਚੱਲਦੇ ਸਨ, ਅੱਜ ਉਹ ਟਾਂਗੇ ਕਿਤੇ ਵੀ ਨਹੀਂ ਰਹੇ। ਤਬਦੀਲੀ ਅਜੇ ਵੀ ਜਾਰੀ ਹੈ।

ਗੱਲ ਫਿਰ ਖਜ਼ਾਨਾ ਮੰਤਰੀ ਅਤੇ ਭਾਰਤ ਸਰਕਾਰ ਦੀ ਇਸ ਸੋਚ ਵੱਲ ਮੁੜ ਪੈਂਦੀ ਹੈ ਕਿ ਛੇਤੀ ਹੀ ਬਿਜਲੀ ਵਾਲੀ ਕਾਰ ਭਾਰਤ ਵਿੱਚ ਆ ਜਾਵੇਗੀ ਅਤੇ ਪੈਟਰੋਲ ਪੰਪ ਬੇਲੋੜੇ ਹੋਣ ਦਾ ਖਦਸ਼ਾ ਹੈ। ਦੁਨੀਆ ਇਸ ਤੋਂ ਅੱਗੇ ਜਾ ਰਹੀ ਹੈ। ਕੁਝ ਦੇਸ਼ਾਂ ਵਿੱਚ ਕਾਰਾਂ ਦੀ ਨਵੀਂ ਨਸਲ ਆ ਰਹੀ ਹੈ, ਜਿਹੜੀ ਡਰਾਈਵਰ ਤੋਂ ਬਿਨਾਂ ਚੱਲਿਆ ਕਰੇਗੀ ਅਤੇ ਦਾਅਵਾ ਕੀਤਾ ਜਾ ਰਿਹਾ ਹੈ ਕਿ ਉਸ ਦੀ ਮੁਹਾਰਤ ਏਨੀ ਹੈ ਕਿ ਹਾਦਸੇ ਵੀ ਘੱਟ ਹੋਣਗੇ। ਇਹ ਹੋ ਸਕਦਾ ਹੈ। ਆਕਾਸ਼ ਵਿੱਚ ਉੱਡਦੇ ਜਹਾਜ਼ ਜਦੋਂ ਜ਼ਮੀਨ ਉੱਤੇ ਉੱਤਰਨ ਲੱਗਦੇ ਹਨ, ਕਈ ਥਾਂਈਂ ਇਹ ਗੱਲ ਸੁਣਨ ਨੂੰ ਮਿਲਦੀ ਹੈ ਕਿ ਏਅਰ ਪੋਰਟ ਨੇੜੇ ਆਉਣ ਤੋਂ ਬਾਅਦ ਪਾਇਲਟ ਉਸ ਦਾ ਕੰਟਰੋਲ ਛੱਡ ਦੇਂਦਾ ਹੈ ਤੇ ਉਹ ਆਟੋ ਲੈਂਡਿੰਗ ਸਿਸਟਮ ਨਾਲ ਖੁਦ ਹੀ ਜ਼ਮੀਨ ਉੱਤੇ ਵਿਛੇ ਹੋਏ ਰੰਨ-ਵੇਅ ਦੀ ਸੇਧ ਰੱਖ ਕੇ ਉੱਤਰ ਜਾਂਦੇ ਹਨ। ਜ਼ਮੀਨ ਉੱਤੇ ਡਰਾਈਵਰ ਤੋਂ ਬਿਨਾਂ ਚੱਲਦੀਆਂ ਕਾਰਾਂ ਵੀ ਕਾਮਯਾਬ ਹੋ ਜਾਣਗੀਆਂ ਤਾਂ ਫਿਰ ਡਰਾਈਵਰਾਂ ਦੀ ਕੀ ਲੋੜ ਰਹੇਗੀ? ਸਿਰਫ ਡਰਾਈਵਰਾਂ ਬਾਰੇ ਗੱਲ ਨਾ ਕਰੀਏ, ਸਮਾਜ ਦੇ ਬਹੁਤ ਸਾਰੇ ਹਿੱਸਿਆਂ ਵਿੱਚ ਮਸ਼ੀਨੀਕਰਨ ਹੋ ਰਿਹਾ ਹੈ ਤੇ ਕਈ ਥਾਂ ਇਸ ਨਾਲ ਮਨੁੱਖਤਾ ਦਾ ਇੱਕ ਹਿੱਸਾ ਚਿੰਤਾ ਵਿੱਚ ਹੈ। ਚੀਨ ਵਿੱਚ ਖਬਰਾਂ ਬਣਾਉਣ ਅਤੇ ਇਲੈਕਟਰਾਨਿਕ ਮੀਡੀਆ ਉੱਤੇ ਪੜ੍ਹਨ ਦਾ ਕੰਮ ਰੋਬੋਟ ਵੱਲੋਂ ਕਰਨ ਦਾ ਤਜਰਬਾ ਕਾਮਯਾਬ ਰਿਹਾ ਦੱਸਿਆ ਜਾਂਦਾ ਹੈ ਤੇ ਨਾਲ ਇਹ ਵੀ ਖਬਰ ਸੁਣੀ ਗਈ ਹੈ ਕਿ ਚੀਨ ਵਿੱਚ ਮੀਡੀਆ ਨਾਲ ਜੁੜੇ ਹੋਏ ਲੋਕਾਂ ਨੇ ਇਸ ਬਾਰੇ ਆਪਣੇ ਦੇਸ਼ ਦੀ ਕਮਿਊਨਿਸਟ ਸਰਕਾਰ ਨੂੰ ਆਪਣੀ ਚਿੰਤਾ ਤੋਂ ਜਾਣੂ ਕਰਵਾਇਆ ਹੈ।

ਕੀ ਇਹ ਚਿੰਤਾ ਡਰਾਈਵਰਾਂ ਜਾਂ ਮੀਡੀਏ ਵਾਲਿਆਂ ਸੀਮਤ ਰਹੇਗੀ? ਕੀ ਇਹ ਸੱਚ ਸਾਨੂੰ ਪਤਾ ਨਹੀਂ ਹੈ ਕਿ ਕੁਝ ਦੇਸ਼ਾਂ ਦੇ ਹੋਟਲ ਮਾਲਕਾਂ ਨੇ ਗ੍ਰਾਹਕਾਂ ਨੂੰ ਖਾਣਾ ਪਰੋਸਣ ਵਾਸਤੇ ਰੋਬੋਟ ਦੀ ਵਰਤੋਂ ਦਾ ਤਜਰਬਾ ਕਰ ਲਿਆ ਅਤੇ ਉਸ ਦੀ ਕਾਮਯਾਬੀ ਦੇ ਸੋਹਲੇ ਗਾ ਰਹੇ ਹਨ? ਇਹ ਸਾਰਾ ਕੁਝ ਸੁਣ ਕੇ ਕੋਈ ਵੀ ਕਹਿ ਸਕਦਾ ਹੈ ਕਿ ਚੰਗੀ ਗੱਲ ਹੈ। ਗੱਲ ਚੰਗੀ ਹੋਣ ਕਰ ਕੇ ਅਸੀਂ ਇਸ ਦੇ ਵਿਰੋਧੀ ਨਹੀਂ, ਪਰ ਕੀ ਕਦੇ ਅੱਗੇ ਦਾ ਵੀ ਸੋਚਿਆ ਹੈ? ਜਿਨ੍ਹਾਂ ਲੋਕਾਂ ਦੇ ਕੋਲ ਪੈਸਾ ਹੈ, ਉਹ ਬਿਨਾਂ ਡਰਾਈਵਰ ਦੀ ਕਾਰ ਵਰਤਣਗੇ, ਰੋਬੋਟ ਵਾਲੇ ਹੋਟਲ ਤੋਂ ਖਾਣਾ ਖਾਣਗੇ ਤੇ ਆਪਣੇ ਘਰ ਵੀ ਰੋਬੋਟ ਲੈ ਆਉਣਗੇ, ਪਰ ਜਿਹੜੇ ਲੋਕ ਉਸ ਦੌਰ ਵਿੱਚ ਇਨ੍ਹਾਂ ਕੰਮਾਂ ਤੋਂ ਵਿਹਲੇ ਹੋ ਜਾਣਗੇ, ਉਹ ਕਿਸ ਦੀ ਮਾਂ ਨੂੰ ਮਾਸੀ ਕਹਿਣਗੇ? ਰੋਟੀ ਕਮਾ ਕੇ ਖਾਣ ਨੂੰ ਮਿਲਣੀ ਹੈ ਤੇ ਜਦੋਂ ਉਨ੍ਹਾਂ ਵਾਲਾ ਕੰਮ ਪੈਸੇ ਵਾਲੇ ਅਦਾਰੇ ਤੇ ਲੋਕ ਰੋਬੋਟਸ ਤੋਂ ਕਰਵਾ ਲੈਣਗੇ, ਕਿਰਤੀਆਂ ਦੇ ਹੱਕਾਂ ਵਾਸਤੇ ਚੱਲਦੀ ਉਸ ਜੰਗ ਦਾ ਕੀ ਬਣੇਗਾ, ਜਿਸ ਤੋਂ ਤ੍ਰਹਿਕੇ ਹੋਏ ਦੇਸ਼ਾਂ ਦੇ ਆਗੂ ਸਮਾਜੀ ਸੁਰੱਖਿਆ ਦੀਆਂ ਸਕੀਮਾਂ ਦੇ ਐਲਾਨ ਕਰਨ ਨੂੰ ਮਜਬੂਰ ਹੋ ਜਾਂਦੇ ਜਾਂ ਮਜਬੂਰ ਕੀਤੇ ਜਾ ਸਕਦੇ ਸਨ? ਤਕਨੀਕੀ ਯੁੱਗ ਜਿੰਨੀ ਤੇਜ਼ੀ ਨਾਲ ਬਦਲਦਾ ਪਿਆ ਹੈ, ਇਹੋ ਜਿਹਾ ਵਕਤ ਮਨੁੱਖ ਦਾ ਰਾਹ ਰੋਕਣ ਲਈ ਬਹੁਤੀ ਦੇਰ ਨਹੀਂ ਕਰਨ ਵਾਲਾ। ਜਦੋਂ ਉਹ ਦੌਰ ਸਾਡਾ ਰਾਹ ਰੋਕ ਖੜੋਤਾ, ਫਿਰ ਸਰਕਾਰਾਂ ਦੇ ਖਿਲਾਫ ਕਿਰਤੀ ਲੋਕਾਂ ਦੇ ਹੱਕਾਂ ਦਾ ਸੰਘਰਸ਼ ਕਿਸ ਤਰ੍ਹਾਂ ਦਾ ਹੋਵੇਗਾ, ਇਸ ਸੰਬੰਧ ਵਿੱਚ ਸੋਚਣ ਦੀ ਲੋੜ ਅਜੇ ਕਿਸੇ ਧਿਰ ਦੀ ਵਿਚਾਰ ਦੇ ਏਜੰਡੇ ਉੱਤੇ ਆਈ ਹੀ ਨਹੀਂ ਜਾਪਦੀ।

ਅਸੀਂ ਇਸ ਗੱਲ ਬਾਰੇ ਸੋਚ ਕੇ ਚਿੰਤਤ ਨਹੀਂ ਕਿ ਕਿਸੇ ਦੋਸਤ ਪਰਵਾਰ ਦੇ ਤਿੰਨ ਪੀੜ੍ਹੀਆਂ ਤੋਂ ਚੱਲ ਰਹੇ ਪੈਟਰੋਲ ਪੰਪ ਦਾ ਕੀ ਬਣੇਗਾ, ਸਗੋਂ ਇਹ ਸੋਚਣਾ ਪਵੇਗਾ ਕਿ ਭਾਰਤ ਵਿੱਚ ਰਾਜਨੀਤੀ ਜਿਵੇਂ ਕਿਰਤ ਦਾ ਮਾਣ ਭੁੱਲ ਕੇ ਕਲਪਨਾ ਦੇ ਭਗਵਾਨ ਦੁਆਲੇ ਕੇਂਦਰਤ ਹੋਈ ਜਾਂਦੀ ਹੈ, ਦੇਸ਼ ਜਾਂ ਦੁਨੀਆ ਨੂੰ ਅਗਲੇ ਸਾਲਾਂ ਵਿੱਚ ਉਹ ਕਿਸ ਲੀਹੇ ਪਾਉਣ ਵਾਲੀ ਹੈ? ਭਵਿੱਖ ਦੀ ਰਾਜਨੀਤੀ ਜਾਂ ਅਜੋਕੀ ਰਾਜਨੀਤੀ ਦੇ ਭਵਿੱਖ ਬਾਰੇ ਸੋਚਣ ਦੀ ਜਿਹੜੀ ਲੋੜ ਬਣਦੀ ਹੈ, ਉਸ ਬਾਰੇ ਕੋਈ ਸੋਚ ਹੀ ਨਹੀਂ ਰਿਹਾ। ਕਹਿੰਦੇ ਹਨ ਕਿ ਬਿੱਲੀ ਆਉਂਦੀ ਵੇਖ ਕੇ ਕਬੂਤਰ ਅੱਖਾਂ ਵੀ ਮੀਟ ਲਵੇ ਤਾਂ ਬਿੱਲੀ ਮੁੜਨ ਦਾ ਮਨ ਨਹੀਂ ਬਣਾਉਂਦੀ ਹੁੰਦੀ, ਸਗੋਂ ਝਪੱਟਾ ਮਾਰਦੀ ਹੁੰਦੀ ਹੈ ਤੇ ਇਹ ਝਪੱਟਾ ਕਿਰਤੀ ਲੋਕਾਂ ਉੱਤੇ ਵੀ ਵੱਜਣ ਵਾਲਾ ਜਾਪਦਾ ਹੈ।

# ਮਿੰਨੀ ਕਹਾਣੀਆਂ

## ਜੱਟ

–ਹਰਜੀਤ ਨਾਗੀ

'ਪਾਪਾ, ਜੱਟ ਕੌਣ ਹੁੰਦਾ ਹੈ?' ਇਹ ਸਵਾਲ ਮੇਰੇ ਛੇ ਸਾਲ ਦੇ ਬੇਟੇ ਦਾ ਸੀ ਜੋ ਟੀ ਵੀ ਵੇਖਦਾ ਉਠ ਕੇ ਆਇਆ ਸੀ। ਜੇ ਇਹ ਸਵਾਲ ਮੈਂ ਜਾਂ ਮੇਰੇ ਕਿਸੇ ਹਾਣੀ ਨੇ ਆਪਣੇ ਬਚਪਨ ਵਿੱਚ ਪੁੱਛਿਆ ਹੁੰਦਾ ਤਾਂ ਸਾਡੇ ਬਾਪੂ ਨੇ ਕਹਿਣਾ ਸੀ, 'ਉਏ ਤੈਨੂੰ ਇਹ ਵੀ ਨਹੀਂ ਪਤਾ! ਬੁੱਧੂ ਕਿਸੇ ਥਾਂ ਦਾ।' ਪਰ ਇਹ ਸਮਾਂ ਮੇਰੇ ਬਚਪਨ ਦਾ ਨਹੀਂ, ਅੱਜ ਦਾ ਸੀ। ਇਸ ਲਈ ਬੱਚੇ ਦਾ ਸਵਾਲ ਵਾਜਬ ਸੀ। ਅੱਜ ਦੇ ਬੱਚੇ ਕੀ ਜਾਣਦੇ ਨੇ ਜੱਟ ਬਾਰੇ। ਪਿੰਡ ਵਿੱਚ ਰਹਿਣ ਵਾਲੇ ਤਾਂ ਕੁਝ ਨਾ ਕੁਝ ਜਾਣਦੇ ਹੋਣਗੇ, ਪਰ ਸ਼ਹਿਰੀ, ਕੁਝ ਵੀ ਨਹੀਂ। 'ਦੱਸੋ ਪਾਪਾ, ਤੁਹਾਨੂੰ ਪਤਾ ਏ ਕਿ ਨਹੀਂ?' ਬੇਟੇ ਨੇ ਮੈਨੂੰ ਸੋਚੀਂ ਪਿਆ ਵੇਖ ਕੇ ਫਿਰ ਪੁੱਛਿਆ।

'ਪੁੱਤ, ਜੱਟ ਉਸ ਨੂੰ ਕਹਿੰਦੇ ਹਨ, ਜੋ ਖੇਤੀ ਕਰਦਾ ਹੈ, ਫਸਲਾਂ ਉਗਾਉਂਦਾ ਹੈ,' ਮੈਂ ਸਾਧਾਰਨ ਸ਼ਬਦਾਂ ਵਿੱਚ ਪਰਿਭਾਸ਼ਾ ਦੇਣੀ ਚਾਹੀ। ਮੇਰੇ ਜਵਾਬ ਨਾਲ ਉਸ ਦੀ ਤਸੱਲੀ ਨਾ ਹੋਈ।

ਕੁਝ ਚਿਰ ਸੋਚਣ ਤੋਂ ਬਾਅਦ ਉਹ ਬੋਲਿਆ, 'ਨਹੀਂ ਪਾਪਾ, ਤੁਹਾਨੂੰ ਨਹੀਂ ਪਤਾ।'

'ਅੱਛਾ ਫਿਰ ਤੁਸੀਂ ਦੱਸੋ ਜੱਟ ਕੌਣ ਹੁੰਦਾ ਹੈ?' ਮੈਂ ਉਸ ਦੇ ਭੋਲੇਪਣ ਦੇ ਅੰਦਾਜ਼ ਵਿੱਚ ਹੀ ਪੁੱਛਿਆ। 'ਪਾਪਾ, ਜੱਟ ਉਹ ਹੁੰਦਾ ਹੈ ਜੋ ਗਾਣੇ ਗਾਉਂਦਾ ਹੈ, ਉਸ ਕੋਲ ਬੰਦੂਕ ਵੀ ਹੁੰਦੀ ਹੈ ਅਤੇ ਉਹ..' ਉਹ ਲਗਾਤਾਰ ਬੋਲੀ ਜਾ ਰਿਹਾ ਸੀ।

'ਨਹੀਂ ਬੇਟਾ, ਜੱਟ ਏਦਾਂ ਦਾ ਨਹੀਂ ਹੁੰਦਾ। ਉਹ ਬੜਾ ਮਿਹਨਤੀ, ਸਿਰੜੀ ਹੁੰਦਾ ਹੈ,' ਮੈਂ ਉਸ ਨੂੰ ਰੋਕਦਿਆਂ ਕਿਹਾ। ਉਹ ਰੁਕ ਗਿਆ ਅਤੇ ਫਿਰ ਮੇਰੀ ਬਾਂਹ ਫੜ ਕੇ ਕਹਿਣ ਲੱਗਾ, 'ਆਜੋ ਪਾਪਾ, ਮੈਂ ਤੁਹਾਨੂੰ ਟੀ ਵੀ 'ਤੇ ਵਿਖਾਉਂਦਾ ਹਾਂ।'

ਉਹ ਮੇਰੀ ਬਾਂਹ ਫੜ ਮੈਨੂੰ ਟੀ ਵੀ ਵਾਲਾ ਜੱਟ ਵਿਖਾਉਣ ਲਿਜਾ ਰਿਹਾ ਸੀ ਅਤੇ ਉਸ ਦੇ ਪਿੱਛੇ-ਪਿੱਛੇ ਜਾਂਦਾ ਸੋਚ ਰਿਹਾ ਸੀ ਕਿ ਇਸ ਦੀ ਅਸਲੀ ਜੱਟ ਨਾਲ ਜਾਣ ਪਛਾਣ ਕਿਵੇਂ ਕਰਾਵਾਂ..!

## ਸੱਚ ਦਾ ਸਫੀਰ

–ਮਨਿੰਦਰ ਜੀਤ ਸਿੰਘ

ਲੌਢੇ ਵੇਲੇ ਦਫਤਰ ਬੰਦ ਕਰਕੇ ਕਾਹਲੇ ਪੈਰੀਂ ਘਰ ਮੁੜ ਰਿਹਾ ਸੀ ਤਾਂ ਅਚਾਨਕ ਨਿਗ੍ਹਾ ਰਸਤੇ ਵਿੱਚ ਰੇਹੜੀ ਲਾਈ ਖੜੇ ਇਕ ਬਜ਼ੁਰਗ ਵੱਲ ਗਈ। ਸਰਸਰੀ ਨਿਗ੍ਹਾ ਮਾਰੀ ਤਾਂ ਚਾਲ ਮੱਧਮ ਪੈ ਗਈ। ਮੈਲਾ ਕੁੜਤਾ ਪਜਾਮਾ ਤੇ ਸਿਰ ਉਪਰ ਉਘੜ ਦੁੱਘੜੀ ਬੰਨ੍ਹੀ ਹੋਈ ਪੱਗ। ਰੇਹੜੀ ਪੱਲੀ ਨਾਲ ਢੱਕੀ ਹੋਈ। ਪਰ ਉਹਦੇ ਚਿਹਰੇ ਦੇ ਨੂਰ ਨੇ ਮੈਨੂੰ ਆਪਣੇ ਵੱਲ ਖਿੱਚ ਲਿਆ ਤੇ ਮੈਂ ਜਾ ਪੁੱਛਿਆ, 'ਕੀ ਵੇਚ ਰਹੇ ਹੋ ਬਜ਼ੁਰਗੋ?'

'ਖਰੀਦੇਂਗਾ..?' ਬਜ਼ੁਰਗ ਨੇ ਸ਼ਾਂਤ ਚਿੱਤ ਤੇ ਡੂੰਘੇ ਲਹਿਜੇ ਵਿੱਚ ਸਵਾਲ ਕੀਤਾ।

'ਹਾਂ, ਕਿਉਂ ਨਹੀਂ। ਜੇ ਮੇਰੇ ਮਨ ਨੂੰ ਜਚੀ ਤੇ ਮਤਲਬ ਦੀ ਹੋਈ ਤਾਂ ਜ਼ਰੂਰ।' ਮੈਂ ਬੇਬਾਕੀ ਨਾਲ ਜਵਾਬ ਦਿੱਤਾ।

'ਕੀਮਤ ਦੇ ਦੇਵੇਂਗਾ..?'

ਬਜ਼ੁਰਗ ਦੀ ਗੱਲ ਸੁਣ ਕੇ ਮੈਂ ਹੈਰਾਨ ਹੋ ਗਿਆ। ਇਕ ਵਾਰ ਨਿਗ੍ਹਾ ਬਜ਼ੁਰਗ ਵੱਲ ਮਾਰੀ ਤੇ ਮਨ ਹੀ ਮਨ ਸੋਚਿਆ ਕਿ ਇਹ ਕਿਹੜਾ ਸਵਰਗ ਦੀਆਂ ਅੰਜੀਰਾਂ ਵੇਚਦਾ ਹੋਣਾ। ਪਰਸ ਦੀ ਤਸੱਲੀ ਕਰਨ ਲਈ ਹੱਥ ਪੈਂਟ ਦੀ ਪਿਛਲੀ ਜੇਬ ਵੱਲ ਗਿਆ। ਸ਼ਾਇਦ ਬਜ਼ੁਰਗ ਨੇ ਦੇਖ ਲਿਆ ਤੇ ਕਿਹਾ, 'ਇਹਦੀ ਕੀਮਤ ਤੂੰ ਕਰੋੜਾਂ ਰੁਪਏ ਦੇ ਕੇ ਵੀ ਨਹੀਂ ਤਾਰ ਸਕਦਾ..।'

'ਫਿਰ ਕੀ ਹੈ ਇਹਦਾ ਮੁੱਲ?'

'ਇਕੱਲਿਆਂ ਚੱਲਣਾ ਪੈਣਾ, ਦੁਨੀਆਂ ਦੇ ਨਾਲ ਖਹਿਣਾ ਪੈਣਾ, ਲੋਕਾਂ ਦੀ ਬੇਰੁਖ਼ੀ ਸਹਿਣੀ ਪੈਣੀ। ਦੋਸਤ ਮਿੱਤਰ ਰਿਸ਼ਤੇਦਾਰ ਸਭ ਬੁਲਾਉਣਾ ਬੰਦ ਕਰ ਦੇਣਗੇ ਜਾਂ ਘੱਟ ਕਰ ਦੇਣਗੇ। ਲੋਕ ਤਾਂ ਇਕ ਪਾਸੇ ਆਪਣਾ ਪਰਛਾਵਾਂ ਵੀ ਸਾਥ ਛੱਡ ਜਾਵੂ। ਕਲਯੁਗ ਐ ਪੁੱਤਰਾ, ਬਹੁਤ ਧੱਕੇ ਖਾਣੇ ਪੈਣੇ ਐ।'

'ਏਦਾਂ ਦਾ ਕੀ ਵੇਚਦਾ ਬਾਬਾ?' ਮੈਨੂੰ ਵੱਟ ਚੜ੍ਹ ਗਿਆ।

'ਸੱਚ..' ਬਜ਼ੁਰਗ ਨੇ ਠਰੰਮੇ ਨਾਲ ਜਵਾਬ ਦਿੱਤਾ।

'ਸੱਚ..' ਇਹ ਸੁਣ ਕੇ ਮੇਰੀ ਹੈਰਤ ਦੀ ਹੱਦ ਨਾ ਰਹੀ। ਮੈਂ ਸੁੰਨ ਜਿਹਾ ਹੋ ਗਿਆ।

'ਬੋਲ ਚਾਹੀਦੈ?'

'ਹਾਂ।'

'ਅੱਖਾਂ ਬੰਦ ਕਰ ਤੇ ਜੀਭ ਬਾਹਰ ਕੱਢ।'

ਬਜ਼ੁਰਗ ਦੇ ਵਸ਼ੀਭੂਤ ਹੋਏ ਨੇ ਮੈਂ ਮੂੰਹ ਖੋਲ੍ਹਿਆ ਤੇ ਜੀਭ ਬਾਹਰ ਕੱਢ ਲਈ। ਬਜ਼ੁਰਗ ਨੇ ਮੇਰੀ ਜੀਭ 'ਤੇ ਕੁਝ ਬਰੂਰਿਆ ਤੇ ਬੋਲਿਆ, 'ਚੱਟ ਲੈ।'

'ਇਹ ਤਾਂ ਬਹੁਤ ਕੌੜਾ..' ਜੀਭ 'ਤੇ ਪਈ ਕੁੜੱਤਣ ਨੂੰ ਚੱਟਦਿਆਂ ਮੇਰੀ ਜਾਨ ਨਿਕਲ ਗਈ। ਬਜ਼ੁਰਗ ਉਚੀ-ਉਚੀ ਹੱਸਿਆ, 'ਸੱਚ ਕੌੜਾ ਜ਼ਰੂਰ ਹੁੰਦੈ, ਪਰ ਅੰਤ ਜਿੱਤ ਸੱਚ ਦੀ ਹੁੰਦੀ ਹੈ। ਝੂਠ, ਫਰੇਬ, ਧੋਖਾ, ਮੱਕਾਰੀਆਂ ਸਭ ਇਥੇ ਹੀ ਰਹਿ ਜਾਣੀਆਂ ਨੇ ਪੁੱਤਰਾ, ਦਰਗਾਹ ਵਿੱਚ ਸਿਰਫ ਸੱਚ ਹੀ ਕੰਮ ਆਉਂਦੈ।'

ਮੈਂ ਖੜਾ ਸੱਚ ਦੀ ਕੁੜੱਤਣ ਨੂੰ ਚੱਟਦਾ ਰਿਹਾ ਤੇ ਸੱਚ ਦਾ ਸਫੀਰ ਸੱਚ ਦਾ ਪੈਗਾਮ ਦੇ ਕੇ ਭੀੜ ਵਿੱਚ ਕਿਧਰੇ ਲੋਪ ਹੋ ਗਿਆ।

# ਚੀਨ ਤੋਂ ਚਾਰ ਪੰਜ ਦਹਾਕੇ ਪਿੱਛੇ ਹੈ ਭਾਰਤ

–ਡਾ.ਏ. ਸ਼ੁਕਲ

ਨੇਪੋਲੀਅਨ ਬੋਨਾਪਾਰਟ ਨੇ ਕਦੇ ਕਿਹਾ ਸੀ, 'ਵਿਸ਼ਾਲ ਚੀਨ ਅਜੇ ਸੌਂ ਰਿਹਾ ਹੈ, ਇਸ ਨੂੰ ਸੌਣ ਹੀ ਦਿਓ, ਕਿਉਂਕਿ ਜਦੋਂ ਇਹ ਉਠੇਗਾ ਤਾਂ ਦੁਨੀਆ ਹਿੱਲਣ ਲੱਗੇਗੀ।'

ਅੱਜ ਪੂਰੀ ਦੁਨੀਆ 'ਚ ਸ਼ਾਇਦ ਹੀ ਅਜਿਹਾ ਕੋਈ ਕੋਨਾ ਹੋਵੇ, ਜਿਥੇ ਚੀਨ ਦੇ ਉਭਾਰ ਦੀ ਬਹਿਸ ਨਾ ਹੁੰਦੀ ਹੋਵੇ। ਪਿੱਛੇ ਜਿਹੇ ਮੈਨੂੰ ਦੱਖਣ ਪੱਛਮੀ ਚੀਨ ਵਿੱਚ ਇਕ ਕੌਮਾਂਤਰੀ ਗੋਸ਼ਟੀ ਵਿੱਚ ਹਿੱਸਾ ਲੈਣ ਦਾ ਮੌਕਾ ਮਿਲਿਆ। ਉਥੇ ਮੇਰਾ ਸਾਹਮਣਾ ਸਮਾਜ, ਸੱਭਿਆਚਾਰ ਅਤੇ ਆਰਥਿਕ ਤਰੱਕੀ ਦੇ ਵੱਖ-ਵੱਖ ਪੱਖਾਂ ਨਾਲ ਹੋਇਆ, ਜਿਸ ਤੋਂ ਭਾਰਤ ਦੇ ਬਹੁਤੇ ਲੋਕ ਜਾਣੂ ਹਨ। ਜਦੋਂ ਮੈਂ ਯੂਨਾਨ ਪ੍ਰਾਂਤ ਦੀ ਰਾਜਧਾਨੀ ਕੁਨਮਿੰਗ ਹਵਾਈ ਅੱਡੇ 'ਤੇ ਪਹੁੰਚਿਆ ਤਾਂ ਉਥੇ 'ਬੈਲਟ ਐਂਡ ਰੋਡ' ਦੇਸ਼ਾਂ ਲਈ ਵੱਖਰਾ ਕਾਊਂਟਰ ਬਣਾਇਆ ਗਿਆ ਸੀ। ਮੈਨੂੰ ਪਤਾ ਸੀ ਕਿ ਭਾਰਤ ਬੀ ਆਰ ਆਈ ਦਾ ਹਿੱਸਾ ਨਹੀਂ, ਇਸ ਲਈ ਮੈਂ ਵਿਦੇਸ਼ੀ ਲੋਕਾਂ ਦੀ ਕਤਾਰ 'ਚ ਖੜ੍ਹਾ ਹੋ ਕੇ ਆਪਣੀ ਵਾਰੀ ਉਡੀਕਣ ਲੱਗਾ। ਮੈਨੂੰ ਕੀ ਪਤਾ ਸੀ ਕਿ ਛੇਤੀ ਹੀ ਮੈਨੂੰ ਜ਼ਬਰਦਸਤੀ ਬੀ ਆਰ ਆਈ ਦਾ ਹਿੱਸਾ ਬਣਾਇਆ ਜਾਵੇਗਾ। ਮੇਰੇ ਹੱਥ 'ਚ ਭਾਰਤੀ ਪਾਸਪੋਰਟ ਦੇਖ ਕੇ ਇਕ ਸੁਰੱਖਿਆ ਅਧਿਕਾਰੀ ਨੇ ਮੈਨੂੰ ਬੀ ਆਰ ਆਈ ਵਾਲੀ ਕਤਾਰ ਵਿੱਚ ਖੜਾ ਹੋਣ ਨੂੰ ਕਿਹਾ। ਮੇਰੇ ਕੋਲ ਹੋਰ ਕੋਈ ਚਾਰਾ ਨਹੀਂ ਸੀ, ਇਸ ਲਈ ਮੈਂ ਬੀ ਆਰ ਆਈ ਕਾਊਂਟਰ ਉੱਤੇ ਜਾਣਾ ਹੀ ਠੀਕ ਸਮਝਿਆ।

ਉਂਝ ਦੱਖਣ ਪੱਛਮੀ ਹਿੱਸੇ ਨੂੰ ਮੁੱਖ ਚੀਨ ਤੋਂ ਘੱਟ ਵਿਕਸਤ ਮੰਨਿਆ ਜਾਂਦਾ ਹੈ, ਪਰ ਉਥੋਂ ਦੀ ਚਕਾਚੌਂਧ ਤੋਂ ਕੋਈ ਵੀ ਆਕਰਸ਼ਿਤ ਹੋਏ ਬਿਨਾਂ ਨਹੀਂ ਰਹਿ ਸਕਦਾ। ਪੂਰਾ ਸਾਲ ਰਹਿਣ ਵਾਲੇ ਸੁਹਾਵਣੇ ਮੌਸਮ ਕਾਰਨ ਕੁਨਮਿੰਗ ਨੂੰ 'ਸਿਟੀ ਆਫ ਸਪ੍ਰਿੰਗ' ਵੀ ਕਿਹਾ ਜਾਂਦਾ ਹੈ। ਯੋਜਨਾਬੱਧ ਵਿਕਾਸ, ਬੁਨਿਆਦੀ ਢਾਂਚੇ, ਸਹੂਲਤਾਂ, ਹਰਿਆਵਲ, ਸਾਫ ਸਫਾਈ ਅਤੇ ਸਾਫ ਸੁਥਰੀ ਹਵਾ ਦੀ ਮੌਜੂਦਗੀ ਇਸ ਨੂੰ ਦਿੱਲੀ ਤੋਂ ਕਈ ਮਾਅਨਿਆਂ 'ਚ ਬਿਹਤਰ ਬਣਾਉਂਦੀ ਹੈ। ਆਸਮਾਨ ਛੂੰਹਦੀਆਂ ਇਮਾਰਤਾਂ ਦੀ ਬੇਸ਼ੁਮਾਰ ਗਿਣਤੀ, ਸਾਫ ਸੁਥਰੀਆਂ ਤੇ ਚੌੜੀਆਂ ਸੜਕਾਂ ਅਤੇ ਹੋਰ ਸਹੂਲਤਾਂ ਨੂੰ ਦੇਖਦਿਆਂ ਇੰਝ ਲੱਗਦਾ ਹੈ, ਜਿਵੇਂ ਭਾਰਤ ਚੀਨ ਨਾਲੋਂ ਚਾਰ ਪੰਜ ਦਹਾਕੇ ਪਿੱਛੇ ਹੈ।

ਗੋਸ਼ਟੀ ਵਿੱਚ ਤਿੰਨ ਭਾਰਤੀ ਵਿਦਿਆਰਥੀਆਂ ਨਾਲ ਮੁਲਾਕਾਤ ਵੀ ਹੋਈ, ਜੋ ਉਥੇ ਪੜ੍ਹਾਈ ਕਰਨ ਗਏ ਹੋਏ ਹਨ। ਬਾਅਦ ਵਿੱਚ ਕੁਝ ਚੀਨੀ ਵਿਦਵਾਨਾਂ ਨੇ ਨਿੱਜੀ ਤੌਰ 'ਤੇ ਇਹ ਜਾਣਨਾ ਚਾਹਿਆ ਕਿ ਭਾਰਤ ਚੀਨ ਦੇ ਬੀ ਆਰ ਆਈ ਨਾਲ ਅਸਹਿਮਤ ਕਿਉਂ ਹੈ ਅਤੇ ਇਸ ਦਾ ਵਿਰੋਧ ਕਿਉਂ ਕਰਦਾ ਹੈ? ਮੈਂ ਉਨ੍ਹਾਂ ਨੂੰ ਨਾ ਸਿਰਫ ਭਾਰਤ ਦੇ ਅਧਿਕਾਰਤ ਰੁਖ਼ ਤੋਂ ਜਾਣੂ ਕਰਾਇਆ, ਸਗੋਂ ਇਸ ਸੰਬੰਧ ਵਿੱਚ ਭਾਰਤ ਦੀਆਂ ਚਿੰਤਾਵਾਂ, ਸੰਵੇਦਨਾਵਾਂ ਤੇ ਪ੍ਰਭੂਸੱਤਾ ਦੇ ਮੁੱਦੇ ਬਾਰੇ ਵੀ ਦੱਸਿਆ।



ਚੀਨ ਨੇ ਨਾ ਸਿਰਫ ਆਪਣੀਆਂ ਇਤਿਹਾਸਕ ਤੇ ਕੁਦਰਤੀ ਵਿਰਾਸਤਾਂ ਨੂੰ ਸੰਭਾਲਿਆ ਹੋਇਆ ਹੈ, ਸਗੋਂ ਦੇਸੀ ਅਤੇ ਵਿਦੇਸ਼ੀ ਸੈਲਾਨੀਆਂ ਨੂੰ ਧਿਆਨ ਵਿੱਚ ਰੱਖ ਕੇ ਅਜਿਹੇ ਖੇਤਰਾਂ ਨੂੰ ਸਮੁੱਚੇ ਤੌਰ 'ਤੇ ਵਿਕਸਿਤ ਵੀ ਕੀਤਾ ਹੈ। ਆਪਣੇ ਇਸ ਛੋਟੇ ਜਿਹੇ ਚੀਨ ਦੌਰੇ ਦੌਰਾਨ ਮੈਂ ਮੁੱਖ ਤੌਰ ਉਤੇ ਚਿਊਸ਼ਯਾਂਗ ਕੁਦਰਤੀ ਖੇਤਰ ਅਤੇ ਪ੍ਰਾਚੀਨ ਡਾਲੀ ਸ਼ਹਿਰ ਦੀਆਂ ਸੈਲਾਨੀ ਥਾਵਾਂ ਨੂੰ ਦੇਖਿਆ। ਕੁਨਮਿੰਗ ਤੋਂ ਚਿਊਸ਼ਯਾਂਗ ਅਤੇ ਡਾਲੀ ਸ਼ਹਿਰ ਨੂੰ ਜਾਂਦਿਆਂ ਰਾਹ ਵਿੱਚ ਕੁਦਰਤੀ ਸੁੰਦਰਤਾ ਦੇ ਭਰਪੂਰ ਦਰਸ਼ਨ ਹੁੰਦੇ ਹਨ। ਪਹਾੜਾਂ ਤੋਂ ਲੰਘਦਾ ਹਾਈਵੇ ਤੁਹਾਨੂੰ ਇਕ ਵੱਖਰੀ ਦੁਨੀਆ ਦਾ ਅਹਿਸਾਸ ਕਰਵਾਉਂਦਾ ਹੈ। ਪਹਾੜਾਂ ਨੂੰ ਕੱਟ ਕੇ ਜਾਂ ਉਨ੍ਹਾਂ 'ਚ ਸੁਰਾਖ ਕਰਕੇ ਬਣਾਈਆਂ 3-4 ਕਿਲੋਮੀਟਰ ਲੰਮੀਆਂ ਸੁਰੰਗਾਂ ਚੀਨੀ ਲੋਕਾਂ ਦੀ ਮਿਹਨਤ ਅਤੇ ਉਨ੍ਹਾਂ ਦੀ ਤਰੱਕੀ ਦਿਖਾਉਂਦੀਆਂ ਹਨ। ਕੁਨਮਿੰਗ ਤੋਂ ਪ੍ਰਾਚੀਨ ਡਾਲੀ ਸ਼ਹਿਰ ਨੂੰ ਜਾਂਦੀ ਸੜਕ ਉਸੇ ਹਾਈਵੇ ਦਾ ਹਿੱਸਾ ਹੈ, ਜਿਸ ਨੂੰ ਚੀਨ ਬੀ ਆਰ ਆਈ ਵਜੋਂ ਬੀ ਸੀ ਆਈ ਐਮ (ਬੰਗਲਾਦੇਸ਼, ਚੀਨ, ਇੰਡੀਆ ਤੇ ਮਿਆਂਮਾਰ) ਦਾ ਹਿੱਸਾ ਬਣਾਉਣਾ ਚਾਹੁੰਦਾ ਹੈ। ਚਿਊਸ਼ਯਾਂਗ ਕੁਦਰਤੀ ਖੇਤਰ ਅਦਭੁੱਤ ਅਤੇ ਅਦੁੱਤੀਆਂ ਕਾਰਸਟ ਗੁਫਾਵਾਂ ਐ ਤੰਗ ਨਦੀ ਘਾਟੀਆਂ ਨਾਲ ਭਰਿਆ ਹੋਇਆ ਹੈ। ਇਥੇ ਚੀਨੀ ਸੱਭਿਆਚਾਰਕ ਦ੍ਰਿਸ਼ ਦੇਖਣ ਨੂੰ ਮਿਲਦੇ ਹਨ। ਇਥੇ ਤੰਗ ਗੁਫਾਵਾਂ ਤੇ ਘਾਟੀਆਂ 'ਚ ਚੀਨ ਦੇ ਸਥਾਨਕ ਵਪਾਰ ਮਾਡਲ ਨਾਲ ਵੀ ਸਾਹਮਣਾ ਹੁੰਦਾ ਹੈ। ਇਥੇ ਕੁਝ ਸਥਾਨ ਅਜਿਹੇ ਵੀ ਹਨ, ਜਿਥੇ ਪੇਸ਼ੇਵਰ ਫੋਟੋਗ੍ਰਾਫਰ ਸੈਲਾਨੀਆਂ ਨੂੰ ਮੁਫਤ ਫੋਟੋ ਖਿਚਵਾਉਣ ਲਈ ਬੁਲਾਉਂਦੇ ਰਹਿੰਦੇ ਹਨ। ਜਿਹੜੇ ਸੈਲਾਨੀ ਉਥੇ ਆਪਣੀ ਫੋਟੋ ਖਿਚਵਾਉਂਦੇ ਹਨ, ਉਨ੍ਹਾਂ ਨੂੰ ਚਾਬੀ ਦੇ ਛੱਲੇ ਵਿੱਚ ਇਕ ਬਹੁਤ ਛੋਟੀ ਜਿਹੀ ਫੋਟੋ ਲਾ ਕੇ ਮੁਫਤ ਵਿੱਚ ਦਿੱਤੀ ਜਾਂਦੀ ਹੈ ਤੇ ਜੋ ਵੱਡੀ ਫੋਟੋ ਚਾਹੁੰਦੇ ਹਨ, ਉਨ੍ਹਾਂ ਨੂੰ 40 ਚੀਨੀ ਯੁਆਨ ਭੁਗਤਾਨ ਦੇਣਾ ਪੈਂਦਾ ਹੈ। ਇਹ ਫੋਟੋਆਂ ਬਹੁਤ ਦਿਲ ਖਿੱਚਵੀਆਂ ਹੁੰਦੀਆਂ ਹਨ, ਇਸ ਲਈ ਲੋਕ ਅਕਸਰ ਇਨ੍ਹਾਂ ਨੂੰ ਖਰੀਦ ਲੈਂਦੇ ਹਨ। ਮੈਂ ਵੀ ਇਸ ਮੁਫਤਖੋਰੀ ਦਾ ਸ਼ਿਕਾਰ ਹੋਇਆ ਤੇ 40 ਯੁਆਨ ਦੇ ਕੇ ਵੱਡੀ ਫੋਟੋ ਲੈ ਲਈ। ਇਸੇ ਤਰ੍ਹਾਂ ਦਾ ਵਾਕਿਆ ਉਦੋਂ ਹੋਇਆ, ਜਦੋਂ ਰੋਪਵੇ 'ਚ ਬੈਠ ਕੇ ਕੁਦਰਤ ਦਾ ਅਨੰਦ ਮਾਣਦਿਆਂ ਮੈਂ ਗੁਫਾ 'ਚੋਂ ਬਾਹਰ ਆ ਰਿਹਾ ਸੀ। ਫਰਕ ਇਹ ਸੀ ਕਿ ਇਸ ਵਾਰ ਫੋਟੋ ਬਿਨਾਂ ਮੇਰੀ ਇਜਾਜ਼ਤ ਦੇ ਖਿੱਚੀ ਗਈ ਸੀ।

ਇਕ ਹੋਰ ਗੱਲ ਨੇ ਮੈਨੂੰ ਕਾਫੀ ਹੈਰਾਨ ਕੀਤਾ ਕਿ ਉਥੇ ਭੀੜ ਭੜੱਕੇ ਵਾਲੀਆਂ ਥਾਵਾਂ 'ਤੇ ਸ਼ੋਰ ਸ਼ਰਾਬੇ ਦੀ ਘਾਟ ਸੀ। ਆਮ ਤੌਰ 'ਤੇ ਸੈਲਾਨੀ ਥਾਵਾਂ ਤੇ ਬਾਜ਼ਾਰਾਂ ਵਿੱਚ ਭੀੜ ਹੋਣ ਕਰਕੇ ਕਾਫੀ ਸ਼ੋਰ ਸ਼ਰਾਬਾ ਹੁੰਦਾ ਹੈ, ਪਰ ਚੀਨ ਵਿੱਚ ਅਜਿਹਾ ਬਿਲਕੁਲ ਨਹੀਂ ਸੀ। ਦੂਜਾ, ਰਾਤ ਨੂੰ ਵੀ ਚੀਨੀ ਮੁਟਿਆਰਾਂ ਬਿਨਾਂ ਕਿਸੇ ਸੁਰੱਖਿਆ ਦੀ ਚਿੰਤਾ ਦੇ ਸੈਲਾਨੀ ਥਾਵਾਂ ਦੇ ਆਸ ਪਾਸ ਛੋਟਾ ਮੋਟਾ ਸਾਮਾਨ ਵੇਚ ਰਹੀਆਂ ਸਨ। ਇਹ ਮੇਰੇ ਲਈ ਆਪਣੇ ਆਪ ਵਿੱਚ ਇਕ ਨਵਾਂ ਤਜਰਬਾ ਸੀ।

2015 ਵਿੱਚ ਜਦੋਂ ਚੀਨ ਦੇ ਰਾਸ਼ਟਰਪਤੀ ਸ਼ੀ ਜਿਨਪਿੰਗ ਯੂਨਾਨ ਪ੍ਰਾਂਤ ਗਏ ਤਾਂ ਓਥੇ ਲੋਕਾਂ ਨੂੰ ਸੰਬੋਧਨ ਕਰਦਿਆਂ ਕਿਹਾ ਸੀ ਕਿ ਇਥੋਂ ਦੇ ਹਰੇ ਪਹਾੜ ਤੇ ਸਾਫ ਸੁਥਰਾ ਪਾਣੀ ਸਾਡੇ ਲਈ ਸੋਨੇ ਚਾਂਦੀ ਤੋਂ ਘੱਟ ਨਹੀਂ, ਇਨ੍ਹਾਂ ਨੂੰ ਸੰਭਾਲਣਾ ਲਾਜ਼ਮੀ ਹੈ। ਚੀਨੀ ਲੋਕਾਂ, ਜੋ ਆਪਣੇ ਨੇਤਾ ਦੀ ਬਹੁਤ ਇੱਜ਼ਤ ਕਰਦੇ ਹਨ, ਨੇ ਇਸ ਗੱਲ ਨੂੰ ਪੂਰੀ ਤਰ੍ਹਾਂ ਅਪਣਾ ਲਿਆ ਹੈ। ਇਸ ਦੀ ਝਲਕ ਉਨ੍ਹਾਂ ਦੀਆਂ ਸੈਲਾਨੀ ਥਾਵਾਂ ਤੋਂ ਮਿਲਦੀ ਹੈ, ਜਿਥੇ ਕਿਸੇ ਦੀ ਤਰ੍ਹਾਂ ਦੀ ਗੰਦਗੀ ਤੇ ਕੂੜੇ ਦਾ ਨਿਸ਼ਾਨ ਤੱਕ ਨਹੀਂ ਮਿਲਦਾ। ਡਾਲੀ ਸ਼ਹਿਰ 'ਚ ਅਰਖਾਈ ਝੀਲ ਤੇ ਉਥੋਂ ਦੀਆਂ ਪਰਬਤ ਲੜੀਆਂ ਇਸ ਦੀ ਗਵਾਹੀ ਦਿੰਦੀਆਂ ਹਨ।

ਚੀਨੀ ਲੋਕ ਸਮੇਂ ਦੇ ਬੜੇ ਪਾਬੰਦ ਹੁੰਦੇ ਹਨ। ਸਵੇਰੇ ਛੇਤੀ ਉਠਣਾ ਤੇ ਰਾਤ ਛੇਤੀ ਸੌਂ ਜਾਣਾ, ਉਨ੍ਹਾਂ ਦੀ ਜੀਵਨਸ਼ੈਲੀ ਦਾ ਅਟੁੱਟ ਹਿੱਸਾ ਹੈ। ਜਿਥੋਂ ਤੱਕ ਕੁਦਰਤੀ ਸੋਮਿਆਂ ਦਾ ਸਵਾਲ ਹੈ, ਚੀਨ ਉਨ੍ਹਾਂ ਦੀ ਸਮੁੱਚੀ ਵਰਤੋਂ ਕਰਦਾ ਹੈ। ਪ੍ਰਾਚੀਨ ਡਾਲੀ ਸ਼ਹਿਰ ਤੋਂ ਪਹਿਲਾਂ ਸਾਨੂੰ ਸੜਕਾਂ ਦੇ ਕੰਢੇ ਸੂਰਜੀ ਊਰਜਾ ਅਤੇ ਪੌਣ ਊਰਜਾ ਨਾਲ ਚੱਲਦੀਆਂ ਲਾਈਟਾਂ ਦਿਸੀਆਂ ਅਤੇ ਨਾਲ ਦੂਰ ਪਹਾੜਾਂ 'ਤੇ ਵੱਡੀਆਂ-ਵੱਡੀਆਂ ਪੌਣ ਚੱਕੀਆਂ ਦਾ ਗਰੁੱਪ ਦਿਸਿਆ, ਜੋ ਇਸ ਪਾਸੇ ਇਸ਼ਾਰਾ ਕਰਦਾ ਹੈ ਕਿ ਊਰਜਾ ਦੇ ਨਵੇਂ ਸੋਮਿਆਂ 'ਤੇ ਚੀਨ ਆਪਣਾ ਨਿਰਭਰਤਾ ਵਧਾ ਰਿਹਾ ਹੈ।

ਇਥੋਂ ਦੇ ਲੋਕ ਆਮ ਤੌਰ 'ਤੇ ਵਿਦੇਸ਼ੀ ਸੈਲਾਨੀਆਂ ਨਾਲ ਘੁਲਦੇ ਮਿਲਦੇ ਨਹੀਂ ਅਤੇ ਨਾ ਬਹੁਤੀ ਗੱਲਬਾਤ ਕਰਨ 'ਚ ਦਿਲਚਸਪੀ ਦਿਖਾਉਂਦੇ ਹਨ। ਹੋ ਸਕਦਾ ਹੈ ਕਿ ਭਾਸ਼ਾਈ ਦਿੱਕਤ ਹੋਵੇ ਜਾਂ ਚੀਨੀ ਵਿਵਸਥਾ ਦੇ ਤਹਿਤ ਹੋਈ ਉਨ੍ਹਾਂ ਦੀ ਟ੍ਰੇਨਿੰਗ ਦਾ ਨਤੀਜਾ। ਚੀਨ ਦੀਆਂ ਜ਼ਿਆਦਾਤਰ ਯੂਨੀਵਰਸਿਟੀਆਂ ਤਿੰਨ ਜ ਚਾਰ ਸਾਲਾ ਕੋਰਸ ਹੀ ਚਲਾਉਂਦੀਆਂ ਹਨ ਅਤੇ ਪੜ੍ਹਾਈ 'ਤੇ ਆਉਣ ਵਾਲਾ ਖਰਚ ਆਮ ਲੋਕਾਂ ਲਈ ਸਹਿਣ ਕਰਨਾ ਸੌਖਾ ਨਹੀਂ ਹੈ। ਸ਼ਾਇਦ ਇਹੋ ਵਜ੍ਹਾ ਹੈ ਕਿ ਬਹੁਤੇ ਲੋਕ ਉਚ ਸਿੱਖਿਆ ਪ੍ਰਾਪਤ ਕਰਨ ਦੀ ਬਜਾਏ ਰੋਜ਼ਗਾਰ ਹਾਸਲ ਕਰਨ ਨੂੰ ਤਰਜੀਹ ਦਿੰਦੇ ਹਨ। ਅਜਿਹੀ ਵਿਵਸਥਾ ਚੀਨ 'ਚ ਕਿਰਤ ਆਧਾਰਿਤ ਉਦਯੋਗਾਂ ਨੂੰ ਵਿਸ਼ਵ ਪੱਧਰ 'ਤੇ ਪ੍ਰਤੀਯੋਗੀ ਬਣਾਉਂਦੀ ਹੈ।

ਚਿਊਸ਼ਯਾਂਗ ਕੁਦਰਤੀ ਖੇਤਰ ਤੋਂ ਮੁੜਦੇ ਸਮੇਂ ਅਸੀਂ ਇਕ ਜਗ੍ਹਾ ਰਸਤਾ ਭਟਕ ਗਏ ਅਤੇ ਕਿਸੇ ਸਥਾਨਕ ਬਾਜ਼ਾਰ ਵਿੱਚੋ ਦੀ ਨਿਕਲੇ। ਉਥੇ ਇੰਝ ਲੱਗਾ ਕਿ ਸ਼ਹਿਰ ਤੇ ਸੈਲਾਨੀ ਥਾਵਾਂ ਦੀ ਚਕਾਚੌਂਧ ਅਚਾਨਕ ਮੱਧਮ ਪੈਣ ਲੱਗੀ ਹੈ। ਬਾਜ਼ਾਰਾਂ ਵਿੱਚ ਛਾਏ ਸੰਨਾਟੇ ਨੇ ਚੀਨੀ ਅਰਥ ਵਿਵਸਥਾ 'ਚ ਆ ਰਹੇ ਠਹਿਰਾਅ ਵੱਲ ਇਸ਼ਾਰਾ ਕੀਤਾ।

ਚੀਨ 'ਚ ਘੱਟਗਿਣਤੀ ਭਾਈਚਾਰੇ ਦੇ ਲੋਕਾਂ ਨੂੰ ਕੁਝ ਖਾਸ ਚੁਣੌਤੀਆਂ ਦਾ ਸਾਹਮਣਾ ਕਰਨਾ ਪੈਂਦਾ ਹੈ। ਗੱਲਬਾਤ ਵਿੱਚ ਕਦੇ ਉਨ੍ਹਾਂ ਦਾ ਜ਼ਿਕਰ ਆਵੇ ਤਾਂ ਮੈਂ ਮਹਿਸੂਸ ਕੀਤਾ ਕਿ ਬਹੁਗਿਣਤੀ ਲੋਕ ਉਨ੍ਹਾਂ ਨੂੰ ਕੁਝ ਨੀਵੀਂ ਨਜ਼ਰ ਨਾਲ ਦੇਖਦੇ ਹਨ, ਉਨ੍ਹਾਂ ਨਾਲ ਵਿਤਕਰਾ ਕਰਦੇ ਹਨ, ਉਨ੍ਹਾਂ ਨੂੰ 'ਈ-ਪੀਪਲ, ਵਾ-ਪੀਪਲ, ਬਾਈ-ਪੀਪਲ' ਕਹਿ ਕੇ ਬੁਲਾਉਂਦੇ ਹਨ।

ਮੈਨੂੰ ਚੀਨ ਅੰਦਰ ਸੜਕਾਂ ਰਾਹੀਂ ਸਫਰ ਕਰਨ ਦੌਰਾਨ ਪਹਾੜਾਂ 'ਤੇ ਛੋਟੇ ਮੋਟੇ ਮੰਦਰਨੁਮਾਮਾ ਢਾਂਚੇ ਦਿਖਾਈ ਦਿੱਤੇ। ਅਸਲ ਵਿੱਚ ਉਹ ਮਰ ਚੁੱਕੇ ਘੱਟਗਿਣਤੀ ਲੋਕਾਂ ਦੀਆਂ ਕਬਰਾਂ ਸਨ। ਪੁੱਛਣ ਉਤੇ ਪਤਾ ਲੱਗਾ ਕਿ ਅੱਜ ਕੱਲ੍ਹ ਘੱਟਗਿਣਤੀ ਲੋਕ ਮੁਰਦਿਆਂ ਨੂੰ ਦਫਨਾ ਨਹੀਂ ਸਕਦੇ ਕਿਉਂਕਿ ਸਰਕਾਰ ਨੇ ਜ਼ਮੀਨ ਅਤੇ ਪਹਾੜਾਂ ਨੂੰ ਬਚਾਉਣ ਲਈ ਰੋਕ ਲਾ ਦਿੱਤੀ ਹੈ।

ਆਖਰ ਵਿੱਚ ਇਹੋ ਕਹਿ ਸਕਦੇ ਹਾਂ ਕਿ ਚੀਨ ਦਾ ਇਕ ਸੰਸਾਰ ਤਾਕਤ ਵਜੋਂ ਉਭਰਨਾ ਕੋਈ ਕਲਪਨਾ ਨਹੀਂ, ਸਗੋਂ ਇਕ ਯਥਾਰਥ ਹੈ। ਚੀਨ ਦੇ ਤਜਰਬੇ ਅਤੇ ਵਿਸ਼ੇਸ਼ਤਾ ਤੋਂ ਬਹੁਤ ਕੁਝ ਸਿੱਖਣ ਦੀ ਲੋੜ ਹੈ। ਕੁਦਰਤੀ ਸੋਮਿਆਂ ਦੀ ਸਮੁੱਚੀ ਵਰਤੋਂ, ਸੱਭਿਆਚਾਰਕ ਵਿਰਾਸਤਾਂ ਦੀ ਸੰਭਾਲ, ਸੈਲਾਨੀ ਥਾਵਾਂ ਨੂੰ ਟੂਰਿਸਟਾਂ ਲਈ ਢੁਕਵੀਆਂ ਬਣਾਉਣਾ ਤੇ ਉਨ੍ਹਾਂ ਨੂੰ ਸਾਫ ਸੁਥਰੀਆਂ ਰੱਖਣਾ ਚੀਨ ਦੀਆਂ ਅਹਿਮ ਪ੍ਰਾਪਤੀਆਂ ਹਨ।

ਇਸ ਦਾ ਇਹ ਮਤਲਬ ਨਹੀਂ ਕਿ ਚੀਨ ਸਾਹਮਣੇ ਕੋਈ ਸਮੱਸਿਆ ਜਾਂ ਮੁੱਦੇ ਨਹੀਂ। ਬੁਨਿਆਦੀ ਤੌਰ 'ਤੇ ਦਿਖਾਈ ਦੇਣ ਵਾਲਾ ਵਿਕਾਸ ਸ਼ਾਇਦ ਆਪਣੇ ਸਿਖਰ 'ਤੇ ਪਹੁੰਚ ਗਿਆ ਅਤੇ ਇਸ ਸੰਦਰਭ 'ਚ ਹੋਰ ਬਹੁਤਾ ਕੁਝ ਨਹੀਂ ਕੀਤਾ ਜਾ ਸਕਦਾ। ਚੀਨ ਦੀ ਅਰਥ ਵਿਵਸਥਾ 'ਚ ਅੱਜ ਇਕ ਤਰ੍ਹਾਂ ਦਾ ਠਹਿਰਾਅ ਜਿਹਾ ਦਿਖਾਈ ਦੇ ਰਿਹਾ ਹੈ ਅਤੇ ਸ਼ਾਇਦ ਇਹੋ ਵਜ੍ਹਾ ਹੈ ਕਿ ਇਸ ਨਾਲ ਨਜਿੱਠਣ ਅਤੇ ਹੋਰ ਆਰਥਿਕ ਸਰਗਰਮੀਆਂ ਨੂੰ ਤੇਜ਼ ਕਰਨ ਲਈ ਬੀ ਆਰ ਆਈ ਵਰਗੀਆਂ ਵੱਡੀਆਂ ਬਹੁਕੌਮੀ ਯੋਜਨਾਵਾਂ 'ਤੇ ਕੰਮ ਕਰ ਰਿਹਾ ਹੈ।

# ਮੁੱਖ ਮਹਿਮਾਨ ਦੀ ਛੁੱਟੀ

–ਪ੍ਰਿੰ. ਵਿਜੈ ਕੁਮਾਰ–

ਲੈਕਚਰਾਰ ਦੇ ਅਹੁਦੇ 'ਤੇ ਸੇਵਾ ਨਿਭਾਉਂਦਿਆਂ ਤਕਰੀਬਨ ਪੰਦਰਾਂ ਸਾਲ ਆਪਣੀ ਸੰਸਥਾ ਦੀ ਕੌਮੀ ਸੇਵਾ ਯੋਜਨਾ (ਐਨ ਐਸ ਐਸ) ਦਾ ਪ੍ਰੋਗਰਾਮ ਅਫਸਰ ਰਿਹਾ। ਹਰ ਸਾਲ ਦਸੰਬਰ ਦੀਆਂ ਛੁੱਟੀਆਂ ਵਿੱਚ ਆਪਣੇ ਐਨ ਐਸ ਐਸ ਵਾਲੰਟੀਅਰਾਂ ਨੂੰ ਲੈ ਕੇ ਦਸ ਰੋਜ਼ਾ ਕੈਂਪ ਲਾਉਂਦਾ। ਇਨ੍ਹਾਂ ਕੈਂਪਾਂ ਦਾ ਉਦੇਸ਼ ਜਿਥੇ ਪਿੰਡਾਂ ਵਿੱਚ ਕੋਈ ਨਾ ਕੋਈ ਪ੍ਰਾਜੈਕਟ ਲੈ ਕੇ ਵਿਦਿਆਰਥੀਆਂ ਦੇ ਮਨਾਂ ਵਿੱਚ ਹੱਥੀਂ ਕੰਮ ਦੀ ਭਾਵਨਾ ਪੈਦਾ ਕਰਨਾ ਹੁੰਦਾ ਸੀ, ਉਥੇ ਕਿਸੇ ਮਹੱਤਵ ਪੂਰਨ ਸ਼ਖਸ ਨੂੰ ਕੈਂਪ ਵਿੱਚ ਮੁੱਖ ਮਹਿਮਾਨ ਵਜੋਂ ਸੱਦ ਕੇ ਵਿਦਿਆਰਥੀਆਂ ਨੂੰ ਉਸ ਨਾਲ ਮਿਲਾਉਣਾ ਹੁੰਦਾ ਸੀ ਤਾਂ ਕਿ ਵਿਦਿਆਰਥੀ ਉਸ ਦੀ ਸ਼ਖਸੀਅਤ ਦੇ ਗੁਣਾਂ ਤੋਂ ਕੁਝ ਸਿੱਖ ਸਕਣ। ਮੁੱਖ ਮਹਿਮਾਨ ਨੂੰ ਕੈਂਪ ਦੇ ਅਖੀਰਲੇ ਦਿਨ ਦੇ ਸਮਾਗਮ 'ਤੇ ਬੁਲਾਇਆ ਜਾਂਦਾ। ਕਿਸੇ ਵੀ ਸ਼ਖਸ ਨੂੰ ਕੈਂਪ ਦਾ ਮੁੱਖ ਮਹਿਮਾਨ ਬਣਾਉਣ ਤੋਂ ਪਹਿਲਾਂ ਮੈਂ ਇਹ ਜ਼ਰੂਰ ਦੇਖਦਾ ਪਰਖਦਾ ਕਿ ਸਮਾਜ ਵਿੱਚ ਉਸ ਦਾ ਪ੍ਰਭਾਵ ਮਾੜਾ ਨਾ ਹੋਵੇ, ਉਸ ਦੀ ਕਰਨੀ ਕਥਨੀ ਵਿੱਚ ਫਰਕ ਨਾ ਹੋਵੇ, ਉਸ ਦਾ ਲੋਕ ਵਿਹਾਰ ਠੀਕ ਹੋਵੇ।

ਇਕ ਸਾਲ ਪਿੰਡ ਸਵਾਮੀਪੁਰ ਬਾਗ ਵਿੱਚ ਕੈਂਪ ਲਾਇਆ ਸੀ। ਕੈਂਪ ਸਮਾਪਤੀ ਦਾ ਦਿਨ ਨੇੜੇ ਆਉਣ ਵਾਲਾ ਸੀ। ਮਨੋ-ਮਨ ਸੋਚ ਰਿਹਾ ਸੀ ਕਿ ਕਿਸ ਸ਼ਖਸ ਨੂੰ ਮੁੱਖ ਮਹਿਮਾਨ ਵਜੋਂ ਸੱਦਿਆ ਜਾਵੇ। ਉਨ੍ਹੀਂ ਦਿਨੀਂ ਅਖਬਾਰਾਂ ਵਿੱਚ ਡੀ ਐਸ ਪੀ ਰਾਮ ਸਿੰਘ ਬਾਰੇ ਕਈ ਮਹੀਨਿਆਂ ਤੋਂ ਪੜ੍ਹ ਰਿਹਾ ਸੀ। ਉਹ ਆਪਣੀ ਇਮਾਨਦਾਰੀ, ਨਸ਼ਿਆਂ ਵਿਰੁੱਧ ਛੇੜੀ ਮੁਹਿੰਮ, ਸਾਦਗੀ ਅਤੇ ਲੋਕ ਹਮਦਰਦੀ ਕਾਰਨ ਕਾਫੀ ਚਰਚਾ ਵਿੱਚ ਸੀ। ਆਪਣੇ ਇਕ ਦੋ ਜਾਣਕਾਰਾਂ ਨਾਲ ਸਲਾਹ ਮਸ਼ਵਰਾ ਕਰਕੇ ਮੈਂ ਉਸ ਨੂੰ ਮੁੱਖ ਮਹਿਮਾਨ ਬਣਾਉਣ ਦਾ ਫੈਸਲਾ ਕਰ ਲਿਆ ਅਤੇ ਉਸ ਨੂੰ ਮਿਲਣ ਲਈ ਉਸ ਦੇ ਦਫਤਰ ਜਾ ਪਹੁੰਚਿਆ। ਉਸ ਨੇ ਆਪਣੇ ਰੀਡਰ ਤੋਂ ਆਪਣੇ ਰੁਝੇਵਿਆਂ ਬਾਰੇ ਪੁੱਛਣ ਮਗਰੋਂ ਹਾਂ ਕਰ ਦਿੱਤੀ ਅਤੇ ਨਾਲ ਕਿਹਾ, 'ਤੁਹਾਨੂੰ ਮੇਰੇ ਕੋਲ ਆਉਣ ਦੀ ਲੋੜ ਨਹੀਂ। ਮੇਰੇ ਦਫਤਰ ਦਾ ਟੈਲੀਫੋਨ ਲੈ ਲਓ, ਮੈਂ ਦਿੱਤੇ ਹੋਏ ਸਮੇਂ ਅਨੁਸਾਰ ਪਹੁੰਚ ਜਾਵਾਂਗਾ।' ਉਸ ਦੇ ਰੀਡਰ ਤੋਂ ਉਸ ਦੇ ਦਫਤਰ ਅਤੇ ਰਿਹਾਇਸ਼ ਦਾ ਟੈਲੀਫੋਨ ਨੰਬਰ ਲੈ ਕੇ ਆਪਣੇ ਕੈਂਪ ਵਿੱਚ ਮੁੜ ਆਇਆ। ਪਿੰਡ ਦਾ ਸਰਪੰਚ, ਡੀ ਐਸ ਪੀ ਰਾਮ ਸਿੰਘ ਦੀ ਆਮਦ ਬਾਰੇ ਸੁਣ ਕੇ ਬਹੁਤ ਖੁਸ਼ ਹੋਇਆ। ਉਸ ਦੇ ਕੈਂਪ ਦੇ ਸਮਾਪਤੀ ਸਮਾਰੋਹ ਲਈ ਉਚੇਚੇ ਪ੍ਰਬੰਧ ਕੀਤੇ। ਉਸ ਦੇ ਮੁੱਖ ਮਹਿਮਾਨ ਵਜੋਂ ਆਉਣ ਦੇ ਕਾਰਡ ਛਪਵਾ ਕੇ ਸਾਰੇ ਪਿੰਡ ਵੰਡ ਦਿੱਤੇ। ਕੈਂਪ ਦੀ ਸਮਾਪਤੀ ਨੂੰ ਦੋ ਦਿਨ ਰਹਿ ਗਏ ਸਨ। ਮੈਂ ਪੁਲਸ ਅਫਸਰ ਨੂੰ ਕੈਂਪ ਵਿੱਚ ਮੁੱਖ ਮਹਿਮਾਨ ਵਜੋਂ ਪਹੁੰਚਣ ਦਾ ਸੱਦਾ ਪੱਤਰ ਦੇਣ ਅਤੇ ਉਸ ਨੂੰ ਚੇਤੇ ਕਰਵਾਉਣ ਲਈ ਉਸ ਦੇ ਦਫਤਰ ਪਹੁੰਚਿਆ। ਜਦੋਂ ਮੈਂ ਉਸ ਦੇ ਰੀਡਰ ਕੋਲ ਉਸ ਨੂੰ ਮਿਲਣ ਦੀ ਇੱਛਾ ਜ਼ਾਹਰ ਕੀਤੀ, ਉਸ ਨੇ ਅੱਗੋਂ ਰੁੱਖਾ ਜਿਹਾ ਜਵਾਬ ਦਿੱਤਾ, 'ਸਾਬ੍ਹ ਬਾਹਰ ਗਏ ਹੋਏ ਹਨ।' ਮੇਰਾ ਉਸ ਨੂੰ ਅਗਲਾ ਸਵਾਲ ਸੀ- 'ਕਦੋਂ ਆਉਣਗੇ?' ਉਸ ਨੇ ਮੇਰੇ ਸਵਾਲ ਨੂੰ ਬਹੁਤੀ ਅਹਿਮੀਅਤ ਨਾ ਦਿੱਤੀ ਤੇ ਕਿਹਾ, 'ਬਾਈ ਜੀ, ਅਫਸਰਾਂ ਦੇ ਆਉਣ ਜਾਣ ਦਾ ਉਨ੍ਹਾਂ ਨੂੰ ਹੀ ਪਤਾ ਹੁੰਦੈ। ਟੈਲੀਫੋਨ ਤੁਹਾਡੇ ਕੋਲ ਹੋਣੈ, ਪਤਾ ਕਰ ਲਿਓ।'

ਮੈਂ ਉਸ ਨੂੰ ਆਪਣੇ ਆਉਣ ਦਾ ਮਕਸਦ ਦੱਸਿਆ। ਉਹ ਬੋਲਿਆ, 'ਬਾਬੂ ਜੀ ਮੈਨੂੰ ਪਤਾ ਹੈ।' ਇੰਨਾ ਰੁੱਖਾ ਜਵਾਬ ਸੁਣ ਕੇ ਸੋਚਿਆ, ਇਸ ਨੂੰ ਕਹਾਂ- 'ਜਨਾਬ! ਮੈਂ ਮੁਲਜ਼ਮ ਨਹੀਂ, ਅਧਿਆਪਕ ਹਾਂ। ਮੈਂ ਤੁਹਾਡੇ ਸਾਹਮਣੇ ਪੇਸ਼ ਹੋਣ ਨਹੀਂ ਆਇਆ, ਤੁਹਾਡੇ ਅਫਸਰ ਦਾ ਮਾਣ ਵਧਾਉਣ ਆਇਆ ਹਾਂ', ਪਰ ਗੱਲ ਵਿਗੜਨ ਦੀ ਸੋਚ ਕੇ ਚੁੱਪ ਰਹਿਣ ਵਿੱਚ ਭਲਾ ਸਮਝਿਆ। ਉਂਜ ਉਸ ਦਿਨ ਮੈਨੂੰ ਆਪਣੇ ਪਿਤਾ ਜੀ ਦਾ ਕਹਿਣਾ ਯਾਦ ਆ ਗਿਆ ਕਿ ਇਹ ਪੁਲਸ ਵਾਲੇ ਇਕੋ ਜਿਹੇ ਹੁੰਦੇ ਹਨ, ਇਹ ਕਿਸੇ ਦੇ ਮਿੱਤਰ ਨਹੀਂ ਹੁੰਦੇ। ਮੈਂ ਬਿਨਾ ਕੁਝ ਆਖਿਆਂ ਕੈਂਪ ਮੁੜ ਆਇਆ। ਮੁੱਖ ਮਹਿਮਾਨ ਦੇ ਆਉਣ ਬਾਰੇ ਕੱਚੀ ਪੱਕੀ ਦੀ ਨੌਬਤ ਬਾਰੇ ਸਰਪੰਚ ਨਾਲ ਗੱਲ ਕੀਤੀ। ਉਹ ਬੋਲਿਆ, 'ਮੈਂ ਇਨ੍ਹਾਂ ਪੁਲਸ ਵਾਲਿਆਂ ਤੋਂ ਪਹਿਲਾਂ ਹੀ ਜਾਣੂ ਹਾਂ। ਮੈਂ ਤੁਹਾਨੂੰ ਇਸ ਲਈ ਨਹੀਂ ਟੋਕਿਆ ਬਈ ਤੁਸੀਂ ਮੇਰੀ ਸਲਾਹ ਨੂੰ ਹੋਰ ਤਰ੍ਹਾਂ ਨਾ ਲੈ ਜਾਵੋ। ਤੁਸੀਂ ਇਕ ਅੱਧੀ ਵਾਰ ਫਿਰ ਪਤਾ ਕਰ ਲਓ।' ਅਸੀਂ ਦੋਵਾਂ ਨੇ ਸਲਾਹ ਬਣਾਈ ਕਿ ਲੋਕਾਂ ਨੂੰ ਕਾਰਡ ਵੰਡ ਦਿਓ, ਜੇ ਪੁਲਸ ਅਫਸਰ ਨਾ ਪਹੁੰਚਿਆ ਤਾਂ ਸਰਪੰਚ ਨੂੰ ਕੈਂਪ ਦੇ ਸਮਾਪਤੀ ਸਮਾਗਮ ਦਾ ਮੁੱਖ ਮਹਿਮਾਨ ਬਣਾ ਦਿਆਂਗੇ। ਇਕ ਦਿਨ ਪਹਿਲਾਂ ਪੂਰੀ ਤਿਆਰੀ ਕਰਕੇ ਅਸੀਂ ਆਪੋ ਆਪਣੇ ਬਿਸਤਰਿਆਂ ਵਿੱਚ ਸੌਂ ਗਏ।

ਖੈਰ! ਸਵੇਰੇ ਸਮਾਗਮ ਸ਼ੁਰੂ ਹੋ ਗਿਆ ਅਤੇ ਪੁਲਸ ਅਫਸਰ ਵੀ ਦਿੱਤੇ ਹੋਏ ਸਮੇਂ ਅਨੁਸਾਰ ਪਹੁੰਚ ਗਿਆ। ਉਸ ਨੇ ਭਾਸ਼ਨ ਵਿੱਚ ਆਖਿਆ, 'ਮੈਂ ਖੁਦ ਐਨ ਐਸ ਐਸ ਵਾਲੰਟੀਅਰ ਰਿਹਾ ਹਾਂ। ਉਤਰ ਪ੍ਰਦੇਸ਼ ਦਾ ਨਿਵਾਸੀ ਹਾਂ। ਮੈਂ ਅੱਜ ਆਪਣੀ ਬਹੁਤ ਹੀ ਮਹੱਤਵ ਪੂਰਨ ਟਰੇਨਿੰਗ ਵਿੱਚੋਂ ਬਹੁਤ ਔਖਾ ਹੋ ਕੇ ਇਕ ਦਿਨ ਦੀ ਛੁੱਟੀ ਲੈ ਕੇ ਆਇਆ ਹਾਂ। ਮੈਨੂੰ ਪਤਾ ਹੈ ਕਿ ਜੇ ਮੈਂ ਇਸ ਕੈਂਪ ਵਿੱਚ ਨਾ ਪਹੁੰਚਦਾ, ਤੁਸੀਂ ਸੋਚਣਾ ਸੀ ਕਿ ਪੁਲਸ ਵਾਲੇ ਵਿਸ਼ਵਾਸ ਕਰਨ ਯੋਗ ਨਹੀਂ ਹੁੰਦੇ। ਤੁਹਾਡੇ ਉਤੇ ਮੇਰਾ ਪ੍ਰਭਾਵ ਚੰਗਾ ਨਹੀਂ ਸੀ ਪੈਣਾ। ਮੈਨੂੰ ਇਨ੍ਹਾਂ ਐਨ ਐਸ ਐਸ ਕੈਂਪਾਂ ਤੋਂ ਹੀ ਇਮਾਨਦਾਰੀ, ਮਿਹਨਤ ਅਤੇ ਨਸ਼ਿਆਂ ਤੋਂ ਦੂਰ ਰਹਿਣ ਦਾ ਮੌਕਾ ਤੇ ਸਬਕ ਮਿਲਿਆ ਹੈ।' ਉਸ ਨੇ ਕੈਂਪ ਦੇ ਵਾਲੰਟੀਅਰਾਂ ਵਿਚਕਾਰ ਤੱਪੜਾਂ ਉਤੇ ਬੈਠ ਕੇ ਖਾਣਾ ਖਾਧਾ। ਉਸ ਨੂੰ ਆਪਣਾ ਵਿਦਿਆਰਥੀ ਜੀਵਨ ਯਾਦ ਆ ਗਿਆ ਸੀ।




## ਗੁਰੂ ਗ੍ਰੰਥ ਸਾਹਿਬ ਅੱਗੇ ਕੁਰਸੀਆਂ ਉੱਤੇ ਬੈਠ ਕੇ ਲਾਵਾਂ ਲੈਣ ਬਾਰੇ ਵਿਵਾਦ ਛਿੜਿਆ

ਅੰਮ੍ਰਿਤਸਰ, 7 ਜੁਲਾਈ (ਪੋਸਟ ਬਿਊਰੋ)- ਸੋਸ਼ਲ ਮੀਡੀਆ 'ਤੇ ਇੱਕ ਆਨੰਦ ਕਾਰਜ ਦੀ ਵੀਡੀਓ ਚਰਚਿਤ ਹੋ ਰਹੀ ਹੈ ਜਿਸ ਵਿੱਚ ਦਿੱਸਦਾ ਹੈ ਕਿ ਰਾਗੀ ਸਿੰਘ ਕੀਰਤਨ ਕਰਦੇ ਹਨ, ਪਰ ਜੋੜੀ ਗੁਰੂ ਗ੍ਰੰਥ ਸਾਹਿਬ ਜੀ ਦੇ ਅੱਗੇ ਲਾਵਾਂ ਲੈਣ ਤੋਂ ਬਾਅਦ ਜ਼ਮੀਨ 'ਤੇ ਬੈਠਣ ਜਾਂ ਖੜ੍ਹੇ ਹੋ ਕੇ ਲਾਵਾਂ ਦਾ ਪਾਠ ਸੁਣਨ ਦੀ ਥਾਂ ਕੁਰਸੀ ਉੱਤੇ ਬੈਠ ਰਹੀ ਹੈ। ਇਹ ਵੀਡੀਓ ਵਿਦੇਸ਼ ਦੇ ਕਿਸੇ ਗੁਰਦੁਆਰਾ ਸਾਹਿਬ ਨਾਲ ਸੰਬੰਧਤ ਲੱਗਦੀ ਹੈ, ਜਿਸ ਵਿੱਚ ਗੁਰੂ ਗ੍ਰੰਥ ਸਾਹਿਬ ਦੀ ਹਜ਼ੂਰੀ ਵਿੱਚ ਲਾਵਾਂ ਹੋ ਰਹੀਆਂ ਹਨ। ਲੋਕਾਂ ਦਾ ਕਹਿਣਾ ਹੈ ਕਿ ਜੇ ਕੋਈ ਸਰੀਰਕ ਸਮੱਸਿਆ ਹੋਵੇ ਤਾਂ ਸਿੱਖ ਰਹਿਤ ਮਰਿਆਦਾ ਅਨੁਸਾਰ ਖੜ੍ਹੇ ਹੋ ਕੇ ਅਗਲੀ ਲਾਂਵ ਦਾ ਪਾਠ ਸੁਣਿਆ ਜਾ ਸਕਦਾ ਸੀ। ਇਸ ਵੀਡੀਓ ਬਾਰੇ ਧਾਰਮਿਕ ਸੰਗਠਨਾਂ ਤੇ ਸੰਗਤ ਵਿੱਚ ਉਸ ਗੁਰਦੁਆਰੇ ਦੀ ਪ੍ਰਬੰਧਕ ਕਮੇਟੀ, ਗ੍ਰੰਥੀ ਸਿੰਘ ਅਤੇ ਰਾਗੀ ਜਥੇ ਪ੍ਰਤੀ ਭਾਰੀ ਰੋਸ ਪਾਇਆ ਜਾ ਰਿਹਾ ਹੈ। ਅਕਾਲ ਤਖਤ ਸਾਹਿਬ ਦੇ ਹੈਡ ਗ੍ਰੰਥੀ ਭਾਈ ਮਲਕੀਤ ਸਿੰਘ ਨੇ ਕਿਹਾ ਕਿ ਉਪਰੋਕਤ ਵੀਡੀਓ ਸਾਡੇ ਪਾਸ ਆਈ ਹੈ ਤੇ ਇਸ ਦੀ ਜਾਂਚ ਹੋ ਰਹੀ ਹੈ ਕਿ ਇਹ ਘਟਨਾ ਕਿਉਂ ਤੇ ਕਿੱਥੇ ਵਾਪਰੀ ਹੈ।

# ਬਜਟ ਵਿੱਚ ਗੱਲਾਂ ਬਾਹਲੀਆਂ ਤੇ ਕੰਮ ਥੋੜ੍ਹਾ ਜਾਪਦੈ: ਕੈਪਟਨ ਅਮਰਿੰਦਰ

### * ਪੰਜਾਬ ਬਾਰੇ ਕੋਈ ਜ਼ਿਕਰ ਨਾ ਹੋਣ ਦਾ ਕਈ ਧਿਰਾਂ ਨੂੰ ਰੋਸ

ਚੰਡੀਗੜ੍ਹ, 7 ਜੁਲਾਈ, (ਪੋਸਟ ਬਿਊਰੋ)- ਕੇਂਦਰ ਸਰਕਾਰ ਦੇ ਪੇਸ਼ ਹੋਏ ਬਜਟ ਨੂੰ ਦਿਸ਼ਾਹੀਣ ਦੱਸਦੇ ਹੋਏ ਪੰਜਾਬ ਦੇ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਨੇ ਕਿਹਾ ਕਿ ਇਸ ਵਿਚ ਸਮਾਜ ਦੇ ਕਿਸੇ ਵੀ ਵਰਗ ਨੂੰ ਕੁਝ ਨਹੀਂ ਮਿਲਿਆ ਤੇ ਏਥੋਂ ਤੱਕ ਕਿ ਰੱਖਿਆ ਵਰਗੇ ਮਹੱਤਵ ਪੂਰਨ ਖੇਤਰ ਨੂੰ ਵੀ ਅਣਗੌਲੇ ਕਰ ਦਿੱਤਾ ਤੇ ਗੁਰੂ ਨਾਨਕ ਦੇਵ ਜੀ ਦੇ 550ਵੇਂ ਪ੍ਰਕਾਸ਼ ਪੁਰਬ ਦੇ ਸਮਾਗਮਾਂ ਲਈ ਵੀ ਫੰਡਾਂ ਦੀ ਕੋਈ ਵਿਵਸਥਾ ਨਹੀਂ ਕੀਤੀ ਗਈ।



ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਨੇ ਕੇਂਦਰੀ ਬਜਟ ਨੂੰ 'ਬਾਹਲੀਆਂ ਗੱਲਾਂ ਤੇ ਥੋੜ੍ਹੇ ਕੰਮ ਵਾਲਾ' ਬਜਟ ਕਿਹਾ ਹੈ, ਜਿਸ ਵਿਚ ਦੇਸ਼ ਦੇ ਹਿੱਤ ਅਣਗੌਲੇ ਕਰ ਕੇ ਅਪਣੀਆਂ ਪ੍ਰਾਪਤੀਆਂ ਨੂੰ ਬੀਤੇ ਸਮੇਂ ਦੇ ਫਿਕਰਿਆਂ ਤੇ ਨਵੇਂ ਵਾਅਦਿਆਂ ਨਾਲ ਪੇਸ਼ ਕੀਤਾ ਗਿਆ ਹੈ, ਪਰ ਇਸ ਗੱਲ ਦਾ ਸੰਕੇਤ ਨਹੀਂ ਦਿਤਾ ਕਿ ਸਰਕਾਰ ਲੋਕਾਂ ਨੂੰ ਦੇਣਾ ਕੀ ਚਾਹੁੰਦੀ ਹੈ। ਉਨ੍ਹਾਂ ਨੇ ਕਿਹਾ ਕਿ ਬਜਟ ਵਿਚ ਗਿਣਾਈਆਂ ਪਿਛਲੀਆਂ ਪ੍ਰਾਪਤੀਆਂ ਪਿਛਲੀਆਂ ਕਾਂਗਰਸੀ ਸਰਕਾਰਾਂ ਦੇ ਕੀਤੇ ਕੰਮਾਂ ਦੇ ਸਬੂਤ ਹਨ, ਜਿਨ੍ਹਾਂ ਨੂੰ ਭਾਰਤੀ ਜਨਤਾ ਪਾਰਟੀ ਦੀ ਅਗਵਾਈ ਵਾਲੀ ਕੇਂਦਰ ਸਰਕਾਰ ਦੇਸ਼ ਦੀ ਤਰੱਕੀ ਵਿੱਚ ਆਪਣੇ ਯੋਗਦਾਨ ਵਜੋਂ ਦਿਖਾਉਣ ਦੀ ਕੋਸ਼ਿਸ਼ ਕਰ ਰਹੀ ਹੈ। ਕੈਪਟਨ ਅਮਰਿੰਦਰ ਸਿੰਘ ਨੇ ਹੈਰਾਨੀ ਪ੍ਰਗਟ ਕੀਤੀ ਕਿ ਲੋਕ ਸਭਾ ਚੋਣਾਂ ਦੇ ਦੌਰਾਨ ਰਾਸ਼ਟਰਵਾਦ ਨੂੰ ਉਭਾਰਨ ਵਾਲੀ ਐਨ ਡੀ ਏ ਗੱਠਜੋੜ ਦੀ ਸਰਕਾਰ ਨੇ ਬਜਟ ਵਿਚ ਰੱਖਿਆ ਦੇ ਲਈ ਮਸਾਂ 6.5 ਫ਼ੀਸਦੀ ਦਾ ਵਾਧਾ ਕਰਨ ਦਾ ਐਲਾਨ ਕਰਕੇ ਇਸ ਨੂੰ ਪੂਰੀ ਤਰਾਂ ਅਣਗੌਲੇ ਕਰ ਦਿਤਾ ਹੈ। ਉਨਾਂ ਕਿਹਾ ਕਿ ਇਸ ਪੈਸੇ ਨਾਲ ਸਿਰਫ ਨੋਟ ਪਸਾਰੇ ਦੀ ਲਾਗਤ ਨਾਲ ਨਿਪਟਿਆ ਜਾਣਾ ਹੈ, ਖਰਚੇ ਲਈ ਕੁਝ ਨਹੀਂ ਰਹੇਗਾ। ਖੇਤੀ ਲਈ ਛੋਟਾਂ ਜਾਂ ਹੋਰ ਅਸਰਦਾਰ ਦਖਲ ਦੇਣ ਦਾ ਐਲਾਨ ਕਰਨ ਤੋਂ ਨਾਕਾਮ ਦੱਸ ਕੇ ਮੋਦੀ ਸਰਕਾਰ ਦੀ ਮੁੱਖ ਮੰਤਰੀ ਅਮਰਿੰਦਰ ਸਿੰਘ ਨੇ ਤਿੱਖੀ ਆਲੋਚਨਾ ਕੀਤੀ ਤੇ ਕਿਹਾ ਕਿ ਖੇਤੀ ਸੈਕਟਰ ਪੂਰੀ ਤਰਾਂ ਢਹਿ-ਢੇਰੀ ਹੋ ਗਿਆ ਤੇ ਕਿਸਾਨ ਖੁਦਕੁਸ਼ੀਆਂ ਕਰ ਰਹੇ ਹਨ। ਉਨਾਂ ਕਿਹਾ ਕਿ ਕਿਸਾਨ ਕਰਜ਼ਾ ਮੁਆਫੀ ਸਕੀਮ ਬਾਰੇ ਵੀ ਕੇਂਦਰ ਸਰਕਾਰ ਇਕ ਵਾਰ ਫਿਰ ਅਸਫਲ ਰਹੀ ਹੈ ਅਤੇ ਸਵਾਮੀਨਾਥਨ ਕਮਿਸ਼ਨ ਦੀਆਂ ਸਿਫਾਰਿਸ਼ਾਂ ਲਾਗੂ ਕਰਨ ਦਾ ਵੀ ਕੋਈ ਵਾਅਦਾ ਨਹੀਂ ਕੀਤਾ। ਮੁੱਖ ਮੰਤਰੀ ਨੇ ਕਿਹਾ ਕਿ ਮੋਦੀ ਸਰਕਾਰ ਨੇ ਪੈਟਰੋਲ ਉੱਤੇ ਵੈਟ ਵਿੱਚ ਕਟੌਤੀ ਲਈ ਰਾਜ ਸਰਕਾਰਾਂ ਨੂੰ ਕਿਹਾ ਸੀ ਤਾਂ ਪੰਜਾਬ ਨੇ ਇਹ ਕੀਤੀ ਸੀ, ਪਰ ਬੱਜਟ ਵਿੱਚ ਕੇਂਦਰ ਨੇ ਉਸੇ ਪੈਟਰੋਲ ਉੱਤੇ ਓਦੋਂ ਸੈਸ ਲਾ ਦਿੱਤਾ ਹੈ, ਜਦੋਂ ਅਮਰੀਕਾ ਤੇ ਇਰਾਨ ਦਾ ਤਨਾਅ ਹੋਣ ਨਾਲ ਸੰਸਾਰ ਪੱਧਰ ਉੱਤੇ ਪੈਟਰੋਲ ਦਾ ਸੰਕਟ ਪੈਦਾ ਹੋਣ ਦਾ ਡਰ ਹੈ। ਉਨਾਂ ਕਿਹਾ ਕਿ ਨਵੇਂ ਟੈਕਸਾਂ ਦੇ ਐਲਾਨ ਦੀ ਥਾਂ ਸੈੱਸ ਜਾਂ ਸਰਚਾਰਜ ਲਾ ਕੇ ਕੇਂਦਰ ਨੇ ਰਾਜ ਸਰਕਾਰਾਂ ਨੂੰ ਰੈਵੇਨਿਊ ਦੇ 42 ਫੀਸਦੀ ਹਿੱਸੇ ਤੋਂ ਵਾਂਝੇ ਕਰ ਦਿੱਤਾ ਅਤੇ ਰੋਜ਼ਗਾਰ ਪੈਦਾ ਕਰਨ ਬਾਰੇ ਮੋਦੀ ਸਰਕਾਰ ਨੇ ਬਜਟ ਵਿਚ ਕੋਈ ਸੁਝਾਅ ਹੀ ਨਹੀਂ ਪੇਸ਼ ਕੀਤਾ।

ਇਸ ਦੌਰਾਨ ਪੰਜਾਬ ਦੇ ਕੈਬਨਿਟ ਮੰਤਰੀ ਸੁਖਜਿੰਦਰ ਸਿੰਘ ਰੰਧਾਵਾ ਨੇ ਮੋਦੀ ਸਰਕਾਰ ਦੇ ਤਾਜ਼ਾ ਬਜਟ ਵਿਚ ਸ਼੍ਰੀ ਗੁਰੂ ਨਾਨਕ ਦੇਵ ਜੀ ਦੇ 550ਵੇਂ ਪ੍ਰਕਾਸ਼ ਪੁਰਬ ਦੇ ਸਮਾਗਮਾਂ ਨੂੰ ਪੂਰੀ ਤਰ੍ਹਾਂ ਅਣਗੌਲੇ ਕਰਨ ਦੀ ਨਿੰਦਾ ਕਰਦਿਆਂ ਕਿਹਾ ਕਿ ਕੇਂਦਰੀ ਵਿੱਤ ਮੰਤਰੀ ਨੇ ਬਜਟ ਭਾਸ਼ਣ ਵਿਚ ਪ੍ਰਕਾਸ਼ ਪੁਰਬ ਦਾ ਜ਼ਿਕਰ ਤੱਕ ਨਾ ਕਰ ਕੇ ਕਰੋੜਾਂ ਨਾਨਕ ਨਾਮ ਲੇਵਾ ਸੰਗਤ ਦੇ ਹਿਰਦੇ ਵਲੂੰਧਰ ਦਿਤੇ ਹਨ। ਅੱਜ ਜਾਰੀ ਕੀਤੇ ਬਿਆਨ ਵਿਚ ਉਨ੍ਹਾ ਕਿਹਾ ਕਿ ਕੇਂਦਰ ਸਰਕਾਰ ਵਿਚ ਭਾਈਵਾਲ ਅਕਾਲੀ ਦਲ ਦੇ ਆਗੂ ਇਸ ਬਾਰੇ ਸਥਿਤੀ ਸਾਫ ਕਰਨ ਕਿ ਪਾਰਲੀਮੈਂਟ ਵਿਚ ਬਜਟ ਭਾਸ਼ਣ ਸੁਣਦਿਆਂ ਕੇਂਦਰੀ ਮੰਤਰੀ ਹਰਸਿਮਰਤ ਕੌਰ ਬਾਦਲ ਤੇ ਅਕਾਲੀ ਦਲ ਦੇ ਪ੍ਰਧਾਨ ਸੁਖਬੀਰ ਸਿੰਘ ਬਾਦਲ ਨੂੰ ਸ਼ਰਮ ਕਿਉਂ ਨਾ ਆਈ।

## ਵਿਆਹੁਤਾ ਦੇ ਸੰਸਕਾਰ ਦੌਰਾਨ ਸ਼ਮਸ਼ਾਨ ਘਾਟ ਵਿੱਚ ਪੇਕੇ-ਸਹੁਰੇ ਆਪੋ ਵਿੱਚ ਭਿੜੇ

### * ਇਕ-ਦੂਜੇ ਉੱਤੇ ਬਲ਼ਦੀਆਂ ਲੱਕੜਾਂ ਵਰ੍ਹਾਈਆਂ ਗਈਆਂ

ਅੰਮ੍ਰਿਤਸਰ, 7 ਜੁਲਾਈ, (ਪੋਸਟ ਬਿਊਰੋ)- ਇਹ ਮਹਾਨਗਰ ਵਿੱਚ ਹਾਥੀ ਗੇਟ ਦੇ ਬਾਹਰ ਸ਼ਮਸ਼ਾਨਘਾਟ ਵਿੱਚ ਮ੍ਰਿਤਕ ਵਿਆਹੁਤਾ ਦੇ ਅੰਤਿਮ ਸੰਸਕਾਰ ਵੇਲੇ ਪੇਕਾ ਪਰਿਵਾਰ ਅਤੇ ਸਹੁਰਾ ਪਰਿਵਾਰ ਆਪੋ ਵਿੱਚ ਭਿੜ ਗਏ। ਇਸ ਝਗੜੇ ਬਾਰੇ ਪਤਾ ਲੱਗਾ ਹੈ ਕਿ ਦੋਵਾਂ ਧਿਰਾਂ ਨੇ ਸੰਜਨਾ ਦੀ ਬਲ਼ਦੀ ਚਿਖਾ ਤੋਂ ਲੱਕੜਾਂ ਚੁੱਕ ਕੇ ਇਕ-ਦੂਜੇ ਉੱਤੇ ਮਾਰਨੀਆਂ ਸ਼ੁਰੂ ਕਰ ਦਿੱਤੀਆਂ ਅਤੇ ਦੋ ਜਣਿਆਂ ਦੇ ਮਾਮੂਲੀ ਝੁਲਸਣ ਦੀ ਖਬਰ ਵੀ ਮਿਲੀ ਹੈ।

ਇਸ ਮੌਕੇ ਸ਼ਮਸ਼ਾਨਘਾਟ ਵਿਖੇ ਮੌਜੂਦ ਲੋਕਾਂ ਨੇ ਦੱਸਿਆ ਕਿ ਸੰਜਨਾ ਦੇ ਪੋਸਟਮਾਰਟਮ ਤੋਂ ਬਾਅਦ ਉਸ ਦੇ ਪੇਕੇ ਪਰਵਾਰ ਵਾਲੇ ਉਸ ਦੀ ਲਾਸ਼ ਸਿੱਧੇ ਸ਼ਮਸ਼ਾਨਘਾਟ ਅੰਤਿਮ ਸੰਸਕਾਰ ਲਈ ਲੈ ਗਏ ਸਨ। ਉਸ ਦੇ ਸਹੁਰਿਆਂ ਦਾ ਦੋਸ਼ ਹੈ ਕਿ ਸੰਜਨਾ ਦੇ ਪੇਕੇ ਉਨ੍ਹਾਂ ਤੋਂ ਚੋਰੀ ਸੰਜਨਾ ਦਾ ਅੰਤਿਮ ਸੰਸਕਾਰ ਕਰਨ ਲੱਗੇ ਸਨ। ਇਸ ਕਾਰਨ ਦੋਵਾਂ ਪੱਖਾਂ ਵਿਚ ਝਗੜਾ ਹੋ ਗਿਆ ਅਤੇ ਦੋਵਾਂ ਧਿਰਾਂ ਨੇ ਬਲ਼ਦੀ ਚਿਖਾ ਤੋਂ ਲੱਕੜਾਂ ਚੁੱਕ ਕੇ ਇਕ-ਦੂਜੇ ਨੂੰ ਮਾਰਨੀਆਂ ਸ਼ੁਰੂ ਕਰ ਦਿੱਤੀਆਂ। ਦੂਸਰੇ ਲੋਕਾਂ ਨੇ ਦੋਵਾਂ ਧਿਰਾਂ ਨੂੰ ਸਮਝਾ ਕੇ ਅੰਤਮ ਸਸਕਾਰ ਕਰਾਇਆ ਹੈ। ਥਾਣਾ ਡੀ ਡਵੀਜ਼ਨ ਦੀ ਪੁਲਿਸ ਨੇ ਰਾਂਝੇ ਦੀ ਹਵੇਲੀ ਦੇ ਵਾਸੀ ਨਰੇਸ਼ ਕੁਮਾਰ ਦੇ ਵਿਰੁੱਧ ਪਤਨੀ ਸੰਜਨਾ ਨੂੰ ਖ਼ੁਦਕੁਸ਼ੀ ਦੇ ਲਈ ਮਜਬੂਰ ਕਰਨ ਦਾ ਕੇਸ ਦਰਜ ਕੀਤਾ ਹੈ। ਇਸ ਬਾਰੇ ਇੰਸਪੈਕਟਰ ਜਗਦੀਸ਼ ਕੁਮਾਰ ਨੇ ਦੱਸਿਆ ਕਿ ਦੋਸ਼ੀ ਦੀ ਗ੍ਰਿਫਤਾਰੀ ਲਈ ਛਾਪੇਮਾਰੀ ਜਾਰੀ ਹੈ।

ਮ੍ਰਿਤਕ ਲੜਕੀ ਦੇ ਭਰਾ ਵਿਸ਼ਾਲ ਭੱਲਾ ਨੇ ਪੁਲਿਸ ਨੂੰ ਦੱਸਿਆ ਕਿ 12 ਸਾਲ ਪਹਿਲਾਂ ਉਸ ਦੀ ਭੈਣ ਸੰਜਨਾ ਦਾ ਵਿਆਹ ਉਨ੍ਹਾਂ ਨੇ ਡੀ ਡਵੀਜ਼ਨ ਥਾਣੇ ਹੇਠਲੀ ਰਾਂਝੇ ਦੀ ਹਵੇਲੀ ਦੇ ਵਸਨੀਕ ਨਰੇਸ਼ ਕੁਮਾਰ ਨਾਲ ਕੀਤਾ ਸੀ, ਜੋ ਕੱਪੜੇ ਦੀ ਦੁਕਾਨ ਉੱਤੇ ਕੰਮ ਕਰਦਾ ਹੈ। ਵਿਆਹ ਤੋਂ ਬਾਅਦ ਉਨ੍ਹਾਂ ਦੇ ਦੋ ਬੱਚੇ ਹੋਏ। ਵਿਸ਼ਾਲ ਨੇ ਦੋਸ਼ ਲਾਇਆ ਕਿ ਉਸ ਦਾ ਜੀਜਾ ਸ਼ਰਾਬ ਦੇ ਨਸ਼ੇ ਵਿੱਚ ਸੰਜਨਾ ਨਾਲ ਕੁੱਟਮਾਰ ਕਰਦਾ ਸੀ। ਇਸ ਬਾਰੇ ਸੰਜਨਾ ਨੇ ਕਈ ਵਾਰ ਪੇਕੇ ਦੱਸਿਆ ਸੀ। ਉਨ੍ਹਾਂ ਨੇ ਨਰੇਸ਼ ਨੂੰ ਕਈ ਵਾਰ ਸਮਝਾਇਆ, ਪਰ ਉਹ ਆਪਣੀਆਂ ਹਰਕਤਾਂ ਤੋਂ ਨਹੀਂ ਹਟਿਆ। ਸ਼ਨਿੱਚਰਵਾਰ ਰਾਤ ਉਨ੍ਹਾਂ ਨੂੰ ਪਤਾ ਲੱਗਾ ਕਿ ਸੰਜਨਾ ਦੀ ਮੌਤ ਹੋ ਗਈ ਹੈ। ਜਦ ਉਹ ਉਸ ਦੇ ਸਹੁਰੇ ਘਰ ਗਏ ਤਾਂ ਦੇਖਿਆ ਕਿ ਸੰਜਨਾ ਦੇ ਗਲੇ ਉੱਤੇ ਰੱਸੀ ਦੇ ਨਿਸ਼ਾਨ ਸਨ। ਪੁਲਿਸ ਨੇ ਇਸ ਬਾਰੇ ਨਰੇਸ਼ ਵਿਰੁੱਧ ਕੇਸ ਦਰਜ ਕਰ ਕੇ ਉਸ ਦੀ ਭਾਲ ਸ਼ੁਰੂ ਕਰ ਦਿੱਤੀ ਹੈ।

## ਝੋਨੇ ਦੀ ਅਗੇਤੀ ਲਵਾਈ ਕਰਨ ਬਦਲੇ ਐੱਨ ਜੀ ਟੀ ਵੱਲੋਂ ਪੰਜਾਬ ਨੂੰ ਨੋਟਿਸ

ਚੰਡੀਗੜ੍ਹ, 7 ਜੁਲਾਈ (ਪੋਸਟ ਬਿਊਰੋ)- ਨੈਸ਼ਨਲ ਗਰੀਨ ਟ੍ਰਿਬਿਊਨਲ (ਐੱਨ ਜੀ ਟੀ) ਨੇ ਪੰਜਾਬ ਸਰਕਾਰ ਦੇ ਉਸ ਫੈਸਲੇ ਬਾਰੇ ਚਾਰ ਮੈਂਬਰੀ ਪੈਨਲ ਬਣਾਇਆ ਹੈ, ਜਿਸ ਵਿੱਚ ਝੋਨੇ ਲਾਉਣ ਦੀ ਤਰੀਕ 20 ਜੂਨ ਦੀ ਥਾਂ 13 ਜੂਨ ਕਰ ਦਿੱਤੀ ਗਈ ਸੀ। ਇਹ ਫੈਸਲਾ ਪਾਰਲੀਮੈਂਟ ਚੋਣਾਂ ਵੇਲੇ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਨੇ ਕੀਤਾ ਸੀ। ਕਿਸਾਨਾਂ ਦਾ ਕਹਿਣਾ ਸੀ ਕਿ ਦੇਰ ਨਾਲ ਲੁਆਈ ਕਾਰਨ ਅਕਤੂਬਰ 'ਚ ਵਾਢੀ ਕਰ ਕੇ ਨਮੀ ਵੱਧ ਰਹਿ ਜਾਂਦੀ ਹੈ ਤੇ ਉਨ੍ਹਾਂ ਨੂੰ ਝੋਨੇ ਦੀ ਫਸਲ ਵੇਚਣ ਵਿੱਚ ਦਿੱਕਤ ਆਉਂਦੀ ਹੈ ਅਤੇ ਪਰਾਲੀ ਦਾ ਹੱਲ ਵੀ ਨਹੀਂ ਨਿਕਲਦਾ।



ਇਸ ਸੰਬੰਧ ਵਿੱਚ ਨੈਸ਼ਨਲ ਗਰੀਨ ਟ੍ਰਿਬਿਊਨਲ ਦੇ ਚੇਅਰਮੈਨ ਆਦਰਸ਼ ਕੁਮਾਰ ਗੋਇਲ ਨੇ ਹੁਸ਼ਿਆਰਪੁਰ ਦੇ ਜੈ ਗੋਪਾਲ ਧੀਮਾਨ ਦੀ ਪਟੀਸ਼ਨ ਉੱਤੇ ਫੈਸਲਾ ਦੇਂਦੇ ਹੋਏ ਚਾਰ ਮੈਂਬਰੀ ਕਮੇਟੀ ਬਣਾ ਦਿੱਤੀ ਹੈ, ਜਿਹੜੀ ਇਸ ਗੱਲ ਦੀ ਜਾਂਚ ਕਰੇਗੀ ਕਿ ਪੰਜਾਬ ਸਰਕਾਰ ਦੇ ਫੈਸਲੇ ਨੇ ਜ਼ਮੀਨੀ ਪਾਣੀ ਦਾ ਕਿੰਨਾ ਨੁਕਸਾਨ ਕੀਤਾ ਹੈ। ਜੈ ਗੋਪਾਲ ਧੀਮਾਨ ਨੇ ਪਟੀਸ਼ਨ ਵਿੱਚ ਕਿਹਾ ਸੀ ਕਿ ਸਰਕਾਰ ਵੱਲੋਂ ਝੋਨੇ ਦੀ ਲੁਹਾਈ 20 ਜੂਨ ਦੀ ਬਜਾਏ 13 ਜੂਨ ਕਰਨ ਨਾਲ ਜ਼ਮੀਨੀ ਪਾਣੀ ਦਾ ਬਹੁਤ ਨੁਕਸਾਨ ਹੋਵੇਗਾ, ਜਿਹੜਾ ਅੱਗੇ ਹੀ ਚਿੰਤਾ ਜਨਕ ਪੱਧਰ ਤੱਕ ਡਿੱਗ ਚੁੱਕਾ ਹੈ। ਉਸ ਨੇ ਪਟੀਸ਼ਨ ਨਾਲ ਸਿੰਚਾਈ ਵਿਭਾਗ ਅਤੇ ਕੇਂਦਰੀ ਜ਼ਮੀਨੀ ਪਾਣੀ ਬੋਰਡ ਵੱਲੋਂ ਤਿਆਰ ਰਿਪੋਰਟ ਦਾ ਹਵਾਲਾ ਦਿੱਤਾ ਸੀ, ਜਿਸ ਵਿੱਚ ਕਿਹਾ ਗਿਆ ਹੈ ਕਿ ਪਾਣੀ ਦੀ ਵਰਤੋਂ ਵਿੱਚ ਪੰਜਾਬ ਦੇਸ਼ ਵਿੱਚ ਪਹਿਲੇ ਨੰਬਰ 'ਤੇ ਹੈ।

ਐੱਨ ਜੀ ਟੀ ਨੇ ਕਿਹਾ ਕਿ 20 ਜੂਨ ਦੀ ਤਰੀਕ ਸੂਬਾਈ ਪ੍ਰਦੂਸ਼ਣ ਕੰਟਰੋਲ ਬੋਰਡ ਅਤੇ ਪੰਜਾਬ ਐਗਰੀਕਲਚਰ ਯੂਨੀਵਰਸਿਟੀ ਦੀਆਂ ਸਿਫਾਰਸ਼ਾਂ ਮਗਰੋਂ ਤੈਅ ਕੀਤੀ ਗਈ ਸੀ। ਇਸ ਪਟੀਸ਼ਨ ਵਿੱਚ ਜਿਹੜਾ ਮੁੱਦਾ ਉਭਾਰਿਆ ਗਿਆ ਹੈ, ਉਸ 'ਤੇ ਮਾਹਰਾਂ ਦੀ ਰਿਪੋਰਟ ਦੀ ਰੋਸ਼ਨੀ ਵਿੱਚ ਦੇਖਣ ਦੀ ਲੋੜ ਹੈ। ਇਸ ਲਈ ਅਸੀਂ ਕਮੇਟੀ ਬਣਾਈ ਹੈ। ਐੱਨ ਜੀ ਟੀ ਦੇ ਪੈਨਲ ਤੋਂ ਤਿੰਨ ਮਹੀਨੇ ਵਿੱਚ ਰਿਪੋਰਟ ਮੰਗੀ ਹੈ। ਬੈਂਚ ਨੇ ਕੇਸ ਦੀ ਅਗਲੀ ਸੁਣਵਾਈ ਸੱਤ ਨਵੰਬਰ ਨੂੰ ਰੱਖੀ ਹੈ। ਪ੍ਰਸਿੱਧ ਖੇਤੀ ਮਾਹਰ ਡਾਕਟਰ ਸਰਦਾਰਾ ਸਿੰਘ ਜੌਹਲ ਨੇ ਕਿਹਾ ਕਿ ਮੌਨਸੂਨ ਪੱਛੜਨ ਨਾਲ ਜਿੰਨਾ ਪਾਣੀ ਕਿਸਾਨਾਂ ਨੇ ਇੱਕ ਹਫਤੇ ਵਿੱਚ ਧਰਤੀ ਤੋਂ ਕੱਢਿਆ ਹੈ, ਏਨੇ ਵਿੱਚ ਤਾਂ ਪੂਰੇ ਸੂਬੇ ਦੇ ਸਾਰੇ ਸ਼ਹਿਰਾਂ ਦੀ ਪਿਆਸ ਬੁੱਝ ਸਕਦੀ ਹੈ।

## ਵਿਧਾਇਕ ਉੱਤੇ ਪੱਤਰਕਾਰ ਨੂੰ ਕੁੱਟਣ ਦਾ ਦੋਸ਼ ਲੱਗਣ ਪਿੱਛੋਂ ਰੋਸ ਮੁਜ਼ਾਹਰਾ

ਪਠਾਨਕੋਟ, 7 ਜੁਲਾਈ, (ਪੋਸਟ ਬਿਊਰੋ)- ਆਮ ਤੌਰ ਉੱਤੇ ਵਿਵਾਦਾਂ ਵਿਚ ਰਹਿਣ ਵਾਲੇ ਹਲਕਾ ਭੋਆ ਦੇ ਵਿਧਾਇਕ ਜੋਗਿੰਦਰਪਾਲ ਫਿਰ ਵਿਵਾਦਾਂ ਵਿਚ ਘਿਰ ਗਏ ਹਨ। ਉਨ੍ਹਾਂ ਉੱਤੇ ਐਤਵਾਰ ਨੂੰ ਇੱਕ ਇਲੈਕਟ੍ਰਾਨਿਕ ਚੈਨਲ ਦੇ ਪੱਤਰਕਾਰ ਨਾਲ ਕੁੱਟਮਾਰ ਅਤੇ ਮੋਬਾਈਲ ਖੋਹਣ ਦੇ ਦੋਸ਼ ਲੱਗੇ ਹਨ। ਇਸ ਦੇ ਬਾਅਦ ਪ੍ਰੈੱਸ ਕਲੱਬ ਦੇ ਪੱਤਰਕਾਰਾਂ ਨੇ ਵਿਧਾਇਕ ਦੇ ਵਿਹਾਰ ਦੇ ਖ਼ਿਲਾਫ਼ ਧਰਨਾ ਦਿੱਤਾ ਅਤੇ ਪੁਲਸ ਅਤੇ ਪ੍ਰਸ਼ਾਸਨ ਤੋਂ ਇਨਸਾਫ ਦੀ ਮੰਗ ਕੀਤੀ ਹੈ।

ਮਿਲੀ ਜਾਣਕਾਰੀ ਅਨੁਸਾਰ ਐਤਵਾਰ ਨੂੰ ਮਲਿਕਪੁਰ ਦੇ ਪੈਟਰੋਲ ਪੰਪ ਉੱਤੇ ਤੇਲ ਲੈਣ ਆਏ ਕੁਝ ਡਰਾਈਵਰਾਂ ਨੇ ਸ਼ਿਕਾਇਤ ਕੀਤੀ ਕਿ ਉਨ੍ਹਾਂ ਦੇ ਪੈਟਰੋਲ-ਡੀਜ਼ਲ ਵਿਚ ਪਾਣੀ ਮਿਕਸ ਹੁੰਦਾ ਹੈ। ਇਸੇ ਮੌਕੇ ਪੀੜਤ ਪੱਤਰਕਾਰ ਉਥੇ ਮੌਜੂਦ ਸੀ। ਜਦੋਂ ਪੱਤਰਕਾਰ ਕਵਰੇਜ ਕਰਨ ਲੱਗਾ ਤਾਂ ਵਿਧਾਇਕ ਆ ਕੇ ਕੁੱਟਮਾਰ ਕਰਨ ਲੱਗ ਪਏ। ਪੀੜਤ ਪੱਤਰਕਾਰ ਲੱਕੀ ਸਰੋਜ ਨੇ ਕਿਹਾ ਕਿ ਵਿਧਾਇਕ ਜੋਗਿੰਦਰਪਾਲ ਨੇ ਉਸ ਨੂੰ ਗਲੇ ਤੋਂ ਫੜਿਆ ਤੇ ਕੁੱਟਮਾਰ ਕੀਤੀ ਤੇ ਧਮਕੀਆਂ ਦਿੱਤੀਆਂ। ਜ਼ਿਲ੍ਹਾ ਪ੍ਰੈੱਸ ਕਲੱਬ ਦੇ ਪ੍ਰਧਾਨ ਐੱਨ ਪੀ ਧਵਨ ਨੇ ਕਿਹਾ ਕਿ ਹਾਕਮ ਪਾਰਟੀ ਨੇ ਪ੍ਰਸ਼ਾਸਨ ਤੇ ਪੁਲਿਸ ਨੂੰ ਕਠਪੁਤਲੀ ਬਣਾ ਰੱਖਿਆ ਹੈ। ਉਨ੍ਹਾਂ ਨੇ ਮੁੱਖ ਮੰਤਰੀ ਅਮਰਿੰਦਰ ਸਿੰਘ ਤੋਂ ਦਖ਼ਲ ਦੇਣ ਦੀ ਮੰਗ ਕੀਤੀ ਹੈ।

ਸੁਜਾਨਪੁਰ ਥਾਣਾ ਦੇ ਇੰਚਾਰਜ ਅਸ਼ਵਨੀ ਨੇ ਕਿਹਾ ਕਿ ਇਸ ਕੇਸ ਦੀ ਜਾਣਕਾਰੀ ਮਿਲਣ ਉੱਤੇ ਉਹ ਘਟਨਾ ਵਾਲੀ ਥਾਂ ਗਏ ਸਨ। ਪੱਤਰਕਾਰ ਨੇ ਵਿਧਾਇਕ ਉੱਤੇ ਕੁੱਟਮਾਰ ਦੇ ਦੋਸ਼ ਲਾਏ ਹਨ, ਸ਼ਿਕਾਇਤ ਦੇ ਆਧਾਰ ਉੱਤੇ ਪੁਲਿਸ ਕੇਸ ਦੀ ਜਾਂਚ ਕਰੇਗੀ। ਦੂਸਰੇ ਪਾਸੇ ਵਿਧਾਇਕ ਜੋਗਿੰਦਰਪਾਲ ਨੇ ਕਿਹਾ ਕਿ ਉਹ ਪੈਟਰੋਲ ਪੰਪ ਉੱਤੇ ਤੇਲ ਭਰਵਾਉਣ ਆਏ ਸਨ, ਪਰ ਉਨ੍ਹਾਂ ਨੇ ਪੱਤਰਕਾਰ ਦੀ ਕੁੱਟਮਾਰ ਨਹੀਂ ਕੀਤੀ। ਇਸ ਕੇਸ ਨੂੰ ਐਵੇਂ ਤੂਲ ਦਿੱਤਾ ਜਾ ਰਿਹਾ ਹੈ। ਪ੍ਰੇਮ ਪੈਟਰੋਲ ਪੰਪ ਦੇ ਮਾਲਿਕ ਪ੍ਰੇਮ ਕੁਮਾਰ ਦਾ ਕਹਿਣਾ ਹੈ ਕਿ ਰਾਤ ਬਾਰਸ਼ ਕਾਰਨ ਪੈਟਰੋਲ ਵਿਚ ਪਾਣੀ ਮਿਲ ਜਾਣ ਕਾਰਨ ਸਮੱਸਿਆ ਆਈ ਹੈ। ਉਨ੍ਹਾਂ ਨੇ ਮਕੈਨਿਕ ਸੱਦ ਕੇ ਖ਼ਰਾਬ ਗੱਡੀਆਂ ਦੀ ਮੁਰੰਮਤ ਕਰਵਾ ਦਿੱਤੀ ਹੈ।

## ਇੰਸਪੈਕਟਰ ਨੌਰੰਗ ਸਿੰਘ ਤੇ 10 ਹੋਰ ਪੁਲਸ ਵਾਲੇ ਦੋਸ਼ੀ ਕਰਾਰ, ਫੈਸਲਾ ਅੱਠ ਨੂੰ

ਅੰਮ੍ਰਿਤਸਰ, 7 ਜੁਲਾਈ (ਪੋਸਟ ਬਿਊਰੋ)- ਗੁਰੂ ਨਾਨਕ ਦੇਵ ਹਸਪਤਾਲ ਵਿੱਚ ਇਲਾਜ ਲਈ ਆਏ ਇੱਕ ਕੈਦੀ ਨੌਜਵਾਨ ਨੂੰ ਪੁਲਸ ਵੱਲੋਂ ਚੁੱਕ ਕੇ ਕੀਤੇ ਤਸ਼ੱਦਦ ਕਰਨ ਅਤੇ ਇਸ ਦੌਰਾਨ ਉਸ ਦੀ ਮੌਤ ਹੋਣ ਦੇ ਬਾਅਦ ਉਸ ਦੀ ਲਾਸ਼ ਕੀਰਤਪੁਰ ਸਾਹਿਬ ਵਾਲੀ ਨਹਿਰ ਵਿੱਚ ਰੋੜ੍ਹ ਦੇਣ ਦੇ ਕੇਸ ਵਿੱਚ ਗ੍ਰਿਫਤਾਰ ਕੀਤੇ ਪੁਲਸ ਇੰਸਪੈਕਟਰ ਨੌਰੰਗ ਸਿੰਘ ਅਤੇ 10 ਹੋਰ ਪੁਲਸ ਵਾਲਿਆਂ ਸਮੇਤ 13 ਜਣਿਆਂ ਨੂੰ ਕੱਲ੍ਹ ਐਡੀਸ਼ਨਲ ਜ਼ਿਲ੍ਹਾ ਸੈਸ਼ਨ ਜੱਜ ਸੰਦੀਪ ਸਿੰਘ ਬਾਜਵਾ ਦੀ ਅਦਾਲਤ ਨੇ ਦੋਸ਼ੀ ਕਰਾਰ ਦੇ ਦਿੱਤਾ ਹੈ। ਜਿਨ੍ਹਾਂ ਦੀ ਸਜ਼ਾ ਦਾ ਐਲਾਨ ਅੱਠ ਜੁਲਾਈ ਨੂੰ ਹੋਵੇਗਾ। ਅਦਾਲਤ ਵੱਲੋਂ ਦੋਸ਼ੀ ਕਰਾਰ ਦਿੱਤੇ ਪੁਲਸ ਨੇ ਸਾਰੇ ਦੋਸ਼ੀਆਂ ਨੂੰ ਸਖਤ ਸੁਰੱਖਿਆ ਹੇਠ ਹਿਰਾਸਤ ਵਿੱਚ ਲੈ ਕੇ ਜੇਲ੍ਹ ਭੇਜ ਦਿੱਤਾ ਗਿਆ ਹੈ।



ਇਸ ਬਾਰੇ ਮਨੁੱਖੀ ਅਧਿਕਾਰ ਸੰਗਠਨ ਦੇ ਆਗੂ ਤੇ ਵਕੀਲ ਸਰਬਜੀਤ ਸਿੰਘ ਵੇਰਕਾ ਨੇ ਦੱਸਿਆ ਕਿ ਇਹ ਕੇਸ ਛੇ ਜਨਵਰੀ 2014 ਦਾ ਹੈ, ਜਦੋਂ ਜੇਲ੍ਹ ਵਿਚੋਂ ਕੈਦੀ ਬਿਕਰਮਜੀਤ ਸਿੰਘ ਉਰਫ ਕੋਹਲਾ ਪਿੰਡ ਅਲਗੋਂ ਕੋਠੀ ਦੀ ਸਿਹਤ ਖਰਾਬ ਹੋਣ ਉਤੇ ਗੁਰੂ ਨਾਨਕ ਦੇਵ ਹਸਪਤਾਲ ਭਰਤੀ ਕਰਾਇਆ ਗਿਆ ਸੀ। ਏਥੋਂ ਉਸ ਨੂੰ ਇੰਸਪੈਕਟਰ ਨੌਰੰਗ ਸਿੰਘ ਦੀ ਅਗਵਾਈ ਵਾਲੀ ਸੀ ਆਈ ਏ ਸਟਾਫ ਦੀ ਪਾਰਟੀ ਨੇ ਅਗਵਾ ਕਰ ਲਿਆ ਤੇ ਬਟਾਲਾ ਲਿਜਾ ਕੇ ਅਣਮਨੁੱਖੀ ਤਸ਼ੱਦਦ ਕੀਤਾ ਸੀ, ਜਿਸ ਕਾਰਨ ਉਸ ਦੀ ਮੌਤ ਹੋ ਗਈ। ਪੁਲਸ ਨੇ ਉਸ ਦੇ ਵਾਰਸਾਂ ਨੂੰ ਦੱਸਣ ਦੀ ਥਾਂ ਲਾਸ਼ ਨਹਿਰ ਵਿੱਚ ਰੋੜ੍ਹ ਕੇ ਸਬੂਤ ਨਸ਼ਟ ਕਰ ਦਿੱਤੇ ਸਨ। ਇਸ ਕੇਸ ਵਿੱਚ ਇੰਸਪੈਕਟਰ ਨੌਰੰਗ ਸਿੰਘ ਦੇ ਨਾਲ ਗੁਲਸ਼ਨਬੀਰ ਸਿੰਘ, ਸਵਿੰਦਰ ਸਿੰਘ, ਲਖਵਿੰਦਰ ਸਿੰਘ, ਜਗਜੀਤ ਸਿੰਘ, ਅਮਨਦੀਪ ਸਿੰਘ, ਮਕਤੂਲ ਸਿੰਘ ਤੇ ਅੰਗਰੇਜ਼ ਸਿੰਘ (ਸਾਰੇ ਹੌਲਦਾਰ) ਤੇ ਜਗਤਾਰ ਸਿੰਘ ਤੇ ਦੀਪ ਰਾਜ ਨੂੰ ਗ੍ਰਿਫਤਾਰ ਕੀਤਾ ਗਿਆ ਤੇ ਇੱਕ ਏ ਐਸ ਆਈ ਬਲਬੀਰ ਸਿੰਘ ਭਗੌੜਾ ਕਰਾਰ ਦਿੱਤਾ ਗਿਆ ਹੈ।

## ਏਵਨ ਸਾਈਕਲ ਦੇ ਮਾਲਕ ਨਾਲ 60.79 ਲੱਖ ਰੁਪਏ ਦੀ ਠੱਗੀ

ਲੁਧਿਆਣਾ, 7 ਜੁਲਾਈ (ਪੋਸਟ ਬਿਊਰੋ)- ਦੇਸ਼ ਦੀ ਪ੍ਰਸਿੱਧ ਸਾਈਕਲ ਕੰਪਨੀ ਏਵਨ ਸਾਈਕਲ ਦੇ ਮਾਲਕ ਓਂਕਾਰ ਸਿੰਘ ਪਾਹਵਾ ਨਾਲ 60 ਲੱਖ ਰੁਪਏ ਤੋਂ ਵੱਧ ਦੀ ਧੋਖਾਧੜੀ ਹੋਣ ਦਾ ਪਤਾ ਲੱਗਾ ਹੈ। ਮਾਡਲ ਟਾਊਨ ਵਾਸੀ ਓਂਕਾਰ ਸਿੰਘ ਪਾਹਵਾ ਦੇ ਬਿਆਨਾਂ 'ਤੇ ਥਾਣਾ ਡਵੀਜ਼ਨ ਨੰਬਰ ਛੇ ਦੀ ਪੁਲਸ ਨੇ ਅਣਪਛਾਤੇ ਠੱਗਾਂ ਦੇ ਖਿਲਾਫ ਕੇਸ ਦਰਜ ਕਰ ਕੇ ਜਾਂਚ ਸ਼ੁਰੂ ਕਰ ਦਿੱਤੀ ਹੈ। ਇਸ ਬਾਰੇ ਓਂਕਾਰ ਸਿੰਘ ਪਾਹਵਾ ਨੇ ਪੁਲਸ ਨੂੰ ਦੱਸਿਆ ਕਿ ਪੀਤਮਪੁਰਾ ਨਿਊ ਦਿੱਲੀ ਦੀ ਕੋਟਕ ਮਹਿੰਦਰਾ ਬ੍ਰਾਂਚ ਦੇ ਕੁਝ ਲੋਕਾਂ ਦੀ ਮਿਲੀਭੁਗਤ ਨਾਲ ਠੱਗਾਂ ਨੇ ਉਨ੍ਹਾਂ ਦੇ ਐੱਸ ਬੀ ਆਈ ਮਿਊਚਲ ਫੰਡ, ਐੱਲ ਐਂਡ ਟੀ ਮਿਊਚਲ ਫੰਡ ਅਤੇ ਐੱਚ ਡੀ ਐੱਫ ਸੀ ਮਿਊਚਲ ਫੰਡ 'ਚ ਜਮ੍ਹਾ ਕਰਵਾਈ ਗਈ ਰਕਮ ਵਿੱਚੋਂ 60 ਲੱਖ ਤੋਂ ਵੱਧ ਦੀ ਰਕਮ ਕਢਵਾ ਲਈ ਹੈ। ਉਨ੍ਹਾਂ ਦੱਸਿਆ ਕਿ 15 ਸਾਲ ਪਹਿਲਾਂ ਉਨ੍ਹਾਂ ਨੇ ਪੰਜ ਲੱਖ ਦੇ ਐੱਲ ਐਂਡ ਟੀ ਦੇ ਸ਼ੇਅਰ ਖਰੀਦੇ ਸਨ। ਇਨ੍ਹਾਂ ਦੇ ਕਰੀਬ 61 ਲੱਖ ਰੁਪਏ ਪਏ ਸਨ, ਜਿਨ੍ਹਾਂ ਨੂੰ ਉਨ੍ਹਾਂ ਨੇ ਐੱਸ ਬੀ ਆਈ ਦੇ ਖਾਤੇ ਨਾਲ ਲਿੰਕ ਕੀਤਾ ਸੀ। ਕੁਝ ਸਮਾਂ ਪਹਿਲਾਂ ਉਨ੍ਹਾਂ ਨੂੰ ਮਿਊਚਲ ਫੰਡ ਨੂੰ ਬੈਂਕ ਖਾਤੇ ਦਾ ਲਿੰਕ ਬਦਲਣ ਦਾ ਪੱਤਰ ਮਿਲਿਆ ਸੀ, ਜਦ ਕਿ ਉਨ੍ਹਾਂ ਨੇ ਅਜਿਹੀ ਕੋਈ ਅਪੀਲ ਬੈਂਕ ਨੂੰ ਨਹੀਂ ਕੀਤੀ ਸੀ। ਉਨ੍ਹਾਂ ਨੇ ਐੱਚ ਡੀ ਐੱਫ ਸੀ ਬੈਂਕ ਰਾਹੀਂ ਉਸ ਪ੍ਰਕਿਰਿਆ ਨੂੰ ਰੋਕ ਦਿੱਤਾ, ਇਸ ਦੇ ਬਾਵਜੂਦ ਉਨ੍ਹਾਂ ਦੇ ਖਾਤੇ ਵਿੱਚੋਂ 60 ਲੱਖ 79 ਹਜ਼ਾਰ ਰੁਪਏ ਨਵੀਂ ਦਿੱਲੀ ਦੇ ਪੀਤਮਪੁਰਾ ਦੀ ਕੋਟਕ ਮਹਿੰਦਰਾ ਬੈਂਕ ਬ੍ਰਾਂਚ ਵਿੱਚ ਉਨ੍ਹਾਂ ਦੇ ਨਾਂਅ ਉਤੇ ਖੋਲ੍ਹੇ ਖਾਤੇ ਵਿੱਚ 29 ਮਈ ਤੋਂ ਦੋ ਜੁਲਾਈ ਦੇ ਦੌਰਾਨ ਟਰਾਂਸਫਰ ਹੋ ਗਏ, ਜਿਨ੍ਹਾਂ ਨੂੰ ਠੱਗਾਂ ਨੇ ਕਢਵਾਇਆ ਹੈ। ਇਸ ਦੀ ਡੂੰਘਾਈ ਨਾਲ ਕੀਤੀ ਜਾਂਚ ਤੋਂ ਬਾਅਦ ਥਾਣਾ ਡਵੀਜ਼ਨ ਨੰਬਰ ਛੇ ਦੀ ਪੁਲਸ ਨੇ ਅਣਪਛਾਤੇ ਮੁਲਜ਼ਮਾਂ ਖਿਲਾਫ ਕੇਸ ਦਰਜ ਕਰ ਕੇ ਕਾਰਵਾਈ ਸ਼ੁਰੂ ਕਰ ਦਿੱਤੀ ਹੈ। ਜਾਂਚ ਅਧਿਕਾਰੀ ਏ ਐੱਸ ਆਈ ਲਖਵੀਰ ਸਿੰਘ ਦਾ ਕਹਿਣਾ ਹੈ ਕਿ ਦੋਸ਼ੀਆਂ ਨੂੰ ਜਲਦੀ ਕਾਬੂ ਕਰ ਲਿਆ ਜਾਵੇਗਾ। ਜਿਸ ਢੰਗ ਨਾਲ ਠੱਗਾਂ ਨੇ ਓਂਕਾਰ ਪਾਹਵਾ ਦੇ ਨਾਂਅ ਉਤੇ ਬੈਂਕ ਅਕਾਊਂਟ ਖੋਲ੍ਹ ਕੇ ਟਰਾਂਜੈਕਸ਼ਨ ਕੀਤੀ ਹੈ, ਉਸ ਨਾਲ ਪੂਰੀ ਬੈਂਕਿੰਗ ਪ੍ਰਣਾਲੀ ਸਵਾਲਾਂ ਦੇ ਘੇਰੇ ਵਿੱਚ ਆ ਗਈ ਹੈ।




## 1.11 ਕਰੋੜ ਦੀ ਧੋਖਾਧੜੀ ਦੇ ਦੋਸ਼ ਹੇਠ ਕਾਨੂੰਨਗੋ ਸਸਪੈਂਡ

ਫਿਰੋਜ਼ਪੁਰ, 7 ਜੁਲਾਈ (ਪੋਸਟ ਬਿਊਰੋ)- ਬੀ ਐੱਸ ਐੱਫ ਵੱਲੋਂ ਐਕੁਆਇਰ ਕੀਤੀ 46 ਕਨਾਲ ਜ਼ਮੀਨ ਦੇ ਮੁਆਵਜ਼ਾ ਦੀ ਰਕਮ ਆਪਣੇ ਸਾਲੇ ਅਤੇ ਹੋਰ ਵਿਅਕਤੀਆਂ ਨੂੰ ਦਿਵਾਉਣ ਦੇ ਦੋਸ਼ ਹੇਠ ਮਾਲ ਵਿਭਾਗ ਦੇ ਕਾਨੂੰਨ-ਗੋ ਬਲਕਾਰ ਸਿੰਘ ਨੂੰ ਡਿਪਟੀ ਕਮਿਸ਼ਨਰ ਨੇ ਸਸਪੈਂਡ ਕਰ ਕੇ ਇਸ ਦੀ ਪੜਤਾਲ ਏ ਡੀ ਸੀ ਨੂੰ ਸੌਂਪੀ ਹੈ। ਇਸ ਮਾਮਲੇ ਵਿੱਚ ਖੁਰਦ ਬੁਰਦ ਕੀਤੀ ਰਕਮ ਇੱਕ ਕਰੋੜ ਗਿਆਰਾਂ ਲੱਖ ਰੁਪਏ ਬਣਦੀ ਹੈ। ਇਸ ਦੀ ਸ਼ਿਕਾਇਤ ਬੀ ਐੱਸ ਐੱਫ ਦੇ ਕਮਾਂਡੈਂਟ ਨੇ ਕੀਤੀ ਤਾਂ ਮੁੱਢਲੀ ਜਾਂਚ ਵਿੱਚ ਗਬਨ ਦਾ ਮਾਮਲਾ ਲੱਭ ਪਿਆ।

ਡਿਪਟੀ ਕਮਿਸ਼ਨਰ ਚੰਦਰ ਗੈਂਦ ਨੇ ਕਾਨੂੰਨਗੋ ਬਲਕਾਰ ਸਿੰਘ ਨੂੰ ਸਸਪੈਂਡ ਕੀਤੇ ਜਾਣ ਦੀ ਪੁਸ਼ਟੀ ਕੀਤੀ ਹੈ। ਲੰਮਾ ਸਮਾਂ ਸਰਹੱਦੀ ਖੇਤਰ ਦਾ ਪਟਵਾਰੀ ਰਹੇ ਬਲਕਾਰ ਸਿੰਘ ਨੇ ਚੁਸਤੀ ਨਾਲ ਕੇਂਦਰ ਸਰਕਾਰ ਦੇ ਰੱਖਿਆ ਮੰਤਰਾਲੇ ਦੀ ਏਨੀ ਵੱਡੀ ਰਕਮ ਹੜੱਪ ਕੀਤੀ ਹੈ। ਪਤਾ ਲੱਗਾ ਹੈ ਕਿ ਸਾਲ 1995 ਵਿੱਚ ਬੀ ਐਸ ਐਫ ਨੇ ਪਾਕਿਸਤਾਨ ਸਰਹੱਦ ਨਾਲ ਲੱਗਦੇ ਪਿੰਡ ਪੱਲ੍ਹਾ ਮੇਘਾ ਵਿੱਚ ਆਪਣੀ ਇੱਕ ਚੌਕੀ ਬਣਾਈ ਸੀ। ਬਲਕਾਰ ਸਿੰਘ ਓਦੋਂ ਇਸ ਦਾ ਪਟਵਾਰੀ ਸੀ। ਸਾਲ 1999 ਦੇ ਆਉਣ ਤੱਕ ਬਲਕਾਰ ਸਿੰਘ ਨੂੰ ਪਤਾ ਲੱਗਾ ਕਿ ਬੀ ਐੱਸ ਐੱਫ ਦੇ ਅਫਸਰ ਇਹ ਜ਼ਮੀਨ ਐਕੁਆਇਰ ਕਰਨਾ ਚਾਹੁੰਦੇ ਹਨ ਤਾਂ ਉਸ ਨੇ ਚੌਕੀ ਵਾਲੀ ਜ਼ਮੀਨ ਦੇ 23 ਕਨਾਲ ਜ਼ਮੀਨ ਦੇ ਜਾਅਲੀ ਕਾਗਜ਼ ਬਣਵਾ ਕੇ ਆਪਣੇ ਸਾਲੇ ਬਿੱਲੂ ਸਿੰਘ ਨੂੰ ਉਸ ਦਾ ਮਾਲਕ ਬਣਾ ਦਿੱਤਾ ਤੇ ਇਸੇ ਤਰ੍ਹਾਂ ਸਾਲ 2007 ਵਿੱਚ ਬਲਕਾਰ ਸਿੰਘ ਨੇ ਇਸ ਇਲਾਕੇ ਦੇ ਇੱਕ ਵਿਅਕਤੀ ਅੰਮ੍ਰਿਤਵੀਰ ਨੂੰ 23 ਕਨਾਲ ਜ਼ਮੀਨ ਦਾ ਜਾਅਲੀ ਮਾਲਕ ਲਿਖ ਦਿੱਤਾ। ਸਾਲ 2011 ਵਿੱਚ ਕੇਂਦਰ ਸਰਕਾਰ ਨੇ ਬੀ ਐਸ ਐਫ ਲਈ ਚੌਕੀ ਵਾਲੀ ਜ਼ਮੀਨ ਦੇਣ ਦਾ ਨੋਟੀਫਿਕੇਸ਼ਨ ਜਾਰੀ ਕਰ ਦਿੱਤਾ ਤਾਂ ਕੁਝ ਚਿਰ ਬਾਅਦ ਇੱਕ ਕਰੋੜ 11 ਲੱਖ ਅੱਠ ਹਜ਼ਾਰ 236 ਰੁਪਏ ਦੀ ਮੁਆਵਜ਼ਾ ਜਾਰੀ ਕਰ ਦਿੱਤੀ, ਜੋ ਬਿੱਲੂ ਸਿੰਘ ਅਤੇ ਅੰਮ੍ਰਿਤਵੀਰ ਸਿੰਘ ਨੂੰ ਮਿਲ ਗਈ।

ਪਿਛਲੇ ਦਿਨੀਂ ਅਰਜੁਨ ਸਿੰਘ ਨੇ ਇਸ ਜ਼ਮੀਨ ਨੂੰ ਆਪਣੀ ਮਾਲਕੀ ਦੱਸ ਕੇ ਮੁਆਵਜ਼ਾ ਰਾਸ਼ੀ ਨਾ ਮਿਲਣ ਦਾ ਕੇਸ ਅਦਾਲਤ ਵਿੱਚ ਪਾਇਆ ਤਾਂ ਬੀ ਐੱਸ ਐੱਫ ਅਤੇ ਡਿਪਟੀ ਕਮਿਸ਼ਨਰ ਨੂੰ ਪਾਰਟੀ ਬਣਾਇਆ। ਕਾਰਵਾਈ ਸ਼ੁਰੂ ਹੋਣ ਉੱਤੇ ਬੀ ਐੱਸ ਐੱਫ ਦੇ ਕਮਾਂਡੈਂਟ ਨੇ ਮੁਆਵਜ਼ਾ ਰਾਸ਼ੀ ਦੀ ਪੜਤਾਲ ਲਈ ਡਿਪਟੀ ਕਮਿਸ਼ਨਰ ਤੱਕ ਪਹੁੰਚ ਕੀਤੀ ਤਾਂ ਸਾਰੇ ਕੇਸ ਦੀਆਂ ਪਰਤਾਂ ਖੁੱਲ੍ਹ ਗਈਆਂ। ਡਿਪਟੀ ਕਮਿਸ਼ਨਰ ਨੇ ਕਾਨੂੰਨਗੋ ਬਲਕਾਰ ਸਿੰਘੇ ਨੂੰ ਸਸਪੈਂਡ ਕਰ ਕੇ ਇਸ ਦੀ ਜਾਂਚ ਏ ਡੀ ਸੀ ਰਾਵਿੰਦਰ ਸਿੰਘ ਨੂੰ ਸੌਂਪ ਦਿੱਤੀ ਹੈ। ਜਾਣਕਾਰਾਂ ਮੁਤਾਬਕ ਇਸ ਕੇਸ ਦੀ ਨਿਰਪੱਖ ਜਾਂਚ ਕੀਤੀ ਗਈ ਤਾਂ ਇਸ ਵਿੱਚ ਕਈ ਅਧਿਕਾਰੀ ਫਸ ਸਕਦੇ ਹਨ।

## ਸਨੀ ਦਿਓਲ ਵੱਲੋਂ ਚੋਣਾਂ ਵਿੱਚ ਹੱਦੋਂ ਵੱਧ ਚੋਣ ਖਰਚਾ ਕੀਤਾ ਹੋਣ ਦੀ ਰਿਪੋਰਟ ਪੇਸ਼

ਪਠਾਨਕੋਟ, 7 ਜੁਲਾਈ (ਪੋਸਟ ਬਿਊਰੋ)- ਬੀਤੇ ਮਈ ਵਿੱਚ ਲੋਕ ਸਭਾ ਚੋਣਾਂ ਦੌਰਾਨ ਗੁਰਦਾਸਪੁਰ ਹਲਕੇ ਤੋਂ ਭਾਜਪਾ ਦੇ ਜੇਤੂ ਉਮੀਦਵਾਰ ਅਜੇ ਸਿੰਘ ਧਰਮਿੰਦਰ ਦਿਓਲ (ਉਰਫ ਸਨੀ ਦਿਓਲ) ਵੱਲੋਂ ਚੋਣ ਪ੍ਰਚਾਰ ਸਮੇਂ ਕੀਤੇ ਗਏ ਸਾਰੇ ਖਰਚ ਦੀ ਫਾਈਨਲ ਰਿਪੋਰਟ ਚੋਣ ਕਮਿਸ਼ਨ ਪੰਜਾਬ ਨੂੰ ਭੇਜ ਦਿੱਤੀ ਗਈ ਹੈ। ਚੋਣ ਕਮਿਸ਼ਨ ਦੀਆਂ ਟੀਮਾਂ ਵੱਲੋਂ ਪਾਰਲੀਮੈਂਟਰੀ ਹਲਕੇ ਵਿਚਲੇ 15 ਉਮੀਦਵਾਰਾਂ ਵੱਲੋਂ ਚੋਣਾਂ ਦੌਰਾਨ ਕੀਤੇ ਖਰਚ ਬਾਰੇ ਹਿਸਾਬ ਕਿਤਾਬ ਜ਼ਿਲ੍ਹਾ ਗੁਰਦਾਸਪੁਰ ਅਤੇ ਜ਼ਿਲ੍ਹਾ ਪਠਾਨਕੋਟ ਦੇ ਦੋਵਾਂ ਖਰਚਾ ਅਬਜ਼ਰਵਰਾਂ ਅਤੇ ਡਿਪਟੀ ਕਮਿਸ਼ਨਰਾਂ ਨੇ ਫਾਈਨਲ ਕਰ ਕੇ ਭੇਜ ਦਿੱਤਾ ਹੈ।



ਇਸ ਸੰਬੰਧ ਵਿੱਚ ਪਤਾ ਲੱਗਾ ਹੈ ਕਿ ਸਨੀ ਦਿਓਲ ਵੱਲੋਂ ਕੀਤਾ ਗਿਆ ਖਰਚਾ 78 ਲੱਖ 51 ਹਜ਼ਾਰ 592 ਰੁਪਏ 45 ਪੈਸੇ ਬਣਦਾ ਹੈ। ਕਾਂਗਰਸ ਉਮੀਦਵਾਰ ਸੁਨੀਲ ਜਾਖੜ ਨੇ 61 ਲੱਖ 36 ਹਜ਼ਾਰ 58 ਰੁਪਏ ਖਰਚ ਕੀਤੇ ਸਨ। ਚੋਣ ਕਮਿਸ਼ਨ ਨੇ ਲੋਕ ਸਭਾ ਚੋਣਾਂ ਲਈ ਹਰ ਉਮੀਦਵਾਰ ਲਈ 70 ਲੱਖ ਰੁਪਏ ਤੱਕ ਦੀ ਹੱਦ ਮਿਥੀ ਗਈ, ਪਰ ਸਨੀ ਦਿਓਲ ਵੱਲੋਂ ਨਿਰਧਾਰਤ ਹੱਦ ਤੋਂ ਵੱਧ ਖਰਚਾ ਕਰ ਦੇਣ ਨਾਲ ਉਸ ਦੀ ਚੋਣ ਉੱਤੇ ਚੋਣ ਨਿਯਮਾਂ ਦੀ ਉਂਗਲ ਉੱਠ ਪਈ ਹੈ। ਇਸ ਬਾਰੇ ਦੱਸਿਆ ਗਿਆ ਹੈ ਕਿ ਰਿਟਰਨਿੰਗ ਅਫਸਰ ਕਮ ਡਿਪਟੀ ਕਮਿਸ਼ਨਰ ਗੁਰਦਾਸਪੁਰ ਵਿਪੁਲ ਉਜਵਲ ਨੇ ਟੀਮਾਂ ਵੱਲੋਂ ਬਣਾਏ ਗਏ ਖਰਚ-ਲੇਖੇ ਪਿਛਲੇ ਮਹੀਨੇ ਉਮੀਦਵਾਰਾਂ ਨੂੰ ਦੱਸੇ ਸਨ, ਜਿਸ ਅਨੁਸਾਰ ਸਨੀ ਦਿਓਲ ਦਾ ਖਰਚਾ 88 ਲੱਖ 27 ਹਜ਼ਾਰ 821 ਰੁਪਏ 45 ਪੈਸੇ ਬਣਿਆ ਸੀ। ਇਸ 'ਤੇ ਸਨੀ ਦਿਓਲ ਦੇ ਐਡਵੋਕੇਟ ਸੰਜੇ ਅਗਰਵਾਲ ਨੇ ਆਪਣੇ ਬਿੱਲ ਪੇਸ਼ ਕੀਤੇ ਅਤੇ ਦੱਸਿਆ ਕਿ ਇਸ ਵਿੱਚ ਨਿਰੀਖਣ ਟੀਮਾਂ ਨੇ ਜ਼ਿਆਦਾ ਖਰਚ ਲਿਖਿਆ ਹੈ।

### ਕੁਰਾਨ ਸ਼ਰੀਫ ਬੇਅਦਬੀ ਮਾਮਲਾ

## ਗਵਾਹ ਨੇ ਉਮਰਾਨੰਗਲ ਉੱਤੇ ਉਸ ਨੂੰ ਫਸਾਉਣ ਦੇ ਦੋਸ਼ ਲਾਏ

ਸੰਗਰੂਰ, 7 ਜੁਲਾਈ (ਪੋਸਟ ਬਿਊਰੋ)- ਅਕਾਲੀ-ਭਾਜਪਾ ਸਰਕਾਰ ਵੇਲੇ ਜੂਨ 2016 ਵਿੱਚ ਮਾਲੇਰਕੋਟਲਾ ਵਿੱਚ ਕੁਰਾਨ ਸ਼ਰੀਫ ਦੀ ਬੇਅਦਬੀ ਦੇ ਕੇਸ ਵਿੱਚ ਦੋਸ਼ੀ ਵਿਜੇ ਕੁਮਾਰ ਤੇ ਆਮ ਆਦਮੀ ਪਾਰਟੀ ਦੇ ਦਿੱਲੀ ਤੋਂ ਵਿਧਾਇਕ ਨਰੇਸ਼ ਕੁਮਾਰ ਯਾਦਵ ਕੱਲ੍ਹ ਸੰਗਰੂਰ ਅਦਾਲਤ ਵਿੱਚ ਪੇਸ਼ ਹੋਏ। ਇਸ ਮੌਕੇ ਬਹਿਸ ਤੋਂ ਬਾਅਦ ਕੇਸ ਦੀ ਸੁਣਵਾਈ 11 ਜੁਲਾਈ ਨੂੰ ਤੈਅ ਕੀਤੀ ਗਈ ਹੈ। ਨਰੇਸ਼ ਯਾਦਵ ਨੇ ਕਿਹਾ ਕਿ ਪਿਛਲੇ ਤਿੰਨ ਸਾਲਾਂ ਤੋਂ ਕੇਸ ਓਵੇਂ ਦਾ ਓਵੇਂ ਸੀ, ਪਰ ਗਵਾਹ ਪੇਸ਼ ਹੋ ਜਾਣ ਦੇ ਨਾਲ ਹੌਲੀ ਹੌਲੀ ਕੜੀਆਂ ਖੁੱਲ੍ਹ ਰਹੀਆਂ ਹਨ।

ਇਸ ਮੌਕੇ ਦਿੱਲੀ ਦੇ ਵਿਧਾਇਕ ਦੇ ਵਕੀਲ ਕਿਰਪਾਲ ਸਿੰਘ ਧਾਲੀਵਾਲ ਨੇ ਕਿਹਾ ਕਿ ਕੱਲ੍ਹ ਗਵਾਹਾਂ ਦੇ ਸਵਾਲਾਂ ਦੇ ਜਵਾਬ ਦੇਣ ਸਮੇਂ ਨਰੇਸ਼ ਯਾਦਵ ਦੇ ਖਿਲਾਫ ਇੱਕ ਸ਼ਬਦ ਵੀ ਨਹੀਂ ਕਿਹਾ। ਅਦਾਲਤ ਨੇ 11 ਜਲਾਈ ਨੂੰ ਹੋਰ ਦੋ ਗਵਾਹਾਂ ਨੂੰ ਬੁਲਾਇਆ ਹੈ ਅਤੇ ਪੁਲਸ ਦੇ ਦੋ ਅਧਿਕਾਰੀਆਂ ਨੂੰ ਵੀ ਅਦਾਲਤ ਨੇ ਸੰਮਨ ਕੀਤੇ ਹਨ। ਦੋਸ਼ੀ ਮੰਨੇ ਗਏ ਵਿਜੇ ਕੁਮਾਰ ਨੇ ਪੱਤਰਕਾਰਾਂ ਨਾਲ ਗੱਲਬਾਤ ਦੌਰਾਨ ਉਸ ਵੇਲੇ ਦੇ ਆਈ ਜੀ ਪਰਮਰਾਜ ਸਿੰਘ ਉਮਰਾਨੰਗਲ ਉਤੇ ਗੰਭੀਰ ਦੋਸ਼ ਲਾਏ। ਉਨ੍ਹਾਂ ਕਿਹਾ ਕਿ ਆਈ ਜੀ ਨੇ ਸਾਜ਼ਿਸ਼ ਅਧੀਨ ਉਨ੍ਹਾਂ ਨੂੰ ਫਸਾਇਆ ਹੈ। ਅਦਾਲਤ ਵਿੱਚ ਗਵਾਹ ਪੇਸ਼ ਕੀਤੇ ਗਏ ਤਾਂ ਕਿਸੇ ਦੇ ਬਿਆਨ ਨਹੀਂ ਮਿਲਦੇ। ਇੱਕ ਗਵਾਹ ਕਹਿੰਦਾ ਹੈ ਕਿ ਦੋ ਬੰਦੇ ਸੀ ਤੇ ਦੂਜਾ ਕਹਿੰਦਾ ਹੈ, ਚਾਰ ਬੰਦੇ ਸਨ। ਇਸ ਤੋਂ ਸਾਫ ਹੈ ਕਿ ਇਹ ਕੇਸ ਮਨਘੜਤ ਹੈ। ਪਹਿਲੇ ਦਿਨ ਗਵਾਹਾਂ ਨੇ ਬਿਆਨ ਦਿੱਤਾ ਕਿ ਜੀਪ ਸੀ, ਪਰ ਦੂਸਰੇ ਦਿਨ ਇਹ ਕਿਹਾ ਕਿ ਪੁਲਸ ਉਸ ਦੀ ਥਾਰ ਜੀਪ ਫੜ ਕੇ ਲੈ ਗਈ ਅਤੇ ਉਸ ਨੂੰ ਉਸ ਦੇ ਪਿੰਡ ਮੁੱਲਾਂਪੁਰ ਤੋਂ ਘਰੋਂ 26 ਜੂਨ ਨੂੰ ਫੜਿਆ, ਜਦ ਕਿ ਪੁਲਸ ਨੇ ਉਸ ਨੂੰ 27 ਜੂਨ ਦੁਪਹਿਰ ਤਿੰਨ ਵਜੇ ਪਟਿਆਲਾ ਤੋਂ ਗ੍ਰਿਫਤਾਰ ਕੀਤਾ ਦੱਸਿਆ ਹੈ। ਪੁਲਸ ਨੇ ਫਿਰ ਕਿਹਾ ਕਿ ਇਹ ਪੰਜਾਬ ਤੋਂ ਭੱਜਣ ਦੀ ਕੋਸ਼ਿਸ਼ ਕਰ ਰਹੇ ਸਨ। ਵਿਜੇ ਨੇ ਦੋਸ਼ ਲਾਇਆ ਕਿ ਪੁਲਸ ਨੇ ਉਸ ਨੂੰ ਟਾਰਚਰ ਕੀਤਾ ਤੇ ਗੁਪਤ ਅੰਗਾਂ ਉਤੇ ਕਰੰਟ ਲਾਇਆ, ਜਿਸ ਨਾਲ ਉਹ ਡਰ ਗਿਆ ਸੀ। ਜਦੋਂ ਪੁਲਸ ਵਾਲੇ ਉਸ ਤੋਂ ਪੁੱਛਗਿੱਛ ਕਰ ਰਹੇ ਸਨ ਤਾਂ ਆਈ ਜੀ ਉਮਰਾਨੰਗਲ ਕਿਸੇ ਨਾਲ ਫੋਨ 'ਤੇ ਗੱਲ ਕਰ ਰਹੇ ਸੀ, ਉਦੋਂ ਉਨ੍ਹਾਂ ਕਿਹਾ ਕਿ ਨਰੇਸ਼ ਯਾਦਵ ਦਾ ਨਾਂਅ ਨਾਲ ਜੋੜ ਦਿੱਤਾ ਜਾਵੇ। ਉਸ ਨੂੰ ਜੇਲ੍ਹ ਵਿੱਚ ਵੀ ਡਰਾਇਆ ਜਾਂਦਾ ਸੀ ਅਤੇ ਵਕੀਲ ਨੂੰ ਵੀ ਨਹੀਂ ਮਿਲਣ ਦਿੱਤਾ ਜਾਂਦਾ ਸੀ।



### ਕਰਨਾਟਕ ਸਰਕਾਰ ਸੰਕਟ ਵਿੱਚ

# ਕਾਂਗਰਸ-ਜਨਤਾ ਦਲ ਐਸ ਦੇ 11 ਵਿਧਾਇਕਾਂ ਵੱਲੋਂ ਅਸਤੀਫਾ

ਨਵੀਂ ਦਿੱਲੀ, 7 ਜੁਲਾਈ, (ਪੋਸਟ ਬਿਊਰੋ)- ਕਰਨਾਟਕ ਵਿੱਚ ਜੇ ਡੀ ਐੱਸ ਅਤੇ ਕਾਂਗਰਸ ਦੀ ਸਾਂਝੀ ਸਰਕਾਰ ਆਪਣੀ ਹੋਂਦ ਦੇ ਗੰਭੀਰ ਸੰਕਟ ਵਿਚ ਫਸ ਗਈ ਜਾਪਦੀ ਹੈ। ਦੋਵਾਂ ਪਾਰਟੀਆਂ ਦੇ ਕੁੱਲ 11 ਵਿਧਾਇਕਾਂ ਨੇ ਅੱਜ ਸ਼ਨੀਵਾਰ ਵਿਧਾਨ ਸਭਾ ਦੇ ਸਪੀਕਰ ਦੇ ਦਫ਼ਤਰ ਵਿਚ ਜਾ ਕੇ ਆਪੋ ਆਪਣਾ ਅਸਤੀਫ਼ਾ ਪੇਸ਼ ਕਰ ਦਿੱਤਾ ਹੈ। ਵਿਧਾਨ ਸਭਾ ਵਿੱਚ ਇਸ ਪਿੱਛੋਂ ਵੀ ਸਰਕਾਰ ਹਾਲੇ ਬਹੁਮਤ ਵਿੱਚ ਹੈ, ਪਰ ਇਨ੍ਹਾਂ ਅਸਤਿਫ਼ਿਆਂ ਨਾਲ ਇਹ ਅਟਕਲਾਂ ਵੀ ਚੱਲ ਪਈਆਂ ਹਨ ਕਿ ਕੁਝ ਹੋਰ ਵਿਧਾਇਕ ਏਸੇ ਤਰ੍ਹਾਂ ਅਸਤੀਫ਼ਾ ਦੇ ਸਕਦੇ ਹਨ। ਇਸ ਲਈ ਅਗਲੇ ਹਫ਼ਤੇ ਤੋਂ ਸ਼ੁਰੂ ਹੋਣ ਵਾਲੇ ਵਿਧਾਨ ਸਭਾ ਸੈਸ਼ਨ ਤਕ ਇਸ ਰਾਜ ਦੀ ਸਰਕਾਰ ਬਹੁਮੱਤ ਕਾਇਮ ਰੱਖ ਸਕੇਗੀ ਜਾਂ ਨਹੀਂ, ਇਹ ਕਹਿਣਾ ਔਖਾ ਹੈ।



ਵਰਨਣ ਯੋਗ ਹੈ ਕਿ ਕਰਨਾਟਕ ਵਿੱਚ ਜਨਤਾ ਦਲ (ਐੱਸ) ਅਤੇ ਕਾਂਗਰਸ ਦੀ ਸਾਂਝੀ ਸਰਕਾਰ ਪਹਿਲੇ ਦਿਨੋਂ ਹੀ ਆਪਸੀ ਟਕਰਾਅ ਤੇ ਵਿਰੋਧਾਂ ਨਾਲ ਜੂਝਦੀ ਰਹੀ ਹੈ। ਫਿਰ ਵੀ ਇਸ ਵਾਰੀ ਮਾਮਲਾ ਵੱਧ ਗੰਭੀਰ ਹੁੰਦਾ ਨਜ਼ਰ ਜਾਪਦਾ ਹੈ। ਕਾਂਗਰਸ ਦੇ ਇਕ ਵਿਧਾਇਕ ਨੇ ਕੁਝ ਦਿਨ ਪਹਿਲਾਂ ਹੀ ਅਸਤੀਫ਼ਾ ਦੇ ਦਿੱਤਾ ਸੀ। ਸ਼ਨਿਚਰਵਾਰ ਜਿਹੜੇ 11 ਵਿਧਾਇਕਾਂ ਨੇ ਪਹਿਲਾਂ ਗਵਰਨਰ ਵਜੂਭਾਈਵਾਲਾ ਨਾਲ ਮੁਲਾਕਾਤ ਕੀਤੀ ਅਤੇ ਫਿਰ ਵਿਧਾਨ ਸਭਾ ਸਪੀਕਰ ਦੇ ਦਫ਼ਤਰ ਜਾ ਕੇ ਉਸ ਦੇ ਸਟਾਫ ਨੂੰ ਅਸਤੀਫ਼ਾ ਸੌਂਪਿਆ, ਉਨ੍ਹਾਂ ਵਿਚ ਅੱਠ ਕਾਂਗਰਸੀ ਅਤੇ ਜੇ ਡੀ ਐੱਸ ਦੇ ਤਿੰਨ ਮੈਂਬਰ ਸ਼ਾਮਲ ਹਨ। ਅਸਤੀਫ਼ਾ ਦੇਣ ਵਾਲੇ ਜੇ ਡੀ ਐੱਸ ਵਿਧਾਇਕਾਂ ਵਿੱਚ ਐੱਚ ਵਿਸ਼ਵਨਾਥ ਹਾਲੇ ਤਿੰਨ ਦਿਨ ਪਹਿਲਾਂ ਪਾਰਟੀ ਦੇ ਸੂਬਾ ਪ੍ਰਧਾਨ ਸਨ।

ਇਸ ਦੌਰਾਨ ਦੱਸਿਆ ਗਿਆ ਹੈ ਕਿ ਜੇ ਸੁਣੇ ਜਾ ਰਹੇ ਨੌਂ ਹੋਰ ਵਿਧਾਇਕਾਂ ਨੇ ਵੀ ਅਸਤੀਫ਼ਾ ਦੇ ਦਿੱਤਾ ਤਾਂ ਰਾਜ ਦੀ ਵਿਧਾਨ ਸਭਾ ਵਿੱਚ ਕਾਂਗਰਸ-ਜੇ ਡੀ ਐੱਸ ਦੀ ਸਾਂਝੀ ਗਿਣਤੀ 100 ਤਕ ਰਹਿ ਜਾਵੇਗੀ ਤੇ ਭਾਜਪਾ ਮੈਂਬਰਾਂ ਦੀ ਗਿਣਤੀ 105 ਹੈ। ਵਿਧਾਨ ਸਭਾ ਦੇ ਸਪੀਕਰ ਨੇ ਅਸਤੀਫ਼ਿਆਂ ਬਾਰੇ ਇੱਕ ਦਮ ਕੋਈ ਫ਼ੈਸਲਾ ਨਹੀਂ ਕੀਤਾ ਅਤੇ ਕਿਹਾ ਹੈ ਕਿ ਉਹ ਸੋਮਵਾਰ ਤਕ ਬਾਹਰ ਹਨ ਤੇ ਕੋਈ ਵੀ ਫ਼ੈਸਲਾ ਮੰਗਲਵਾਰ ਦਫ਼ਤਰ ਆ ਕੇ ਕਰਨਗੇ। ਦੂਸਰੇ ਪਾਸੇ ਇਹ ਅੰਦਾਜ਼ਾ ਸੁਣਨ ਵਿੱਚ ਆ ਰਿਹਾ ਹੈ ਕਿ ਜੇ ਗਵਰਨਰ ਨੇ ਰਾਜ ਸਰਕਾਰ ਨੂੰ ਸਦਨ ਦੇ ਅੰਦਰ ਬਹੁਮਤ ਸਾਬਤ ਕਰਨ ਲਈ ਨਿਰਦੇਸ਼ ਦੇ ਦਿੱਤਾ ਤਾਂ ਸਾਰਾ ਵਿਵਾਦ ਰੋਕ ਕੇ ਸਰਕਾਰ ਚੱਲਦੀ ਰੱਖਣਾ ਮੁਸ਼ਕਲ ਹੋ ਸਕਦਾ ਹੈ।

ਇਸ ਸਥਿਤੀ ਵਿੱਚ ਸਰਕਾਰ ਡਿੱਗਣ ਦੇ ਬਾਅਦ ਭਾਜਪਾ ਲਈ ਲੋੜ ਜੋਗੇ ਵਿਧਾਇਕ ਇਕੱਠੇ ਕਰਨ ਤੇ ਸਰਕਾਰ ਬਣਾਉਣ ਦੀ ਇੱਕ ਹੋਰ ਕੋਸ਼ਿਸ਼ ਦਾ ਸਬੱਬ ਬਣ ਸਕਦਾ ਹੈ। ਉਹ ਵਿਧਾਨ ਸਭਾ ਚੋਣਾਂ ਪਿੱਛੋਂ ਇੱਕ ਵਾਰ ਏਦਾਂ ਦੀ ਨਾਕਾਮ ਕੋਸ਼ਿਸ਼ ਕਰ ਕੇ ਹਾਰ ਚੁੱਕੀ ਹੈ। ਜਾਣਕਾਰ ਸੂਤਰਾਂ ਮੁਤਾ-ਬਕ ਭਾਜਪਾ ਦੀ ਸੂਬਾ ਲੀਡਰਸ਼ਿਪ ਭਾਵੇਂ ਉਤਸ਼ਾਹ ਵਿੱਚ ਹੈ, ਪਰ ਕੇਂਦਰੀ ਲੀਡਰਸ਼ਿਪ ਵੱਲੋਂ ਇਹ ਸੰਦੇਸ਼ ਹੇਠਾਂ ਤਕ ਦਿੱਤਾ ਗਿਆ ਹੈ ਕਿ ਇਨ੍ਹਾਂ ਹਾਲਤ ਵਿੱਚ ਸਰਕਾਰ ਬਣਾਉਣ ਵਾਲੇ ਕਿਸੇ ਵੀ ਕਦਮ ਨਾਲ ਹੋਣ ਵਾਲੀ ਬਦਨਾਮੀ ਤੋਂ ਪਾਰਟੀ ਬਚਣਾ ਚਾਹੁੰਦੀ ਹੈ। ਅਸਤੀਫ਼ਾ ਦੇਣ ਵਾਲੇ ਵਿਧਾਇਕ ਦੋ ਪਾਰਟੀਆਂ ਦੀ ਆਪਣੀ ਸਾਂਝੀ ਸਰਕਾਰ ਦੀ ਨਾਕਾਮੀ ਦਾ ਸਵਾਲ ਖੜ੍ਹਾ ਕਰ ਰਹੇ ਹਨ। ਇਸ ਦੀ ਆੜ ਵਿੱਚ ਕਰਨਾਟਕ ਵਿੱਚ ਭਾਜਪਾ ਦੀ ਸੂਬਾਈ ਲੀਡਰਸ਼ਿਪ ਸਰਕਾਰ ਸਰਕਾਰ ਬਣਾਵੇਗੀ ਤਾਂ ਦੇਸ਼ ਵਿੱਚ ਮਾੜਾ ਸੰਕੇਤ ਜਾਵੇਗਾ ਅਤੇ ਭਾਜਪਾ ਦੀ ਕੇਂਦਰ ਵਾਲੀ ਲੀਡਰਸ਼ਿਪ ਇਸ ਸਥਿਤੀ ਵਿੱਚ ਨਵੀਂ ਵਿਧਾਨ ਸਭਾ ਚੋਣ ਹੀ ਕਰਾਉਣਾ ਚਾਹੇਗੀ।

ਕਰਨਾਟਕ ਵਿਧਾਨ ਸਭਾ ਤੋਂ ਅਸਤੀਫ਼ਾ ਦੇਣ ਵਾਲੇ 11 ਵਿੱਚੋਂ 10 ਵਿਧਾਇਕ ਅੱਜ ਇੱਕ ਚਾਰਟਰਡ ਜਹਾਜ਼ ਵਿੱਚ ਮੁੰਬਈ ਚਲੇ ਗਏ ਹਨ। ਸੂਤਰਾਂ ਮੁਤਾਬਕ ਉਨ੍ਹਾਂ ਨੂੰ ਓਥੇ ਇਕ ਹੋਟਲ ਵਿਚ ਠਹਿਰਾਇਆ ਜਾਣਾ ਹੈ, ਪਰ ਭਾਜਪਾ ਆਗੂ ਤੇ ਸਾਬਕਾ ਮੁੱਖ ਮੰਤਰੀ ਬੀ ਐੱਸ ਯੇਦੀਯੁਰੱਪਾ ਨੇ ਬਿਆਨ ਜਾਰੀ ਕਰ ਦਿੱਤਾ ਹੈ ਕਿ ਵਿਰੋਧੀ ਪਾਰਟੀਆਂ ਵਿਚ ਘਟਨਾ-ਕ੍ਰਮ ਨਾਲ ਉਨ੍ਹਾਂ ਦੀ ਪਾਰਟੀ ਦਾ ਕੋਈ ਲੈਣਾ-ਦੇਣਾ ਨਹੀਂ। ਉਨ੍ਹਾਂ ਕਿਹਾ, 'ਮੈਂ ਮੀਡੀਆ ਤੋਂ ਸੁਣਿਆ ਹੈ ਕਿ ਕਾਂਗਰਸ ਅਤੇ ਜੇ ਡੀ ਐੱਸ ਦੇ ਕੁਝ ਵਿਧਾਇਕਾਂ ਨੇ ਆਪੋ-ਆਪਣੀ ਵਿਧਾਨ ਸਭਾ ਸੀਟ ਤੋਂ ਅਸਤੀਫ਼ਾ ਦੇ ਦਿੱਤਾ ਹੈ।'

ਵਿਧਾਨ ਸਭਾ ਦੇ ਕੁੱਲ 224 ਮੈਂਬਰਾਂ ਵਿੱਚੋਂ ਇਸ ਵਕਤ ਭਾਜਪਾ ਦੇ 105, ਕਾਂਗਰਸ ਦੇ 78, ਜੇ ਡੀ ਐੱਸ ਵਾਲੇ 37, ਬਹੁਜਨ ਸਮਾਜ ਪਾਰਟੀ ਦਾ 1 ਅਤੇ ਦੋ ਆਜ਼ਾਦ ਵਿਧਾਇਕ ਹਨ। ਸਪੀਕਰ ਇਸ ਤੋਂ ਵੱਖਰੇ ਗਿਣੇ ਜਾਂਦੇ ਹਨ।

## ਉਮਰ ਕੈਦ ਭੁਗਤ ਰਹੀ ਨਲਿਨੀ ਨੂੰ ਇਕ ਮਹੀਨੇ ਦੀ ਪੈਰੋਲ ਮਿਲੀ

ਚੇਨਈ, 7 ਜੁਲਾਈ, (ਪੋਸਟ ਬਿਊਰੋ)- ਸਾਬਕਾ ਪ੍ਰਧਾਨ ਮੰਤਰੀ ਰਾਜੀਵ ਗਾਂਧੀ ਦੇ ਕਤਲ ਕੇਸ ਵਿੱਚ ਉਮਰ ਕੈਦ ਭੁਗਤ ਰਹੀ ਨਲਿਨੀ ਸ਼੍ਰੀਹਰਨ ਨੂੰ 30 ਦਿਨਾਂ ਨੂੰ ਪੈਰੋਲ ਮਿਲ ਗਈ ਹੈ। ਉਸ ਨੇ ਆਪਣੀ ਧੀ ਦੇ ਵਿਆਹ ਲਈ ਹਾਈ ਕੋਰਟ ਵਿੱਚ ਪਟੀਸ਼ਨ ਦਾਇਰ ਕਰ ਕੇ 6 ਮਹੀਨੇ ਦੀ ਪੈਰੋਲ ਮੰਗੀ ਸੀ। ਅੱਜ ਸ਼ੁੱਕਰਵਾਰ ਨੂੰ ਹਾਈ ਕੋਰਟ ਨੇ ਉਸ ਦੀ ਪਟੀਸ਼ਨ ਉੱਤੇ ਸੁਣਵਾਈ ਕਰਦੇ ਹੋਏ ਉਸ ਨੂੰ ਸਿਰਫ਼ ਇਕ ਮਹੀਨੇ ਲਈ ਪੈਰੋਲ ਦੇ ਦਿੱਤੀ ਹੈ।

ਨਲਿਨੀ ਸ਼੍ਰੀਹਰਨ ਭਾਰਤ ਦੇ ਸਾਬਕਾ ਪ੍ਰਧਾਨ ਮੰਤਰੀ ਰਾਜੀਵ ਗਾਂਧੀ ਦੇ ਕਤਲ ਕੇਸ ਵਿੱਚ 6 ਹੋਰਨਾਂ ਨਾਲ ਉਮਰ ਕੈਦ ਦੀ ਸਜ਼ਾ ਭੁਗਤ ਰਹੀ ਹੈ। ਉਸ ਨੇ ਆਪਣੀ ਧੀ ਦੇ ਵਿਆਹ ਦੀਆਂ ਤਿਆਰੀਆਂ ਲਈ 6 ਮਹੀਨੇ ਪੈਰੋਲ ਲਈ ਅਰਜ਼ੀ ਦਿੱਤੀ ਸੀ ਅਤੇ ਇਸ ਬਾਰੇ ਮਦਰਾਸ ਹਾਈ ਕੋਰਟ ਵਿੱਚ ਅਰਜ਼ੀ ਭੇਜ ਕੇ ਆਪਣੀ ਪੈਰਵੀ ਖੁਦ ਕਰਨ ਦੀ ਮੰਗ ਕੀਤੀ ਸੀ। ਹਾਈ ਕੋਰਟ ਨੇ ਕਿਹਾ ਸੀ ਕਿ ਕੋਰਟ ਵਿੱਚ ਹਾਜ਼ਰ ਹੋ ਕੇ ਆਪਣੀ ਪਟੀਸ਼ਨ ਦੀ ਪੈਰਵੀ ਦੇ ਅਧਿਕਾਰ ਤੋਂ ਨਲਿਨੀ ਨੂੰ ਵਾਂਝੇ ਨਹੀਂ ਕੀਤਾ ਜਾ ਸਕਦਾ। ਵਰਨਣ ਯੋਗ ਹੈ ਕਿ ਨਲਿਨੀ ਬੀਤੇ 27 ਸਾਲਾਂ ਤੋਂ ਜੇਲ ਵਿੱਚ ਹੈ। ਉਸ ਨੇ ਕਿਹਾ ਕਿ ਉਮਰ ਕੈਦ ਦੀ ਸਜ਼ਾ ਵਾਲੇ ਕੈਦੀ ਨੂੰ 2 ਸਾਲ ਵਿੱਚ ਇਕ ਮਹੀਨਾ ਛੁੱਟੀ ਲੈਣ ਦਾ ਅਧਿਕਾਰ ਹੈ, ਪਰ ਉਸ ਨੇ 27 ਸਾਲ ਤੱਕ ਜੇਲ ਦੇ ਵਿੱਚ ਰਹਿਣ ਦੇ ਬਾਵਜੂਦ ਇਸ ਸਹੂਲਤ ਦਾ ਲਾਭ ਨਹੀਂ ਲਿਆ। ਉਸ ਨੇ ਕਿਹਾ ਕਿ ਉਸ ਨੂੰ ਆਪਣੀ ਬੇਟੀ ਦੇ ਵਿਆਹ ਦੀਆਂ ਤਿਆਰੀਆਂ ਲਈ 6 ਮਹੀਨੇ ਛੁੱਟੀ ਚਾਹੀਦੀ ਹੈ। ਜਸਟਿਸ ਐੱਮ ਐੱਮ ਸੁੰਦਰੇਸ਼ ਅਤੇ ਜਸਟਿਸ ਐੱਮ ਨਿਰਮਲ ਕੁਮਾਰ ਨੇ ਉਸ ਦੀ ਪੈਰੋਲ ਮਨਜ਼ੂਰ ਕਰ ਦਿੱਤੀ ਹੈ। ਨਲਿਨੀ ਨੂੰ ਰਾਜੀਵ ਗਾਂਧੀ ਦੇ ਕਤਲ ਕੇਸ ਵਿੱਚ ਮੌਤ ਦੀ ਸਜ਼ਾ ਹੋਈ ਸੀ, ਪਰ ਬਾਅਦ ਵਿੱਚ 24 ਅਪ੍ਰੈਲ 2000 ਨੂੰ ਇਸ ਨੂੰ ਉਮਰ ਕੈਦ ਵਿੱਚ ਬਦਲ ਦਿੱਤਾ ਗਿਆ ਸੀ। ਉਸ ਦਾ ਦਾਅਵਾ ਹੈ ਕਿ ਮੌਤ ਦੀ ਸਜ਼ਾ ਉਮਰ ਕੈਦ ਵਿੱਚ ਬਦਲਣ ਪਿੱਛੋਂ 10 ਸਾਲ ਜਾਂ ਉਸ ਤੋਂ ਘੱਟ ਸਮੇਂ ਦੀ ਸਜ਼ਾ ਕੱਟ ਚੁਕੇ ਕਰੀਬ 3700 ਕੈਦੀਆਂ ਨੂੰ ਰਾਜ ਸਰਕਾਰ ਰਿਹਾਅ ਕਰ ਚੁਕੀ ਹੈ, ਪਰ ਉਸ ਦੀ ਵਾਰੀ ਨਹੀਂ ਆਈ।

## ਮਸ਼ਹੂਰ ਹਰਿਆਣਵੀ ਡਾਂਸਰ ਸਪਨਾ ਚੌਧਰੀ ਹੋਈ ਭਾਜਪਾ ਵਿੱਚ ਸ਼ਾਮਲ

ਨਵੀਂ ਦਿੱਲੀ, 7 ਜੁਲਾਈ, (ਪੋਸਟ ਬਿਊਰੋ)- ਹਰਿਆਣਵੀ ਡਾਂਸਰ ਤੇ ਕਲਾਕਾਰ ਸਪਨਾ ਚੌਧਰੀ ਨੇ ਅੱਜ ਭਾਰਤੀ ਜਨਤਾ ਪਾਰਟੀ ਦਾ ਪੱਲਾ ਫੜ ਲਿਆ ਹੈ। ਦਿੱਲੀ ਦੇ ਜਵਾਹਰ ਲਾਲ ਨਹਿਰੂ ਸਟੇਡੀਅਮ ਵਿਚ ਭਾਜਪਾ ਦੀ ਮੈਂਬਰਸ਼ਿਪ ਮੁਹਿੰਮ ਵੇਲੇ ਅੱਜ ਐਤਵਾਰ ਨੂੰ ਸਪਨਾ ਚੌਧਰੀ ਨੇ ਪਾਰਟੀ ਦੀ ਮੈਂਬਰੀ ਹਾਸਲ ਕੀਤੀ। ਇਸ ਮੌਕੇ ਮੱਧ ਪ੍ਰਦੇਸ਼ ਦੇ ਸਾਬਕਾ ਮੁੱਖ ਮੰਤਰੀ ਸ਼ਿਵਰਾਜ ਸਿੰਘ ਚੌਹਾਨ, ਦਿੱਲੀ ਭਾਜਪਾ ਦੇ ਪ੍ਰਧਾਨ ਮਨੋਜ ਤਿਵਾੜੀ ਅਤੇ ਕੇਂਦਰੀ ਮੰਤਰੀ ਡਾਕਟਰ ਹਰਸ਼ਵਰਧਨ ਸਮੇਤ ਭਾਜਪਾ ਦੇ ਕਈ ਵੱਡੇ ਆਗੂ ਓਥੇ ਖਾਸ ਤੌਰ ਉੱਤੇ ਮੌਜੂਦ ਸਨ। ਸਪਨਾ ਚੌਧਰੀ



ਦੇ ਨਾਲ ਦਿੱਲੀ ਦੇ ਡੀ ਸੀ ਪੀ ਰਹਿ ਚੁੱਕੇ ਐਲ ਐਨ ਰਾਓ ਵੀ ਅੱਜ ਭਾਰਤੀ ਜਨਤਾ ਪਾਰਟੀ ਵਿੱਚ ਸ਼ਾਮਲ ਹੋ ਗਏ ਹਨ।

ਵਰਨਣ ਯੋਗ ਹੈ ਕਿ ਸਪਨਾ ਚੌਧਰੀ ਦੇ ਕਦੇ ਕਾਂਗਰਸ ਅਤੇ ਕਦੇ ਭਾਜਪਾ ਵਿਚ ਸ਼ਾਮਲ ਹੋਣ ਦੇ ਚਰਚੇ ਚੱਲਦੇ ਰਹੇ ਸਨ ਤੇ ਲੋਕ ਸਭਾ ਚੋਣਾਂ ਤੋਂ ਪਹਿਲਾਂ ਕਈ ਪਾਰਟੀਆਂ ਨਾਲ ਜੋੜ ਸੁਣਦਾ ਰਿਹਾ ਸੀ। ਪਹਿਲਾਂ ਉਨ੍ਹਾਂ ਦੀਆਂ ਪ੍ਰਿਅੰਕਾ ਗਾਂਧੀ ਨਾਲ ਤਸਵੀਰਾਂ ਵਾਇਰਲ ਹੋਈਆਂ ਅਤੇ ਇਹ ਗੱਲ ਫੈਲੀ ਸੀ ਕਿ ਉਹ ਕਾਂਗਰਸ ਪਾਰਟੀ ਵਿਚ ਸ਼ਾਮਲ ਹੋ ਗਏ ਹਨ, ਪਰ ਪਿੱਛੋਂ ਉਨ੍ਹਾਂ ਨੇ ਮੀਡੀਆ ਸਾਹਮਣੇ ਇਸ ਦਾ ਖੰਡਨ ਕੀਤਾ ਸੀ। ਉਸ ਪਿੱਛੋਂ ਸਪਨਾ ਚੌਧਰੀ ਨੇ ਦਿੱਲੀ ਤੋਂ ਲੋਕ ਸਭਾ ਚੋਣਾਂ ਦੌਰਾਨ ਭਾਜਪਾ ਉਮੀਦਵਾਰਾਂ ਲਈ ਵੋਟਾਂ ਮੰਗੀਆਂ ਅਤੇ ਦਿੱਲੀ ਦੇ ਭਾਜਪਾ ਪ੍ਰਧਾਨ ਮਨੋਜ ਤਿਵਾੜੀ ਦੇ ਰੋਡ ਸ਼ੋਅ ਵਿੱਚ ਵੀ ਸ਼ਾਮਲ ਹੋਈ ਤਾਂ ਚਰਚੇ ਚੱਲ ਪਏ ਸਨ ਕਿ ਸਪਨਾ ਚੌਧਰੀ ਭਾਜਪਾ ਵਿੱਚ ਸ਼ਾਮਲ ਹੋ ਸਕਦੀ ਹੈ।






## ਗੁਜਰਾਤ ਤੋਂ ਰਾਜ ਸਭਾ ਦੀਆਂ ਦੋਵੇਂ ਸੀਟਾਂ ਭਾਜਪਾ ਨੇ ਜਿੱਤੀਆਂ

ਗਾਂਧੀਨਗਰ, 7 ਜੁਲਾਈ, (ਪੋਸਟ ਬਿਊਰੋ)- ਗੁਜਰਾਤ ਵਿੱਚੋਂ ਰਾਜ ਸਭਾ ਦੀਆਂ ਦੋਵੇਂ ਸੀਟਾਂ ਭਾਜਪਾ ਫਿਰ ਜਿੱਤ ਗਈ ਹੈ। ਭਾਜਪਾ ਉਮੀਦਵਾਰ ਵਿਦੇਸ਼ ਮੰਤਰੀ ਐੱਸ ਜੈਸ਼ੰਕਰ ਅਤੇ ਜੁਗਲਜੀ ਠਾਕੋਰ ਚੁਣੇ ਗਏ ਹਨ। ਕਾਂਗਰਸ ਦੇ ਦੋ ਵਿਧਾਇਕਾਂ ਨੇ ਕ੍ਰਾਸ ਵੋਟਿੰਗ ਕੀਤੀ ਅਤੇ ਐੱਨ ਸੀ ਪੀ ਅਤੇ ਬੀ ਟੀ ਪੀ ਨੇ ਵੀ ਭਾਜਪਾ ਦਾ ਸਾਥ ਦਿੱਤਾ ਹੈ।


ਰਾਜ ਸਭਾ ਦੀਆਂ ਇਨ੍ਹਾਂ ਦੋ ਸੀਟਾਂ ਲਈ ਅੱਜ ਸ਼ੁੱਕਰਵਾਰ ਨੂੰ ਹੋਈ ਜ਼ਿਮਨੀ ਚੋਣ ਵਿੱਚ ਭਾਜਪਾ ਉਮੀਦਵਾਰ ਐੱਸ ਜੈਸ਼ੰਕਰ ਤੇ ਜੁਗਲਜੀ ਠਾਕੋਰ ਦੀ ਜਿੱਤ ਪਹਿਲਾਂ ਹੀ ਪੱਕੀ ਸੀ, ਪਰ ਕਾਂਗਰਸ ਨੇ ਇਹ ਪਤਾ ਹੁੰਦਿਆਂ ਵੀ ਗੌਰਵ ਪੰਡਿਆ ਅਤੇ ਸਾਬਕਾ ਮੰਤਰੀ ਚੰਦ੍ਰਿਕਾ ਬੇਨ ਚੂਡਾਸਮਾ ਨੂੰ ਖੜੇ ਕੀਤਾ ਸੀ। ਭਾਜਪਾ ਉਮੀਦਵਾਰਾਂ ਨੂੰ 104-104 ਵੋਟਾਂ ਮਿਲੀਆਂ ਅਤੇ ਕਾਂਗਰਸ ਉਮੀਦਵਾਰਾਂ ਨੂੰ 70-70 ਮਿਲੀਆਂ ਹਨ। ਕਾਂਗਰਸ ਦੇ ਦੋ ਬਾਗੀ ਵਿਧਾਇਕਾਂ ਅਲਪੇਸ਼ ਠਾਕੋਰ ਅਤੇ ਧਵਲ ਸਿੰਘ ਝਾਲਾ ਨੇ ਪਾਰਟੀ ਵ੍ਹਿਪ ਦਾ ਉਲੰਘਣ ਕਰ ਕੇ ਭਾਜਪਾ ਉਮੀਦਵਾਰਾਂ ਨੂੰ ਵੋਟ ਪਾਈ ਤੇ ਭਾਰਤੀ ਟ੍ਰਾਈਬਲ ਪਾਰਟੀ ਦੇ ਛੋਟੂ ਵਸਾਵਾ ਸਣੇ ਦੋ ਵਿਧਾਇਕਾਂ ਨੇ ਵੀ ਭਾਜਪਾ ਦਾ ਸਾਥ ਦਿੱਤਾ ਹੈ। ਪਿਛਲੀ ਰਾਜ ਸਭਾ ਚੋਣ ਵੇਲੇ ਬੀ ਟੀ ਪੀ ਕਾਂਗਰਸ ਦੇ ਨਾਲ ਸੀ, ਪਰ ਲੋਕ ਸਭਾ ਚੋਣਾਂ ਵਿੱਚ ਗਠਜੋੜ ਨਾ ਹੋਣ ਕਾਰਨ ਉਹ ਪਾਸਾ ਵੱਟ ਗਈ ਸੀ। ਐੱਨ ਸੀ ਪੀ ਦੇ ਵਿਧਾਇਕ ਕਾਂਧਲ ਜਡੇਜਾ ਨੇ ਵੀ ਭਾਜਪਾ ਉਮੀਦਵਾਰਾਂ ਨੂੰ ਵੋਟ ਪਾਈ ਹੈ, ਪਰ ਸਰਕਾਰ ਦੇ ਖੇਤੀਬਾੜੀ ਮੰਤਰੀ ਆਰ ਸੀ ਫਲਦੂ ਦੀ ਵੋਟ ਰੱਦ ਹੋ ਗਈ, ਜਿਸ ਦੀ ਕਾਫੀ ਚਰਚਾ ਹੋਈ ਹੈ।

ਅੱਜ ਚੋਣਾਂ ਦੌਰਾਨ ਹੋਈ ਕ੍ਰਾਸ ਵੋਟਿੰਗ ਦੇ ਅਗੇਤੇ ਡਰ ਹੇਠ ਕਾਂਗਰਸ ਆਪਣੇ ਸਾਰੇ ਵਿਧਾਇਕਾਂ ਨੂੰ ਪਾਲਨਪੁਰ ਦੇ ਬਾਲਾਰਾਮ ਪੈਲੇਸ ਲੈ ਗਈ ਸੀ। ਅਲਪੇਸ਼ ਠਾਕੋਰ ਅਤੇ ਧਵਲ ਸਿੰਘ ਝਾਲਾ ਦੀ ਕ੍ਰਾਸ ਵੋਟਿੰਗ ਦੀ ਸ਼ਿਕਾਇਤ ਕਾਂਗਰਸ ਨੇ ਚੋਣ ਕਮਿਸ਼ਨ ਨੂੰ ਕੀਤੀ ਹੈ, ਪਰ ਕਮਿਸ਼ਨ ਨੇ ਕਾਂਗਰਸ ਦੀ ਵੋਟਾਂ ਦੀ ਗਿਣਤੀ ਰੋਕਣ ਦੀ ਮੰਗ ਰੱਦ ਕਰ ਦਿੱਤੀ ਹੈ। ਇਸ ਚੋਣ ਵਿੱਚ ਕ੍ਰਾਸ ਵੋਟਿੰਗ ਕਰਨ ਤੋਂ ਤੁਰੰਤ ਬਾਅਦ ਅਲਪੇਸ਼ ਠਾਕੋਰ ਅਤੇ ਧਵਲ ਸਿੰਘ ਝਾਲਾ ਨੇ ਵਿਧਾਨ ਸਭਾ ਮੈਂਬਰੀ ਤੋਂ ਅਸਤੀਫ਼ਾ ਦੇ ਦਿੱਤਾ ਤੇ ਝਾਲਾ ਨੇ ਕਾਂਗਰਸ ਤੋਂ ਵੀ ਅਸਤੀਫ਼ਾ ਦੇ ਦਿੱਤਾ ਹੈ। ਅਲਪੇਸ਼ ਠਾਕੋਰ ਨੇ ਇਸੇ ਸਾਲ ਅਪ੍ਰੈਲ ਵਿੱਚ ਕਾਂਗਰਸ ਤੋਂ ਅਸਤੀਫ਼ਾ ਦੇ ਦਿੱਤਾ ਸੀ। ਰਾਧਨਪੁਰ ਹਲਕੇ ਦੇ ਵਿਧਾਇਕ ਅਲਪੇਸ਼ ਨੇ ਅਸਤੀਫ਼ਾ ਦੇਣ ਪਿੱਛੋਂ ਕਿਹਾ ਸੀ ਕਿ ਕਾਂਗਰਸ ਵਿੱਚ ਸ਼ਾਮਲ ਹੋਣਾ ਉਸ ਦੀ ਭੁੱਲ ਸੀ, ਕਾਂਗਰਸ ਡੁੱਬਦੀ ਬੇੜੀ ਹੈ, ਜਿੱਥੇ ਹਾਲਾਤ ਲਗਾਤਾਰ ਵਿਗੜ ਰਹੇ ਹਨ। ਉਸ ਨੇ ਕਿਹਾ ਕਿ ਰਾਹੁਲ ਗਾਂਧੀ ਨੇ ਪਾਰਟੀ ਦੀ ਹਾਲਤ ਸੁਧਾਰਨ ਦਾ ਵਾਅਦਾ ਕੀਤਾ ਸੀ, ਪਰ ਕੁਝ ਨਹੀਂ ਕਰ ਸਕੇ।

## 'ਜੈ ਸ੍ਰੀ ਰਾਮ' ਦੇ ਨਾਅਰੇ ਬੰਗਾਲੀ ਸਭਿਆਚਾਰ ਦਾ ਹਿੱਸਾ ਨਹੀਂ: ਅਮਰਤਿਆ ਸੇਨ

ਕੋਲਕਾਤਾ, 7 ਜੁਲਾਈ (ਪੋਸਟ ਬਿਊਰੋ)- ਨੋਬਲ ਐਵਾਰਡ ਜੇਤੂ ਆਰਥਿਕ ਮਾਹਰ ਅਮਰਤਿਆ ਸੇਨ (85) ਨੇ ਕੱਲ੍ਹ ਏਥੇ ਕਿਹਾ ਕਿ ਜੈ ਸ੍ਰੀ ਰਾਮ ਦਾ ਨਾਅਰਾ ਬੰਗਾਲੀ ਸਭਿਆਚਾਰ ਨਾਲ ਜੁੜਿਆ ਹੋਇਆ ਨਹੀਂ ਅਤੇ ਇਸ ਦੀ ਵਰਤੋਂ ਲੋਕਾਂ ਨੂੰ ਕੁੱਟਣ ਲਈ ਕੀਤਾ ਜਾ ਰਹੀ ਹੈ। ਜਾਧਵਪੁਰ ਯੂਨੀਵਰਸਿਟੀ 'ਚ ਪ੍ਰੋਗਰਾਮ ਵਿਚ ਬੋਲਦਿਆਂ ਸੇਨ ਨੇ ਕਿਹਾ ਕਿ ਮਾਂ ਦੁਰਗਾ ਬੰਗਾਲ ਦੇ ਕਣ ਕਣ ਵਿੱਚ ਵੱਸੀ ਹੋਈ ਹੈ, ਪਰ ਪਿਛਲੇ ਕੁਝ ਸਮੇਂ ਤੋਂ ਰਾਮਨੌਮੀ ਮਸ਼ਹੂਰ ਹੋ ਰਹੀ ਹੈ ਜਿਸ ਬਾਰੇ ਉਨ੍ਹਾਂ ਪਹਿਲਾਂ ਕਦੇ ਨਹੀਂ ਸੁਣਿਆ ਸੀ। ਸੇਨ ਨੇ ਕਿਹਾ, ਮੈਂ ਆਪਣੀ ਚਾਰ ਸਾਲਾ ਪੋਤੀ ਨੂੰ ਪੁੱਛਿਆ ਕਿ ਉਸ ਦੀ ਪਸੰਦੀਦਾ ਦੇਵੀ ਕੌਣ ਹੈ? ਉਸ ਨੇ ਜਵਾਬ ਦਿੱਤਾ; ਮਾਂ ਦੁਰਗਾ। ਮਾਂ ਦੁਰਗਾ ਸਾਡੇ ਜੀਵਨ ਦੇ ਧੁਰ ਅੰਦਰ ਤੱਕ ਵੱਸੀ ਹੋਈ ਹੈ।

ਆਰਥਿਕ ਮਾਹਰ ਅਮਰਤਿਆ ਸੇਨ ਨੇ ਕਿਹਾ ਕਿ ਉਨ੍ਹਾਂ ਨੂੰ ਮਹਿਸੂਸ ਹੁੰਦਾ ਹੈ ਕਿ ਜੈ ਸ੍ਰੀਰਾਮ ਵਰਗੇ ਨਾਅਰਿਆਂ ਦੀ ਵਰਤੋਂ ਲੋਕਾਂ ਨੂੰ ਮਾਰਨ-ਕੁੱਟਣ ਦੇ ਬਹਾਨੇ ਵਜੋਂ ਕੀਤੀ ਜਾ ਰਹੀ ਹੈ। ਉਨ੍ਹਾਂ ਦਾ ਇਹ ਬਿਆਨ ਓਦੋਂ ਆਇਆ ਹੈ ਜਦੋਂ ਦੇਸ਼ ਦੇ ਕਈ ਹਿੱਸਿਆਂ ਵਿੱਚ ਕੱਟੜ ਹਿੰਦੂਆਂ ਵੱਲੋਂ ਲੋਕਾਂ ਤੋਂ ਜੈ ਸ੍ਰੀਰਾਮ



ਦੇ ਜਬਰੀ ਨਾਅਰੇ ਲਵਾਏ ਜਾ ਰਹੇ ਹਨ ਅਤੇ ਜੇ ਕੋਈ ਨਾਅਰਾ ਲਾਉਣ ਤੋਂ ਇਨਕਾਰ ਕਰਦਾ ਹੈ ਤਾਂ ਉਸ ਦੀ ਕੁੱਟਮਾਰ ਕੀਤੀ ਜਾਂਦੀ ਹੈ।


ਇਸ ਮੌਕੇ ਸੇਨ ਨੇ ਕਿਹਾ ਹੈ ਕਿ ਪੱਛਮੀ ਬੰਗਾਲ ਵਿੱਚ ਪਿਛਲੀ ਖੱਬੇ ਪੱਖੀ ਮੋਰਚਾ ਸਰਕਾਰ ਨੇ ਭੂਮੀ ਸੁਧਾਰ ਦੇ ਪ੍ਰੋਗਰਾਮ ਵਧੀਆ ਢੰਗ ਨਾਲ ਲਾਗੂ ਕੀਤੇ ਸਨ। ਉਨ੍ਹਾਂ ਕਿਹਾ ਕਿ ਸਾਂਝੀ ਬੰਗਾਲੀ ਪਛਾਣ ਨੂੰ ਪੇਸ਼ ਕਰਨ ਦੇ ਮਾਮਲੇ ਵਿੱਚ ਪੱਛਮੀ ਬੰਗਾਲ ਗੁਆਂਢ ਵੱਸਦੇ ਬੰਗਲਾ ਦੇਸ਼ ਤੋਂ ਪੱਛੜ ਗਿਆ ਹੈ। ਉਨ੍ਹਾਂ ਕਿਹਾ ਕਿ ਪੱਛਮੀ ਬੰਗਾਲ ਸਿਖਿਆ ਅਤੇ ਸਿਹਤ ਸੰਭਾਲ ਦੇ ਪੱਖ ਤੋਂ ਕੇਰਲ, ਤਾਮਿਲ ਨਾਡੂ ਅਤੇ ਹਿਮਾਚਲ ਪ੍ਰਦੇਸ਼ ਦੇ ਮੁਕਾਬਲੇ ਪਛੜ ਗਿਆ ਹੈ। ਗਰੀਬੀ ਘਟਾਉਣ ਬਾਰੇ ਉਨ੍ਹਾਂ ਕਿਹਾ ਕਿ ਸਿਰਫ ਆਮਦਨ ਦਾ ਪੱਧਰ ਵਧਾਉਣ ਨਾਲ ਮਕਸਦ ਹੱਲ ਨਹੀਂ ਹੋ ਸਕਦਾ ਹੈ, ਭਾਰਤ ਵਰਗੇ ਦੇਸ਼ ਵਿੱਚ ਗਰੀਬੀ ਘਟਾਉਣ ਲਈ ਸਿਖਿਆ, ਸਿਹਤ ਸੰਭਾਲ ਅਤੇ ਸਮਾਜਕ ਸੁਰੱਖਿਆ ਮੁੱਖ ਕਾਰਕ ਹੋਣੇ ਚਾਹੀਦੇ ਹਨ।

ਇਸ ਪ੍ਰੋਗਰਾਮ ਵਿੱਚ ਨੋਬੇਲ ਪੁਰਸਕਾਰ ਜੇਤੂ ਅਮਰਤਿਆ ਸੇਨ ਵੱਲੋਂ ਜੈ ਸ੍ਰੀ ਰਾਮ ਨਾਅਰੇ ਬਾਰੇ ਕੀਤੀ ਟਿੱਪਣੀ ਤੋਂ ਨਾਰਾਜ਼ ਹੋਏ ਪੱਛਮੀ ਬੰਗਾਲ ਦੇ ਭਾਜਪਾ ਪ੍ਰਧਾਨ ਦਿਲੀਪ ਘੋਸ਼ ਨੇ ਕਿਹਾ ਕਿ ਅਮਰਤਿਆ ਸੇਨ ਜ਼ਮੀਨੀ ਹਕੀਕਤਾਂ ਤੋਂ ਜਾਣੂ ਨਹੀਂ, ਕਿਉਂਕਿ ਉਹ ਵਿਦੇਸ਼ ਵਿੱਚ ਰਹਿੰਦੇ ਹਨ। ਉਸ ਨੇ ਦੋਸ਼ ਲਾਇਆ ਕਿ ਬੁੱਧੀਜੀਵੀਆਂ ਦਾ ਇੱਕ ਵਰਗ ਪੱਛਮੀ ਬੰਗਾਲ 'ਚ ਨਾਅਰੇ ਲਾਉਣ ਵਾਲੇ ਭਾਜਪਾ ਵਰਕਰਾਂ ਦੇ ਕਤਲਾਂ ਬਾਰੇ ਅੱਖਾਂ ਮੀਟੀ ਬੈਠਾ ਹੈ। ਉਸ ਨੇ ਕਿਹਾ ਕਿ ਸੇਨ ਵਿਦੇਸ਼ 'ਚ ਹੀ ਰਹਿਣ ਤਾਂ ਸਭ ਦਾ ਭਲਾ ਹੋਵੇਗਾ। ਹੁਕਮਰਾਨ ਤ੍ਰਿਣਮੂਲ ਕਾਂਗਰਸ ਦੇ ਆਗੂ ਅਤੇ ਮੰਤਰੀ ਪੀ ਬੋਸ ਨੇ ਕਿਹਾ ਕਿ ਭਾਜਪਾ ਜੈ ਸ੍ਰੀਰਾਮ ਦਾ ਨਾਅਰਾ ਸੂਬੇ ਵਿੱਚ ਆਪਣੇ ਸਿਆਸੀ ਏਜੰਡੇ ਨੂੰ ਪੂਰਨ ਲਈ ਲਾ ਰਹੀ ਹੈ ਅਤੇ ਇਸ ਨਾਅਰੇ ਦਾ ਹਿੰਦੂ ਧਰਮ ਨਾਲ ਕਿਸੇ ਤਰ੍ਹਾਂ ਦਾ ਕੋਈ ਸੰਬੰਧ ਨਹੀਂ ਹੈ।

## ਦਿੱਲੀ ਸਿੱਖ ਕਤਲੇਆਮ ਮਾਮਲੇ ਵਿਚ ਨੌਂ ਮੁਲਜ਼ਮਾਂ ਦੀ ਰਿਹਾਈ ਦੇ ਖਿਲਾਫ ਰੀਵਿਊ ਪਟੀਸ਼ਨ ਦਾਖਲ

ਨਵੀਂ ਦਿੱਲੀ, 7 ਜੁਲਾਈ (ਪੋਸਟ ਬਿਊਰੋ)- ਸਾਲ 1984 ਵਿੱਚ ਨਿਰਦੋਸ਼ ਸਿੱਖਾਂ ਨੂੰ ਕਤਲ ਕਰਨ ਵਾਲੇ ਦੋਸ਼ੀ ਜੇਲ੍ਹਾਂ 'ਚੋਂ ਬਾਹਰ ਨਾ ਆਉਣ, ਇਸ ਲਈ ਭਾਰਤ ਸਰਕਾਰ ਦੇ ਸਾਲਿਸਿਟਰ ਜਨਰਲ ਤੁਰਾਸ਼ ਮਹਿਤਾ ਨੇ ਤਿਰਲੋਕਪੁਰੀ ਸਿੱਖ ਕਤਲੇਆਮ ਕੇਸ ਵਿੱਚ ਬਰੀ ਹੋ ਚੁੱਕੇ ਨੌਂ ਜਣਿਆਂ ਦੇ ਵਿਰੁੱਧ ਰੀਵਿਊ ਪਟੀਸ਼ਨ ਦਾਇਰ ਕੀਤੀ ਹੈ। ਸੁਪਰੀਮ ਕੋਰਟ ਇਸ ਮਾਮਲੇ 'ਤੇ ਜਲਦੀ ਹੀ ਸੁਣਵਾਈ ਕਰੇਗੀ। ਇਸੇ ਕੇਸ ਵਿੱਚ ਕੱਲ੍ਹ ਚਾਰ ਹੋਰ ਦੋਸ਼ੀਆਂ ਨੂੰ ਸੁਪਰੀਮ ਕੋਰਟ ਵਿੱਚ ਰਿਹਾਈ ਦੀ ਅਰਜ਼ੀ ਦਾਖਲ ਕੀਤੀ, ਜਿਸ ਉਪਰ ਸੁਪਰੀਮ ਕੋਰਟ ਨੇ ਸੁਣਵਾਈ 23 ਜੁਲਾਈ ਤੱਕ ਟਾਲ ਦਿੱਤੀ ਹੈ।

ਸ਼੍ਰੋਮਣੀ ਅਕਾਲੀ ਦਲ ਅਤੇ ਦਿੱਲੀ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਨੇ ਤਿਰਲੋਕਪੁਰੀ ਕੇਸ ਦੇ ਇਨ੍ਹਾਂ ਦੋਸ਼ੀਆਂ



ਦੇ ਸੁਪਰੀਮ ਕੋਰਟ ਵਿੱਚੋਂ ਬਰੀ ਹੋਣ ਮਗਰੋਂ ਕੇਂਦਰ ਸਰਕਾਰ ਨੂੰ ਜ਼ੋਰ ਦੇ ਕੇ ਕਿਹਾ ਸੀ ਕਿ 1984 ਸਿੱਖ ਕਤਲੇਆਮ ਦੇ ਜਿਹੜੇ ਦੋਸ਼ੀ ਬਰੀ ਹੋਏ ਹਨ, ਉਨ੍ਹਾਂ ਨੂੰ ਜੇਲ੍ਹ 'ਚ ਭੇਜਣ ਲਈ ਰੀਵਿਊ ਪਟੀਸ਼ਨ ਦਾਇਰ ਕੀਤੀ ਜਾਵੇ। ਇਸ 'ਤੇ ਸਰਕਾਰ ਨੇ ਭਰੋਸਾ ਦਿੱਤਾ ਸੀ ਕਿ ਜਲਦੀ ਹੀ ਰੀਵਿਊ ਪਟੀਸ਼ਨ ਦਾਇਰ ਕਰੇਗੀ। ਕੱਲ੍ਹ ਕੇਂਦਰ ਸਰਕਾਰ ਦੇ ਸਾਲੀਸਿਟਰ ਜਨਰਲ ਨੇ ਸੁਪਰੀਮ ਕੋਰਟ ਵਿੱਚ ਰੀਵਿਊ ਪਟੀਸ਼ਨ ਪੇਸ਼ ਕਰ ਦਿੱਤੀ ਹੈ। ਕੇਂਦਰ ਸਰਕਾਰ ਦੇ ਨਾਲ 1984 ਦੇ ਸਿੱਖ ਕਤਲੇਆਮ ਦੇ ਕੇਸਾਂ ਵਿੱਚ ਦਿੱਲੀ ਗੁਰਦੁਆਰਾ ਕਮੇਟੀ ਦੇ ਲੀਗਲ ਸੈਲ ਦੀ ਟੀਮ ਵੀ ਦੋਸ਼ੀਆਂ ਨੂੰ ਸਜ਼ਾਵਾਂ ਦਿਵਾਉਣ, ਜੇਲ੍ਹ 'ਚੋਂ ਬਾਹਰ ਨਾ ਆਉਣ ਦੇਣ ਅਤੇ ਬਰੀ ਹੋਏ ਦੋਸ਼ੀਆਂ ਨੂੰ ਫਿਰ ਜੇਲ੍ਹਾਂ ਵਿੱਚ ਪੁਚਾਉਣ ਲਈ ਸਰਗਰਮ ਹੈ।

ਦਿੱਲੀ ਵਿੱਚ 1984 ਸਿੱਖ ਕਤਲੇਆਮ ਦੇ ਦੋਸ਼ ਵਿੱਚ ਸੁਣਾਈ ਪੰਜ ਸਾਲ ਦੀ ਸਜ਼ਾ ਵਿਰੁੱਧ 33 ਵਿਅਕਤੀਆਂ ਨੂੰ ਸੁਪਰੀਮ ਕੋਰਟ ਵਿੱਚ ਅਪੀਲ ਦਾਇਰ ਕਰ ਕੇ ਦਿੱਲੀ ਹਾਈ ਕੋਰਟ ਦੇ ਫੈਸਲੇ ਨੂੰ ਚੁਣੌਤੀ ਦਿੱਤੀ ਹੈ। ਇਸ ਬਾਰੇ ਸੁਪਰੀਮ ਕੋਰਟ ਨੇ ਦਿੱਲੀ ਸਰਕਾਰ ਅਤੇ ਪੁਲਸ ਨੂੰ 23 ਜੁਲਾਈ ਤੱਕ ਆਪਣਾ ਪੱਖ ਪੇਸ਼ ਕਰਨ ਨੂੰ ਕਿਹਾ ਹੈ। ਇਨ੍ਹਾਂ ਵਿਅਕਤੀਆਂ ਨੂੰ ਸਿੱਖਾਂ ਦੇ ਘਰ ਸਾੜਨ, ਮਾਰਨ ਅਤੇ ਦੰਗੇ ਕਰਨ ਦੇ ਦੋਸ਼ ਵਿੱਚ ਸਜ਼ਾ ਸੁਣਾਈ ਗਈ ਹੈ।




# ਨਿਊਜ਼ੀਲੈਂਡ ਫੋਨ ਸਕੈਮ ਵਿੱਚ ਭਾਰਤੀ ਮੁੰਡਾ-ਕੁੜੀ ਫਸੇ




ਆਕਲੈਂਡ, 7 ਜੁਲਾਈ (ਪੋਸਟ ਬਿਊਰੋ)- ਨਿਊਜ਼ੀਲੈਂਡ ਵਿੱਚ ਨਕਲੀ ਫੋਨ ਕਾਲਾਂ ਜਾਂ ਨਕਲੀ ਅਦਾਰਿਆਂ ਦੇ ਵਫਦ ਬਣ ਕੇ ਲੋਕਾਂ ਤੋਂ ਅਸਲੀ ਡਾਲਰ ਲੈਣ ਦੇ ਚਰਚੇ ਆਮ ਹੁੰਦੇ ਹਨ। ਟੈਲੀਫੋਨ ਕੰਪਨੀ ਸਪਾਰਕ ਦਾ ਨਾਂਅ ਵਰਤ ਕੇ ਵੀ ਅਜਿਹਾ ਹੁੰਦਾ ਰਿਹਾ ਸੀ, ਜਿਸ ਦੇ ਸੰਬੰਧ ਵਿੱਚ ਇੱਕ 26 ਸਾਲਾ ਭਾਰਤੀ ਪੁਰਸ਼ ਹਰਸਿਮਰਨ ਸਿੰਘ ਟਿਵਾਣਾ ਅਤੇ 28 ਸਾਲਾ ਵਰੁਣਜੀਤ ਕੌਰ ਦਾ ਨਾਂਅ ਸਾਹਮਣੇ ਆਇਆ ਹੈ। ਬੀਤੇ ਸ਼ੁੱਕਰਵਾਰ ਨੂੰ ਇਨ੍ਹਾਂ ਦੋਵਾਂ ਨੂੰ ਆਕਲੈਂਡ ਜ਼ਿਲ੍ਹਾ ਅਦਾਲਤ ਵਿੱਚ ਪੇਸ਼ ਕੀਤਾ ਗਿਆ, ਜਿੱਥੇ ਹਰਸਿਮਰਨ ਸਿੰਘ ਟਿਵਾਣਾ ਨੇ ਆਪਣੇ ਆਪ ਨੂੰ ਬੇਗੁਨਾਹ ਦੱਸਿਆ ਤੇ ਵਰੁਣਜੀਤ ਕੌਰ ਨੇ ਅਜੇ ਆਪਣੀ ਅਪੀਲ ਪੇਸ਼ ਕਰਨੀ ਹੈ। ਟਿਵਾਣਾ ਨੂੰ ਪੰਜਾਬੀ ਇੰਟਰਪ੍ਰੇਟਰ ਤੇ ਵਰੁਣਜੀਤ ਕੌਰ ਨੂੰ ਹਿੰਦੀ ਇੰਟਰਪ੍ਰੇਟਰ ਚਾਹੀਦਾ ਹੈ। ਦੋਸ਼ ਹੈ ਕਿ ਦੋਵੇਂ ਰਲ ਕੇ ਅਜਿਹੇ ਸਕੈਮ ਅਤੇ ਹਵਾਲਾ ਕਾਰੋਬਾਰ ਕਰਦੇ ਸਨ।

ਮਿਲੀ ਜਾਣਕਾਰੀ ਅਨੁਸਾਰ ਵਰੁਣਜੋਤ ਕੌਰ ਵਿਦਿਆਰਥੀ ਵੀਜ਼ੇ 'ਤੇ ਆਈ ਸੀ ਅਤੇ ਇਥੇ ਉਸ ਦਾ ਪਰਵਾਰ ਦਾ ਕੋਈ ਮੈਂਬਰ ਨਹੀਂ ਹੈ। ਹਰਸਿਮਰਨ ਸਿੰਘ ਟਿਵਾਣਾ ਕੁਝ ਸਮੇਂ ਤੋਂ ਨਿਊਜ਼ੀਲੈਂਡ ਵਿੱਚ ਰਹਿ ਰਿਹਾ ਹੈ। ਦੋਵਾਂ ਦੀ ਅਗਲੀ ਤਰੀਕ ਅਕਤੂਬਰ ਦੀ ਪਈ ਹੈ। ਇਨ੍ਹਾਂ ਦੋਵਾਂ ਦੇ ਨਾਂਅ ਗੁਪਤ ਰੱਖਣ ਦੀ ਅਰਜ਼ੀ ਲਾਈ ਸੀ, ਪਰ ਅਦਾਲਤ ਨੇ ਨਹੀਂ ਮੰਨੀ। ਦੋਸ਼ ਇਹ ਲਾਇਆ ਗਿਆ ਹੈ ਕਿ ਇਹ ਬਜ਼ੁਰਗ ਲੋਕਾਂ ਨੂੰ ਨਿਸ਼ਾਨਾ ਬਣਾਉਂਦੇ ਸਨ ਤੇ ਕਿਸੇ ਨਾ ਕਿਸੇ ਤਰ੍ਹਾਂ ਪੈਸੇ ਕਢਵਾ ਲੈਂਦੇ ਸਨ। ਡਿਟੈਕਟਿਵ ਸਾਰਜੈਂਟ ਨੇ ਕਿਹਾ ਹੈ ਕਿ ਇਸ ਧੋਖਾਧੜੀ ਦਾ ਸ਼ਿਕਾਰ ਲੋਕਾਂ ਦੀਆਂ ਸ਼ਿਕਾਇਤਾਂ ਵਿੱਚ ਲਗਾਤਾਰ ਵਾਧਾ ਹੋ ਰਿਹਾ ਹੈ। ਇਹ ਜੋੜਾ ਜ਼ਿਆਦਾਤਰ ਲੈਂਡ ਲਾਈਨ ਦੇ ਫੋਨ ਨੰਬਰਾਂ ਉੱਤੇ ਨਕਲੀ ਕਾਲਰ ਬਣ ਕੇ ਫੋਨ ਕਰਦਾ ਸੀ ਤੇ ਪੈਸੇ ਲੈਣ ਲਈ ਆਕਲੈਂਡ, ਸਪੇਨ, ਜਾਪਾਨ ਤੇ ਆਸਟਰੇਲੀਆ ਆਦਿ ਥਾਵਾਂ ਦੀ ਵਰਤੋਂ ਕਰਦਾ ਸੀ। ਇਹ ਦੋਵੇਂ ਕਿੰਨੇ ਦੋਸ਼ੀ ਪਾਏ ਜਾਂਦੇ ਹਨ, ਅਦਾਲਤੀ ਫੈਸਲੇ ਤੋਂ ਬਾਅਦ ਪਤਾ ਲੱਗੇਗਾ।

ਅਮਰੀਕਾ ਵੱਲੋਂ ਪੁਸ਼ਟੀ

# ਦਾਊਦ ਇਬਰਾਹੀਮ ਇਸ ਵੇਲੇ ਪਾਕਿਸਤਾਨ ਵਿੱਚ ਮੌਜੂਦ ਹੈ ਅਤੇ ਸਿਹਤਮੰਦ ਵੀ ਹੈ



ਲੰਡਨ, 7 ਜੁਲਾਈ, (ਪੋਸਟ ਬਿਊਰੋ)- ਯੂ ਐੱਨ ਓ ਵੱਲੋਂ ਅੱਤਵਾਦੀ ਐਲਾਨਿਆ ਗਿਆ ਦਾਊਦ ਇਬਰਾਹੀਮ ਇਸ ਵਕਤ ਪਾਕਿ-ਸਤਾਨ ਵਿਚ ਹੈ ਤੇ ਸਿਹਤਮੰਦ ਵੀ ਹੈ। ਇਸ ਦੀ ਪੁਸ਼ਟੀ ਕਈ ਪਾਸਿਓਂ ਹੋਈ ਹੈ। ਕਈ ਦੇਸ਼ਾਂ ਵਿੱਚ ਚੱਲਦੇ ਦਾਊਦ ਇਬਰਾਹੀਮ ਦੇ ਗੈਰ ਕਾਨੂੰਨੀ ਧੰਦੇ ਦੇ ਮੁਖੀ ਜਾਬਿਰ ਮੋਤੀ ਨੂੰ ਅਮਰੀਕਾ ਆਪਣੀ ਕਸਟਡੀ ਵਿੱਚ ਲੈ ਕੇ ਪੁੱਛਗਿੱਛ ਕਰਨਾ ਚਾਹੁੰਦਾ ਹੈ ਤੇ ਪਾਕਿਸਤਾਨ ਉਸ ਨੂੰ ਅਮਰੀਕਾ ਭੇਜੇ ਜਾਣ ਤੋਂ ਰੋਕਣ ਦੀ ਹਰ ਕੋਸ਼ਿਸ਼ ਕਰ ਰਿਹਾ ਹੈ।

ਵਰਨਣ ਯੋਗ ਹੈ ਕਿ ਜਾਬਿਰ ਮੋਤੀ ਨੂੰ ਸਕਾਟਲੈਂਡ ਯਾਰਡ ਨੇ ਕੁਝ ਮਹੀਨੇ ਪਹਿਲਾਂ ਲੰਡਨ ਤੋਂ ਗ੍ਰਿਫ਼ਤਾਰ ਕੀਤਾ ਸੀ ਤੇ ਉਹ ਇਸ ਸਮੇਂ ਬ੍ਰਿਟੇਨ ਦੀ ਜੇਲ੍ਹ ਵਿੱਚ ਹੈ। ਮੋਤੀ ਦੀ ਦਾਊਦ ਨਾਲ ਕੁਝ ਮਹੀਨੇ ਪਹਿਲਾਂ ਦੀ ਇਕ ਤਸਵੀਰ ਸਾਹਮਣੇ ਆ ਚੁੱਕੀ ਹੈ। ਇਸ ਦੌਰਾਨ ਜਾਬਿਰ ਮੋਤੀ ਨੂੰ ਹਵਾਲਗੀ ਸਮਝੌਤੇ ਹੇਠ ਅਮਰੀਕਾ ਭੇਜੇ ਜਾਣ ਤੋਂ ਰੋਕਣ ਲਈ ਪਾਕਿ-ਸਤਾਨ ਸਰਕਾਰ ਸਾਰਾ ਜ਼ੋਰ ਲਾ ਰਹੀ ਹੈ, ਜਿਸ ਤੋਂ ਸੰਕੇਤ ਮਿਲਦੇ ਹਨ ਕਿ ਦਾਊਦ ਇਬਰਾਹੀਮ ਸਰਗਰਮ ਸਥਿਤੀ ਵਿਚ ਹੈ ਤੇ ਉਹ ਪਾਕਿ-ਸਤਾਨ ਸਰਕਾਰ ਲਈ ਕੰਮ ਦਾ ਆਦਮੀ ਗਿਣਿਆ ਜਾਂਦਾ ਹੈ।

ਅਮਰੀਕੀ ਜਾਂਚ ਏਜੰਸੀ ਐੱਫ ਬੀ ਆਈ ਨੇ ਇਸ ਦੀ ਪੁਸ਼ਟੀ ਕੀਤੀ ਹੈ ਕਿ ਦਾਊਦ ਪਾਕਿਸਤਾਨ ਵਿੱਚ ਹੀ ਹੈ ਤੇ ਉਥੋਂ ਆਪਣਾ ਨੈੱਟਵਰਕ ਚਲਾਉਂਦਾ ਹੈ। ਭਾਰਤੀ ਵਿਦੇਸ਼ ਮੰਤਰਾਲੇ ਨੇ ਐੱਫ ਬੀ ਆਈ ਦੇ ਦਾਅਵੇ ਦੀ ਪੁਸ਼ਟੀ ਕੀਤੀ ਅਤੇ ਪਾਕਿਸਤਾਨ ਦੇ ਇਨਕਾਰ ਨੂੰ ਰੱਦ ਕੀਤਾ ਹੈ। ਵਿਦੇਸ਼ ਮੰਤਰਾਲੇ ਦੇ ਬੁਲਾਰੇ ਰਵੀਸ਼ ਕੁਮਾਰ ਦੇ ਮੁਤਾਬਕ ਪਾਕਿਸਤਾਨ ਵਿੱਚ ਦਾਊਦ ਇਬਰਾਹੀਮ ਦਾ ਹੋਣਾ ਇਸ ਵੇਲੇ ਕੋਈ ਭੇਦ ਦੀ ਗੱਲ ਨਹੀਂ। ਉਸ ਨਾਲ ਜਾਬਿਰ ਮੋਤੀ ਦੀ ਕੁਝ ਮਹੀਨੇ ਪੁਰਾਣੀ ਤਸਵੀਰ ਸਾਹਮਣੇ ਆਉਣ ਨਾਲ ਪੱਕਾ ਹੋ ਗਿਆ ਹੈ ਕਿ ਦਾਊਦ ਸਿਹਤਮੰਦ ਹੈ ਅਤੇ ਪਿਛਲੇ ਸਮੇਂ ਵਿਚ ਉਸ ਦੇ ਬਿਮਾਰ ਹੋਣ ਬਾਰੇ ਜਿਹੜੀਆਂ ਖ਼ਬਰਾਂ ਫੈਲਾਈਆਂ ਗਈਆਂ ਸਨ, ਉਹ ਪਾਕਿਸਤਾਨ ਦੀ ਭੁਲੇਖਾ ਪਾਉਣ ਦੀ ਚਾਲ ਸੀ।

ਇਸ ਬਾਰੇ ਅਮਰੀਕਾ ਦੇ ਸੁਰੱਖਿਆ ਮਾਹਿਰ ਲਾਰੈਂਸ ਸੈਲਿਨ ਦਾ ਤਾਜ਼ਾ ਬਿਆਨ ਹੋਰ ਸਨਸਨੀ ਵਾਲਾ ਹੈ। ਉਨ੍ਹਾਂ ਨੇ ਸ੍ਰੀਲੰਕਾ ਵਿੱਚ ਈਸਟਰ ਸੰਡੇ ਨੂੰ ਹੋਏ ਲੜੀਵਾਰ ਬੰਬ ਧਮਾਕਿਆਂ ਦੀ ਤਾਰ ਵੀ ਦਾਊਦ ਇਬਰਾਹੀਮ ਨਾਲ ਜੋੜ ਦਿੱਤੀ ਹੈ। ਸਮਝਿਆ ਜਾਂਦਾ ਹੈ ਕਿ ਦਾਊਦ ਇਬਰਾਹੀਮ ਤੇ ਪਾਕਿਸਤਾਨੀ ਖ਼ੁਫ਼ੀਆ ਏਜੰਸੀ ਆਈ ਐੱਸ ਆਈ ਦਾ ਨਸ਼ੀਲੇ ਪਦਾਰਥਾਂ, ਅੱਤਵਾਦ ਤੇ ਜੇਹਾਦ ਦਾ ਨੈੱਟਵਰਕ ਸ੍ਰੀਲੰਕਾ ਦੇ ਬੰਬ ਧਮਾਕਿਆਂ ਲਈ ਜ਼ਿੰਮੇਵਾਰ ਹੋ ਸਕਦਾ ਹੈ। ਸੰਭਾਵਨਾ ਹੈ ਕਿ ਦਾਊਦ ਅਤੇ ਆਈ ਐੱਸ ਆਈ ਦੇ ਗਠਜੋੜ ਨੇ ਸ੍ਰੀਲੰਕਾ ਦੇ ਧਮਾਕਿਆਂ ਵਾਸਤੇ ਮਦਦ ਤੇ ਪੈਸਾ ਦਿੱਤਾ ਹੋਵੇ। ਸ੍ਰੀਲੰਕਾ ਵਿੱਚ ਹੋਏ ਧਮਾਕਿਆਂ ਦੌਰਾਨ ਢਾਈ ਸੌ ਤੋਂ ਵੱਧ ਲੋਕ ਮਾਰੇ ਗਏ ਸਨ। ਇਸ ਤੋਂ ਪਹਿਲਾਂ 1993 ਵਿੱਚ ਮੁੰਬਈ ਵਿੱਚ ਹੋਏ ਧਮਾਕਿਆਂ ਵਿੱਚ 257 ਲੋਕ ਮਾਰੇ ਗਏ ਸਨ, ਜਿਨ੍ਹਾਂ ਦਾ ਦੋਸ਼ ਪਹਿਲੀ ਵਾਰ ਦਾਊਦ ਦੇ ਨੈੱਟਵਰਕ ਉੱਤੇ ਲੱਗਾ ਸੀ।

# ਜੱਜ ਨੂੰ ਬਲੈਕਮੇਲ ਕਰ ਕੇ ਨਵਾਜ਼ ਸ਼ਰੀਫ ਨੂੰ ਸਜ਼ਾ ਕਰਵਾਉਣ ਦਾ ਦੋਸ਼ ਲੱਗਾ

ਲਾਹੌਰ, 7 ਜੁਲਾਈ, (ਪੋਸਟ ਬਿਊਰੋ)- ਪਾਕਿਸਤਾਨ ਮੁਸਲਿਮ ਲੀਗ ਨਵਾਜ਼ (ਪੀ ਐੱਮ ਐੱਲ-ਐੱਨ) ਦੀ ਆਗੂ ਅਤੇ ਨਵਾਜ਼ ਸ਼ਰੀਫ ਦੀ ਧੀ ਮਰੀਅਮ ਨੇ ਦੋਸ਼ ਲਾਇਆ ਹੈ ਕਿ ਉਨ੍ਹਾਂ ਦੇ ਪਿਤਾ ਨਵਾਜ਼ ਸ਼ਰੀਫ ਦੇ ਖ਼ਿਲਾਫ਼ ਫ਼ੈਸਲਾ ਦੇਣ ਵਾਲੇ ਜੱਜ ਨੂੰ ਬਲੈਕਮੇਲ ਕੀਤਾ ਗਿਆ ਸੀ। ਮਰੀਅਮ ਨੇ ਇਕ ਵੀਡੀਓ ਜਾਰੀ ਕੀਤਾ ਹੈ, ਜਿਸ ਵਿਚ ਜਵਾਬਦੇਹੀ ਅਦਾਲਤ ਦੇ ਜੱਜ ਅਰਸ਼ਦ ਮਲਿਕ ਨੇ ਮੰਨਿਆ ਕਿ ਨਵਾਜ਼ ਸ਼ਰੀਫ਼ ਨੂੰ ਸਜ਼ਾ ਸੁਣਾਉਣ ਲਈ ਉਨ੍ਹਾਂ ਨੂੰ ਧਮਕੀ ਦਿੱਤੀ ਗਈ ਸੀ। ਦੂਸਰੇ ਪਾਸੇ ਜੱਜ ਨੇ ਇਸ ਵੀਡੀਓ ਨੂੰ ਫਰਜ਼ੀ ਦੱਸ ਕੇ ਕਿਹਾ ਹੈ ਕਿ ਉਨ੍ਹਾਂ ਉੱਤੇ ਕਿਸੇ ਤਰ੍ਹਾਂ ਦਾ ਦਬਾਅ ਨਹੀਂ ਸੀ।

ਵਰਨਣ ਯੋਗ ਹੈ ਕਿ ਸਾਬਕਾ ਪ੍ਰਧਾਨ ਮੰਤਰੀ ਨਵਾਜ਼ ਸ਼ਰੀਫ ਇਸ ਵੇਲੇ ਲਾਹੌਰ ਦੀ ਕੋਟ ਲੱਖਪਤ ਜੇਲ੍ਹ ਵਿੱਚ ਸਜ਼ਾ ਕੱਟ ਰਹੇ ਹਨ। ਉਨ੍ਹਾਂ ਨੂੰ ਪਿਛਲੇ ਸਾਲ ਅਲ-ਅਜ਼ੀਜ਼ੀਆ ਸਟੀਲ ਮਿੱਲ ਭ੍ਰਿਸ਼ਟਾਚਾਰ ਕੇਸ ਵਿਚ ਸੱਤ ਸਾਲ ਕੈਦ ਦੀ ਸਜ਼ਾ ਕੀਤੀ ਗਈ ਸੀ। ਲੰਡਨ ਵਿਚ ਆਲੀਸ਼ਾਨ ਫਲੈਟ ਦੇ ਕੇਸ ਵਿਚ ਵੀ ਉਨ੍ਹਾਂ ਨੂੰ ਸਜ਼ਾ ਸੁਣਾਈ ਗਈ ਹੈ। ਨਵਾਜ਼ ਤੇ ਉਨ੍ਹਾਂ ਦਾ ਪਰਿਵਾਰ ਭ੍ਰਿਸ਼ਟਾਚਾਰ ਦੇ ਦੋਸ਼ਾਂ ਨੂੰ ਰਾਜਨੀਤੀ ਤੋਂ ਪ੍ਰੇਰਿਤ ਦੱਸਦਾ ਹੈ। ਕੱਲ੍ਹ ਨਵਾਜ਼ ਸ਼ਰੀਫ ਦੀ ਧੀ ਮਰੀਅਮ ਨੇ ਲਾਹੌਰ ਵਿਚ ਪ੍ਰੈੱਸ ਕਾਨਫਰੰਸ ਦੌਰਾਨ ਕਿਹਾ ਕਿ ਉਨ੍ਹਾਂ ਦੇ ਪਿਤਾ ਖ਼ਿਲਾਫ਼ ਇਹ ਕੇਸ ਨਿਰਪੱਖ ਨਹੀਂ ਸੀ। ਉਨ੍ਹਾਂ ਵੱਲੋਂ ਜਾਰੀ ਕੀਤੇ ਵੀਡੀਓ ਵਿਚ ਜੱਜ ਮਲਿਕ ਪੀ ਐੱਮ ਐੱਲ-ਐੱਨ ਦੇ ਸਮੱਰਥਕ ਨਾਸਿਰ ਬੱਟ ਨੂੰ ਦੱਸਦਾ ਹੈ ਕਿ ਨਵਾਜ਼ ਸ਼ਰੀਫ ਨੂੰ ਸਜ਼ਾ ਦੇਣ ਲਈ ਉਨ੍ਹਾਂ ਨੂੰ ਬਲੈਕਮੇਲ ਕੀਤਾ ਗਿਆ ਸੀ ਤੇ ਸ਼ਰੀਫ ਦੇ ਖ਼ਿਲਾਫ਼ ਸਬੂਤ ਕੋਈ ਨਹੀਂ ਸੀ। ਜੱਜ ਅਰਸ਼ਦ ਨੇ ਨਵਾਜ਼ ਸ਼ਰੀਫ ਨੂੰ ਅਲ-ਅਜ਼ੀਜ਼ੀਆ ਕੇਸ ਦੀ ਸਜ਼ਾ ਸੁਣਾਈ ਸੀ। ਮਰੀਅਮ ਨੇ ਇਹ ਵੀ ਦਾਅਵਾ ਕੀਤਾ ਹੈ ਕਿ ਨਵਾਜ਼ ਸ਼ਰੀਫ ਨੂੰ ਜੇਲ੍ਹ ਭੇਜਣ ਉੱਤੇ ਜੱਜ ਮਲਿਕ ਪਛਤਾਵੇ ਵਿਚ ਹਨ ਤੇ ਉਨ੍ਹਾਂ ਨੇ ਕਈ ਵਾਰ ਖ਼ੁਦਕੁਸ਼ੀ ਕਰਨ ਦੀ ਕੋਸ਼ਿਸ ਕੀਤੀ ਸੀ।

ਦੂਸਰੇ ਪਾਸੇ ਜੱਜ ਮਲਿਕ ਨੇ ਮਰੀਅਮ ਦੇ ਦਾਅਵੇ ਨੂੰ ਰੱਦ ਕਰਦੇ ਹੋਏ ਕਿਹਾ ਕਿ ਸਬੂਤਾਂ ਦੇ ਆਧਾਰਤ ਉੱਤੇ ਹੀ ਨਵਾਜ਼ ਸ਼ਰੀਫ ਨੂੰ ਸਜ਼ਾ ਸੁਣਾਈ ਗਈ ਸੀ, ਜੇ ਮੈਂ ਕਿਸੇ ਦਬਾਅ ਵਿਚ ਹੁੰਦਾ ਤਾਂ ਉਨ੍ਹਾਂ ਨੂੰ ਇਕ ਹੋਰ ਕੇਸ ਵਿਚ ਬਰੀ ਨਾ ਕਰਦਾ।' ਇਸ ਦੌਰਾਨ ਪ੍ਰਧਾਨ ਮੰਤਰੀ ਇਮਰਾਨ ਖ਼ਾਨ ਦੇ ਇੱਕ ਵਿਸ਼ੇਸ਼ ਸਹਿਯੋਗੀ ਫਿਰਦੌਸ ਆਸ਼ਿਕ ਅਵਾਨ ਨੇ ਵੀ ਇਸ ਤਰ੍ਹਾਂ ਵੀਡੀਓ ਦੇ ਅਸਲੀ ਹੋਣ ਉੱਤੇ ਸਵਾਲ ਉਠਾਏ ਹਨ।

# ਭਾਰਤੀ-ਅਮਰੀਕੀ ਨੂੰ ਧੋਖਾਧੜੀ ਦੇ ਕੇਸ ਵਿੱਚ ਸਿੰਗਾਪੁਰ ਵਿੱਚ 13 ਸਾਲ ਜੇਲ੍ਹ



ਸਿੰਗਾਪੁਰ, 7 ਜੁਲਾਈ (ਪੋਸਟ ਬਿਊਰੋ)- ਭਾਰਤੀ ਮੂਲ ਦੇ ਇੱਕ ਨਿੱਜੀ ਬੈਂਕਰ ਨੂੰ ਜਾਲਸਾਜ਼ੀ ਤੇ ਧੋਖਾਧੜੀ ਦੇ 20 ਅਤੇ ਹੋਰ 30 ਦੋਸ਼ ਮੰਨਣ ਦੇ ਬਾਅਦ ਕੰਪਿਊਟਰ ਦੁਰਵਰਤੋਂ ਕਾਨੂੰਨ ਹੇਠ 13 ਸਾਲ ਸਜ਼ਾ ਸੁਣਾਈ ਗਈ ਹੈ।

ਸਟੇਟ ਟਾਈਮਜ਼ ਦੀ ਖਬਰ ਅਨੁਸਾਰ ਕੇਲ ਜਗਦੀਸ਼ ਪੁਰਸ਼ੋਤਮ ਨੇ ਜੂਨ 2010 ਤੋਂ ਜਨਵਰੀ 2015 ਦੇ ਵਿਚਾਲੇ ਬਾਰਕਲੇਜ਼ ਬੈਂਕ ਦੇ ਗਾਹਕਾਂ ਦੇ ਖਾਤਿਆਂ ਵਿੱਚੋਂ ਇੱਕ ਕਰੋੜ ਡਾਲਰ ਦਾ ਗਬਨ ਕੀਤਾ ਸੀ। ਉਸ ਨੂੰ ਸਜ਼ਾ ਸੁਣਾਉਂਦੇ ਹੋਏ ਇਸ ਤਰ੍ਹਾਂ ਦੇ ਹੋਰ 503 ਕੇਸਾਂ ਉੱਤੇ ਵੀ ਗੌਰ ਕੀਤਾ ਗਿਆ ਹੈ। ਪੁਰਸ਼ੋਤਮ ਨੇ ਪੁਰਾਣੇ ਗਾਹਕਾਂ ਨੂੰ ਪੈਸੇ ਅਦਾ ਕਰਨ ਲਈ ਆਪਣੇ ਮੌਜੂਦਾ ਗਾਹਕਾਂ ਦੇ ਨਕਲੀ ਦਸਖਤ ਕਰ ਕੇ ਇੱਕ ਕਰੋੜ ਡਾਲਰ ਦਾ ਗਬਨ ਕੀਤਾ ਤੇ ਉਸ ਨੇ ਰਾਸ਼ੀ ਦੀ ਵਸੂਲੀ ਲਈ ਕਈ ਗੈਰ ਕਾਨੂੰਨੀ ਲੈਣ-ਦੇਣ ਕੀਤੇ। ਏਦਾਂ ਕਰਨ ਵਿੱਚ ਉਹ ਨਾਕਾਮ ਰਿਹਾ ਅਤੇ ਇਸ ਵਿੱਚ ਘੱਟੋ-ਘੱਟ 1 ਕਰੋੜ ਡਾਲਰ ਦਾ ਨੁਕਸਾਨ ਹੋਇਆ। ਫਰਵਰੀ 2010 ਵਿੱਚ ਬ੍ਰਿਟਿਸ਼ ਬੈਂਕ ਵਿੱਚ ਨੌਕਰੀ ਸ਼ੁਰੂ ਕਰਨ ਤੋਂ ਪਹਿਲਾਂ ਪੁਰਸ਼ੋਤਮ ਨੇ ਯੂ ਬੀ ਐੱਸ ਸਿੰਗਾਪੁਰ ਲਈ ਕੰਮ ਕੀਤਾ ਸੀ, ਜਿੱਥੇ ਉਹ ਰੈੱਡ ਓਕ ਕੰਪਨੀ ਦਾ ਪ੍ਰਬੰਧਕ ਸੀ। ਕੰਪਨੀ ਨੇ ਉਸ 'ਤੇ ਦੋਸ਼ ਲਾਇਆ ਸੀ ਕਿ ਬੈਂਕ ਖਾਤੇ ਵਿੱਚ ਮੌਜੂਦ ਪੈਸਿਆਂ ਦੀ ਦੁਰਵਰਤੋਂ ਕਰ ਕੇ ਉਸ ਨੇ ਅਣਅਧਿਕਾਰਤ ਵਿਦੇਸ਼ੀ ਕਰੰਸੀ ਦਾ ਲੈਣ ਦੇਣ ਕੀਤਾ। ਉਸ ਦੇ ਵਕੀਲ ਦੇ ਮੁਤਾਬਕ ਪੁਰਸ਼ੋਤਮ ਨੇ ਕਾਰਵਾਈ ਤੋਂ ਬਚਣ ਲਈ ਰੈੱਡ ਓਕ ਨੂੰ 1.4 ਕਰੋੜ ਡਾਲਰ ਦੇਣ ਦੀ ਗੱਲ ਮੰਨੀ ਸੀ। ਰੈੱਡ ਓਕ ਨੂੰ ਪੈਸੇ ਪੁਰਸ਼ੋਤਮ ਨੇ ਬਾਰਕਲੇਜ਼ ਬੈਂਕ ਦੇ ਗਾਹਕਾਂ ਦੇ ਖਾਤਿਆਂ 'ਚੋਂ ਦਿੱਤੇ।

# ਬ੍ਰਿਟੇਨ ਦੇ ਪ੍ਰਧਾਨ ਮੰਤਰੀ ਤੇ ਕੰਜ਼ਰਵੇਟਿਵ ਨੇਤਾ ਦੀ ਚੋਣ ਦੇ ਲਈ ਬੈਲੇਟ ਜਾਰੀ ਹੋਣ ਲੱਗੇ

ਲੰਡਨ, 7 ਜੁਲਾਈ (ਪੋਸਟ ਬਿਊਰੋ)- ਬ੍ਰਿਟੇਨ ਦੇ ਅਗਲੇ ਪ੍ਰਧਾਨ ਮੰਤਰੀ ਤੇ ਕੰਜ਼ਰਵੇਟਿਵ ਪਾਰਟੀ ਦੇ ਨੇਤਾ ਦੀ ਚੋਣ ਲਈ ਪਾਰਟੀ ਮੈਂਬਰਾਂ ਨੂੰ ਬੈਲੇਟ ਪੇਪਰ ਮਿਲਣੇ ਸ਼ੁਰੂ ਹੋ ਗਏ ਹਨ। ਕੰਜ਼ਰਵੇਟਿਵ ਪਾਰਟੀ ਦੇ 16000 ਮੈਂਬਰਾਂ ਨੂੰ ਆਪਣਾ ਨੇਤਾ ਚੁਣਨ ਲਈ ਬੈਲੇਟ ਪੇਪਰ ਡਾਕ ਰਾਹੀਂ ਭੇਜੇ ਗਏ ਹਨ। ਪਤਾ ਲੱਗਾ ਹੈ ਕਿ ਕਈ ਮੈਂਬਰਾਂ ਨੂੰ ਗਲਤੀ ਨਾਲ 2 ਬੈਲੇਟ ਪੇਪਰ ਮਿਲ ਗਏ ਹਨ। ਕੰਜ਼ਰਵੇਟਿਵ ਪਾਰਟੀ ਨੇ ਦੋ ਬੈਲਟ ਪੇਪਰ ਭੇਜਣ ਵਾਲਿਆਂ ਨੂੰ ਪਾਰਟੀ 'ਚੋਂ ਕੱਢਣ ਦੀ ਚਿਤਾਵਨੀ ਦਿੱਤੀ ਹੈ। ਪਾਰਟੀ ਨੇਤਾ ਤੇ ਪ੍ਰਧਾਨ ਮੰਤਰੀ ਬਣਨ ਲਈ ਸਾਬਕਾ ਤੇ ਮੌਜੂਦਾ ਵਿਦੇਸ਼ ਮੰਤਰੀ ਬੌਰਿਸ ਜੌਹਨਸਨ ਅਤੇ ਜੈਰਮੀ ਹੰਟ ਮੈਦਾਨ ਵਿੱਚ ਹਨ। ਬੈਲੇਟ ਪੇਪਰ 22 ਜੁਲਾਈ ਤੱਕ ਮੁੜਨਗੇ ਤੇ 23 ਜੁਲਾਈ ਨੂੰ ਨਤੀਜਾ ਆਵੇਗਾ।

ਵਰਨਣ ਯੋਗ ਹੈ ਕਿ ਬ੍ਰੈਗਜ਼ਿਟ ਨੂੰ ਲੈ ਕੇ ਬ੍ਰਿਟੇਨ ਦੀ ਸਿਆਸਤ ਵਿਚਲੇ ਸਿਆਸੀ ਭੂਚਾਲ ਕਾਰਨ ਪ੍ਰਧਾਨ ਮੰਤਰੀ ਥੈਰੀਸਾ ਮੇਅ ਨੇ 24 ਮਈ ਨੂੰ ਅਸਤੀਫਾ ਦੇ ਦਿੱਤਾ ਸੀ ਅਤੇ ਰਸਮੀ ਤੌਰ ਉਤੇ ਸੱਤ ਜੂਨ ਨੂੰ ਅਹੁਦੇ ਤੋਂ ਹਟਣ ਪਿੱਛੋਂ ਉਹ ਕਾਰਜਕਾਰੀ ਪ੍ਰਧਾਨ ਮੰਤਰੀ ਵਜੋਂ ਸੇਵਾਵਾਂ ਦੇ ਰਹੇ ਹਨ। ਨਵੇਂ ਪ੍ਰਧਾਨ ਮੰਤਰੀ ਕੋਲ ਵੀ ਬ੍ਰੈਗਜ਼ਿਟ (ਯੂਰਪੀਨ ਯੂਨੀਅਨ ਤੋਂ ਐਗਜ਼ਿਟ) ਕਰਨ ਵਾਲਾ ਰਾਹ ਸੁਖਾਲਾ ਨਹੀਂ, ਪਰ ਬ੍ਰਿਟੇਨ ਦੇ ਲੋਕ ਇਸ ਦਾ ਜਲਦੀ ਨਬੇੜਾ ਚਾਹੁੰਦੇ ਹਨ। ਬ੍ਰੈਗਜ਼ਿਟ ਬਾਰੇ ਲੋਕਾਂ ਦੀ ਰਾਏ ਵੱਖ-ਵੱਖ ਹੈ, ਪਰ ਬਹੁਤੇ ਲੋਕ ਖਾਸ ਤੌਰ 'ਤੇ ਕਾਰੋਬਾਰੀ ਇਹ ਕਹਿ ਰਹੇ ਹਨ ਕਿ ਉਹ ਇੱਕ ਥਾਂ ਥੰਮ੍ਹ ਕੇ ਨਹੀਂ ਰਹਿ ਸਕਦੇ, ਜਲਦੀ ਇਸ ਦਾ ਆਰ ਜਾਂ ਪਾਰ ਦਾ ਨਬੇੜਾ ਚਾਹੀਦਾ ਹੈ। ਬ੍ਰਿਟੇਨ ਦੇ ਯੂਰਪੀ ਯੂਨੀਅਨ ਤੋਂ ਵੱਖ ਹੋਣ ਲਈ 31 ਅਕਤੂਬਰ ਦਾ ਦਿਨ ਮਿਥਿਆ ਗਿਆ ਹੈ। ਪਹਿਲਾਂ ਇਹ 29 ਮਾਰਚ 2019 ਰਾਤ 11 ਵਜੇ ਦਾ ਸਮਾਂ ਸੀ।

# ਭਾਰਤੀ ਮੂਲ ਦੀ ਮਹਿਲਾ ਅਫਸਰ ਵੱਲੋਂ ਯੂ ਕੇ ਪੁਲਸ ਉੱਤੇ ਕਾਨੂੰਨੀ ਕਾਰਵਾਈ ਸ਼ੁਰੂ



ਲੰਡਨ, 7 ਜੁਲਾਈ (ਪੋਸਟ ਬਿਊਰੋ)- ਬ੍ਰਿਟੇਨ ਦੀ ਸਭ ਤੋਂ ਸੀਨੀਅਰ ਭਾਰਤੀ ਮੂਲ ਦੀ ਮਹਿਲਾ ਪੁਲਸ ਅਫਸਰ ਪਰਮ ਸੰਧੂ ਨੇ ਸਕਾਟਲੈਂਡ ਯਾਰਡ (ਯੂ ਕੇ ਪੁਲਸ) ਦੇ ਖਿਲਾਫ ਨਸਲੀ ਅਤੇ ਲਿੰਗਕ ਵਿਤਕਰੇ ਦੇ ਦੋਸ਼ ਲਾਉਂਦੇ ਹੋਏ ਕਾਨੂੰਨੀ ਚਾਰਾਜੋਈ ਸ਼ੁਰੂ ਕੀਤੀ ਹੈ। ਮੈਟਰੋਪਾਲੀਟਨ ਪੁਲਸ ਵਿੱਚ ਆਰਜ਼ੀ ਚੀਫ ਸੁਪਰਡੈਂਟ ਪਰਮ ਸੰਧੂ (54) ਦਾ ਦਾਅਵਾ ਹੈ ਕਿ ਉਸ ਨੂੰ ਕੰਮ ਦੌਰਾਨ ਨਸਲੀ ਅਤੇ ਲਿੰਗ ਵਿਤਕਰਾ ਭੁਗਤਣਾ ਪਿਆ, ਜਿਸ ਕਾਰਨ ਉਸ ਨੂੰ ਤਰੱਕ ਤੇ ਅੱਗੇ ਵਧਣ ਦੇ ਮੌਕੇ ਨਹੀਂ ਦਿੱਤੇ ਗਏ। ਇਸ ਕੇਸ ਦੀ ਪਹਿਲੀ ਸੁਣਵਾਈ ਅਗਲੇ ਹਫਤੇ ਰੁਜ਼ਗਾਰ ਟ੍ਰਿਬਿਊਨਲ ਵਿੱਚ ਹੋਵੇਗੀ।

ਮੈਟਰੋਪੋਲੀਟਨ ਪੁਲਸ ਨੇ ਇੱਕ ਬਿਆਨ ਰਾਹੀਂ ਕਿਹਾ ਕਿ ਕੇਸ ਦੇ ਸ਼ੁਰੂਆਤੀ ਦੌਰ ਵਿੱਚ ਇਸ ਦਾਅਵੇ ਬਾਰੇ ਕੋਈ ਟਿੱਪਣੀ ਨਹੀਂ ਕੀਤੀ ਜਾ ਸਕਦੀ। ਪਰਮ ਸੰਧੂ ਨੂੰ ਮੈਟਰੋਪੋਲੀਟਨ ਬਲੈਕ ਪੁਲਸ ਐਸੋਸੀਏਸ਼ਨ ਦਾ ਸਮਰਥਨ ਮਿਲ ਰਿਹਾ ਹੈ, ਜਿਸ ਦਾ ਕਹਿਣਾ ਹੈ ਕਿ ਉਹ ਘੱਟਗਿਣਤੀ ਭਾਈਚਾਰੇ ਦੀਆਂ ਸੀਨੀਅਰ ਮਹਿਲਾ ਅਫਸਰਾਂ ਦੀ ਘਾਟ ਕਾਰਨ ਚਿੰਤਤ ਹਨ। ਮਹਿਲਾ ਪੁਲਸ ਅਫਸਰ ਨੇ ਆਪਣੇ ਖਿਲਾਫ ਚੱਲਦੀ ਮੈਟਰੋਪੋਲੀਟਨ ਪੁਲਸ ਦੀ ਜਾਂਚ ਮੁਕੰਮਲ ਹੋਣ ਤੋਂ ਬਾਅਦ ਇਹ ਕਾਨੂੰਨੀ ਕਾਰਵਾਈ ਸ਼ੁਰੂ ਕੀਤੀ ਹੈ। ਉਸ 'ਤੇ ਦੋਸ਼ ਲੱਗੇ ਸਨ ਕਿ ਉਸ ਨੇ ਕੁਈਨਜ਼ ਪੁਲਸ ਮੈਡਲ ਦੀ ਨਾਮਜ਼ਦਗੀ ਲਈ ਆਪਣੇ ਸਾਥੀਆਂ ਨੂੰ ਉਸ ਦੀ ਮਦਦ ਕਰਨ ਲਈ ਪਰੇਰਿਆ ਸੀ। ਜਾਂਚ ਦੌਰਾਨ ਉਸ ਦੀ ਡਿਊਟੀ 'ਤੇ ਵੀ ਕੁਝ ਪਾਬੰਦੀਆਂ ਲਾਈਆਂ ਗਈਆਂ ਸਨ। ਇਸ ਜਾਂਚ ਦੌਰਾਨ ਦੋਸ਼ ਸਾਬਤ ਨਾ ਹੋਣ ਕਾਰਨ ਸੰਧੂ ਤੋਂ ਡਿਊਟੀ 'ਤੇ ਲਾਈਆਂ ਪਾਬੰਦੀਆਂ ਹਟਾ ਦਿੱਤੀਆਂ ਗਈਆਂ ਹਨ। ਬੀ ਬੀ ਸੀ ਅਨੁਸਾਰ ਡਰਬੀਸ਼ਾਇਰ ਪੁਲਸ ਦੇ ਸਾਬਕਾ ਮੁੱਖ ਕਾਂਸਟੇਬਲ ਮਿੱਕ ਕਰੀਡਨ ਨੇ ਉਸ ਨੂੰ ਕਾਨੂੰਨੀ ਕਾਰਵਾਈ ਵਿੱਚ ਸਾਥ ਦੇਣ ਦੀ ਪੇਸ਼ਕਸ਼ ਕੀਤੀ ਹੈ।

# ਟਰੰਪ ਨੇ ਅਮਰੀਕਾ ਦਾ ਆਜ਼ਾਦੀ ਦਿਵਸ ਫੌਜੀ ਪਰੇਡ ਨਾਲ ਮਨਾਏ ਜਾਣ ਦਾ ਮੁੱਢ ਬੰਨ੍ਹਿਆ

ਵਾਸ਼ਿੰਗਟਨ, 7 ਜੁਲਾਈ, (ਪੋਸਟ ਬਿਊਰੋ)- ਰਾਸ਼ਟਰਪਤੀ ਡੋਨਾਲਡ ਟਰੰਪ ਨੇ ਪਿਛਲੀ ਰਿਵਾਇਤ ਤੋਂ ਹਟ ਕੇ ਅਮਰੀਕਾ ਦਾ ਆਜ਼ਾਦੀ ਦਿਵਸ ਅੱਜ ਫ਼ੌਜੀ ਪਰੇਡ ਨਾਲ ਮਨਾਇਆ ਹੈ, ਜਿਸ ਵਿੱਚ ਅਮਰੀਕੀ ਜੰਗੀ ਜਹਾਜ਼ਾਂ ਤੇ ਟੈਂਕਾਂ ਦਾ ਪ੍ਰਦਰਸ਼ਨ ਕੀਤਾ ਗਿਆ। ਇਸ ਖ਼ਾਸ ਮੌਕੇ ਉਨ੍ਹਾਂ ਭਾਸ਼ਣ ਵੀ ਦਿੱਤਾ। ਉਹ ਪਿਛਲੇ 70 ਸਾਲਾਂ ਵਿੱਚ ਅਜਿਹਾ ਕਰਨ ਵਾਲੇ ਅਮਰੀਕਾ ਦੇ ਪਹਿਲੇ ਰਾਸ਼ਟਰਪਤੀ ਬਣ ਗਏ ਹਨ। ਵਿਰੋਧੀ ਧਿਰ ਡੈਮੋਕ੍ਰੇਟਿਕ ਪਾਰਟੀ ਦੇ ਆਗੂਆਂ ਨੇ ਇਸ ਦੀ ਆਲੋਚਨਾ ਕੀਤੀ ਅਤੇ ਦੋਸ਼ ਲਾਇਆ ਕਿ ਟਰੰਪ ਦੇਸ਼ ਦੀ ਆਜ਼ਾਦੀ ਦਾ ਸਿਆਸੀਕਰਨ ਕਰ ਰਹੇ ਹਨ।

ਅਮਰੀਕਾ ਚਾਰ ਜੁਲਾਈ 1876 ਨੂੰ ਬ੍ਰਿਟੇਨ ਕੋਲੋਂ ਆਜ਼ਾਦ ਹੋਇਆ ਸੀ। ਰਾਜਧਾਨੀ ਵਾਸ਼ਿੰਗਟਨ ਵਿਚਲੇ ਲਿੰਕਨ ਮੈਮੋਰੀਅਲ ਤੋਂ ਆਪਣੇ 47 ਮਿੰਟ ਦੇ ਭਾਸ਼ਣ ਵਿੱਚ ਟਰੰਪ ਨੇ ਕਿਹਾ, 'ਅਮਰੀਕੀਆਂ ਲਈ ਕੁਝ ਵੀ ਅਸੰਭਵ ਨਹੀਂ। ਸਾਡਾ ਦੇਸ਼ ਅੱਜ ਜਿੰਨਾ ਮਜ਼ਬੂਤ ਹੈ, ਓਨਾ ਪਹਿਲਾਂ ਕਦੇ ਨਹੀਂ ਸੀ। ਇਹ ਅਮਰੀਕੀ ਫੌਜ ਤੇ ਜਨਰਲਾਂ ਨੂੰ ਸਲਾਮ ਕਰਨ ਦਾ ਮੌਕਾ ਹੈ।' ਇਸ ਫੌਜੀ ਪਰੇਡ ਵਿੱਚ ਬੰਬਾਰ ਬੀ-2 ਅਤੇ ਐੱਫ-35 ਜੰਗੀ ਜਹਾਜ਼ਾਂ ਨੇ ਵਾਸ਼ਿੰਗਟਨ ਦੇ ਅਸਮਾਨ ਵਿੱਚ ਉਡਾਣ ਭਰੀ ਅਤੇ ਨਵੇਂ ਅਬ੍ਰਾਹਮ ਅਤੇ ਸ਼ਰਮਨ ਟੈਂਕ ਵੀ ਪ੍ਰਦਰਸ਼ਿਤ ਕੀਤੇ ਗਏ।

ਅਸਲ ਵਿੱਚ ਅਮਰੀਕਾ ਦੇ ਆਜ਼ਾਦੀ ਦਿਵਸ ਮੌਕੇ ਫੌਜੀ ਪਰੇਡ ਦੀ ਪਰੰਪਰਾ ਨਹੀਂ ਹੈ। ਡੋਨਾਲਡ ਟਰੰਪ ਤੋਂ ਪਹਿਲੇ ਰਾਸ਼ਟਰਪਤੀ ਆਜ਼ਾਦੀ ਦਿਵਸ ਸਮਾਰੋਹ ਤੋਂ ਦੂਰ ਰਹੇ ਸਨ। ਇਸ ਦਿਨ ਆਮ ਤੌਰ ਉੱਤੇ ਆਤਿਸ਼ਬਾਜ਼ੀ ਕੀਤੀ ਜਾਂਦੀ ਹੈ। ਵਾਸ਼ਿੰਗਟਨ ਵਿੱਚ ਇਕ ਵਾਰ ਫੌਜੀ ਪਰੇਡ ਖਾੜੀ ਜੰਗ ਖ਼ਤਮ ਹੋਣ ਪਿੱਛੋਂ ਜੂਨ 1991 ਵਿੱਚ ਹੋਈ ਸੀ। ਟਰੰਪ ਦੇ ਦਿਮਾਗ਼ ਵਿੱਚ ਫੌਜੀ ਪਰੇਡ ਦਾ ਖ਼ਿਆਲ 2017 ਵਿੱਚ ਫਰਾਂਸ ਦੇ ਰਾਸ਼ਟਰੀ ਦਿਵਸ ਵਿੱਚ ਸ਼ਾਮਲ ਹੋਣ ਵੇਲੇ ਆਇਆ ਸੀ, ਪਰ ਓਦੋਂ ਉਨ੍ਹਾਂ ਨੂੰ ਲੋਕਾਂ ਦੇ ਵਿਰੋਧ ਕਾਰਨ ਇਹ ਸੋਚ ਛੱਡਣੀ ਪਈ ਸੀ। ਅੱਜ ਵੀ ਡੋਨਾਲਡ ਟਰੰਪ ਦੇ ਸੰਬੋਧਨ ਮੌਕੇ ਵ੍ਹਾਈਟ ਹਾਊਸ ਦੇ ਸਾਹਮਣੇ ਪ੍ਰਦਰਸ਼ਨਕਾਰੀਆਂ ਨੇ ਅਮਰੀਕੀ ਝੰਡਾ ਸਾੜਿਆ ਅਤੇ ਇਸ ਦੌਰਾਨ ਟਰੰਪ ਸਮਰਥਕਾਂ ਤੇ ਵਿਰੋਧੀਆਂ ਵਿਚਕਾਰ ਹੋਈ ਝੜਪ ਵਿੱਚ ਅਮਰੀਕੀ ਖ਼ੁਫ਼ੀਆ ਸੇਵਾ ਦੇ ਦੋ ਅਧਿਕਾਰੀ ਜ਼ਖ਼ਮੀ ਹੋ ਗਏ ਹਨ।


Honesty, Reliability, Commitment
Hira Randhawa
Broker
HomeLife SilverCity
• 1 yr Home Warranty
• 40% Discount on Brand Name
• Appliances & Furniture
• Free Evaluation & Lowest Commission
www.hirarandhawa.com
hirarandhawa@yahoo.ca
"OPEN HOUSE UNTIL SOLD"
For all your Real Estate needs: 416.319.0551 or 905.913.8585

$634,900
Sandalwood & Conestoga
Stunning Detached Home With Single Car Garage, 3 Bedroom, 2 Washrooms, Fully Renovated Top To Bottom To Thousands Spent On Renovation, Nestled On A Quiet, Family Friendly Street Close To Park, School, Hwy 410, Shopping, School & Other Amenities.

$729,900
Dixie/Octillo
Immaculate 3 Bedroom Semi With 1 Br Fin Basement On A 30 Ft Lot . Hardwood Flooring (No Carpet In Entire House), Separate Living/Family, Eat-In-Kitchen, 2 Full Washrooms On 2nd Floor, Extended Driveway ,Concrete Work On Side And Backyard And Much More!

$739,913
Charleston Side Rd/Main St.
Detached Home On Well Landscaped. Huge Corner Lot W/Private Backyard In Historic Town Of Alton With Finished Double Car Garage. 3 Bedroom Upstairs, 2 Full Washrooms W/4 Pc Bath, Master Bedroom, New Roof 2018 & etc.

$775,000
Charolais/Chinguacousy Rd
Renovated Bungalow, 3 Good Size Bedrooms Plus Den + 2 Bed Finished Basement W/Separate Entrance With Appliances, New Upgraded Kitchen + 3 Newly Renovated Bathrooms + New Hardwood Floors Very Close To Hwy, etc.

Call For:
RESP,
SUPER
-VISA,&
TRAVEL
Insurance
H.Randhawa
416-319-0551

FIRST CHOICE FINANCIAL LIMITED
TRUCK LOANS
ਟਰੱਕ ਲੋਨ ਅਪਰੂਵਲ ਸਿਰਫ 2 ਘੰਟਿਆਂ ਦੇ ਅੰਦਰ-ਅੰਦਰ
ਹਰ ਤਰ੍ਹਾਂ ਦੇ ਨਵੇਂ ਤੇ ਪੁਰਾਣੇ ਟਰੱਕ ਤੇ ਟ੍ਰੇਲਰ ਦੀ Financing
○ Low Down payment/Flexible Terms
○ Large Inventory of New Trucks & Trailers
○ Quick Approvals ○ Honest Service
○ Best Rate in Town ○ Offices all over Canada
For more Information Contact
Rajdeep: 647.707.4167
Office: 905.678.2424

MICHELIN Hankook Continental ROADLUX BFGoodrich AEOLUS COMPASAL
BEST TRUCK REPAIR & TIRE CENTRE
We also Specialize in Engine, AC, Transmission, Differential Rebuild, Safety Inspection & All Kinds of Electric Work
ਕਾਰਾਂ ਤੇ ਟਰਕਾਂ ਦੀ ਸਸਤੀ ਏ-ਸੀ ਰਿਪੇਅਰ। ਟਰੱਕਾਂ ਦੇ ਟਾਇਰਾਂ ਤੇ ਭਾਰੀ ਸੇਲ
SPECIAL ON TRUCK ALIGNMENT BRAND NEW MACHINES 2018
Chevron Delo
Brake & Drum Made in U.S - On Special Sale!
Special Sale 4 CAT Batteries $550 with Installation
Special Sale on Smartway Approved Tires $245 each
www.besttruckrepairandtire.ca | Email: ranjitbesttruck@yahoo.ca
7 ਦਿਨ ਖੁੱਲ੍ਹਾ
Spring Sale
Special OIL CHANGE Rates
1715 Sismet Rd, Mississauga | Call Ranjit: 416.624.8351 | Tel: 905.625.0055

### ਅਦਾਲਤ ਨੇ ਕਿਹਾ:

# ਜਰਮਨੀ ਵਿੱਚ ਸਿੱਖਾਂ ਨੂੰ ਹੈਲਮਟ ਪਾਉਣਾ ਪਵੇਗਾ



ਬਰਲਿਨ, 7 ਜੁਲਾਈ (ਪੋਸਟ ਬਿਊਰੋ)- ਜਰਮਨੀ ਦੀ ਇੱਕ ਅਦਾਲਤ ਦੇ ਫੈਸਲੁ ਨਾਲ ਸਿੱਖਾਂ ਨੂੰ ਵੱਡਾ ਝਟਕਾ ਲੱਗਾ ਹੈ। ਇਸ ਅਦਾਲਤ ਨੇ ਕਿਹਾ ਕਿ ਜਰਮਨੀ ਵਿੱਚ ਦੁਪੱਹੀਆ ਵਾਹਨ ਚਲਾਉਣ ਲਈ ਹਰ ਕਿਸੇ ਨੂੰ ਹੇਲਮਟ ਪਾਉਣਾ ਪਵੇਗਾ, ਭਾਵੇਂ ਉਹ ਵਿਅਕਤੀ ਸਿੱਖ ਹੀ ਕਿਉਂ ਨਾ ਹੋਵੇ।

ਇਸ ਸੰਬੰਧ ਵਿੱਚ ਜਰਮਨੀ ਦੀ ਫੈਡਰਲ ਪ੍ਰਸ਼ਾਸਕੀ ਅਦਾਲਤ ਨੇ ਕਿਹਾ ਕਿ ਕਿਸੇ ਵਿਅਕਤੀ ਨੂੰ ਉਸ ਦੇ ਧਰਮ ਦਾ ਆਧਾਰ ਉਤੇ ਹੈਲਮਟ ਪਾਉਣ ਤੋਂ ਛੋਟ ਨਹੀਂ ਦਿੱਤੀ ਜਾ ਸਕਦੀ। ਅਦਾਲਤ ਨੇ ਇੱਕ ਸਿੱਖ ਦੀ ਉਸ ਅਪੀਲ ਨੂੰ ਰੱਦ ਕਰ ਦਿੱਤਾ, ਜਿਸ ਵਿੱਚ ਕਿਹਾ ਗਿਆ ਸੀ ਕਿ ਦਸਤਾਰ ਸਿੱਖਾਂ ਦੀ ਸ਼ਾਨ ਹੈ ਤੇ ਇਸ ਦੇ ਉਤੇ ਹੈਲਮਟ ਫਿੱਟ ਨਹੀਂ ਬੈਠੇਗਾ ਤੇ ਨਾ ਸਿੱਖ ਧਰਮ ਦਸਤਾਰ ਦੇ ਉਪਰ ਹੈਲਮਟ ਪਾਉਣ ਦੀ ਆਗਿਆ ਹੀ ਦਿੰਦਾ ਹੈ। ਇਸ ਬਾਰੇ ਅਦਾਲਤ ਨੇ ਕਿਹਾ ਕਿ ਸਿਰਫ ਧਰਮ ਨੂੰ ਆਧਾਰ ਬਣਾ ਕੇ ਹੈਲਮਟ ਪਾਉਣ ਤੋਂ ਛੋਟ ਨਹੀਂ ਮਿਲ ਸਕਦੀ। ਇਸ ਅਦਾਲਤ ਨੇ ਹੇਠਲੀ ਅਦਾਲਤ ਦੇ ਉਸ ਫੈਸਲੇ ਦਾ ਸਮਰਥਨ ਕੀਤਾ ਜਿਸ ਵਿੱਚ ਕਿਹਾ ਗਿਆ ਸੀ ਕਿ ਇਸ ਸਿੱਖ ਵਿਅਕਤੀ ਲਈ ਮੋਟਰ ਸਾਈਕਲ ਚਲਾਉਣਾ ਜ਼ਰੂਰੀ ਨਹੀਂ, ਕਿਉਂਕਿ ਉਸ ਦੇ ਕੋਲ ਕਾਰ ਤੇ ਡਿਲੀਵਰੀ ਵੈਨ ਵੀ ਹੈ। ਅਦਾਲਤ ਨੇ ਕਿਹਾ ਕਿ ਦੁਪਹੀਆ ਵਾਹਨ 'ਤੇ ਹੈਲਮਟ ਪਾਉਣ ਵਾਲਾ ਵਿਅਕਤੀ ਆਪਣੀ ਸੁਰੱਖਿਆ ਕਰਦਾ ਹੈ ਕਿਉਂਕਿ ਸੜਕ ਹਾਦਸਿਆਂ ਵਿੱਚ ਹੈਲਮਟ ਪਾਏ ਹੋਣ ਨਾਲ ਸਿਰ 'ਤੇ ਸੱਟ ਲੱਗਣ ਦੀ ਸੰਭਾਵਨਾ ਕਾਫੀ ਘੱਟ ਹੁੰਦੀ ਹੈ। ਇੰਗਲੈਂਡ ਤੇ ਕੈਨੇਡਾ ਸਮੇਤ ਕਈ ਦੇਸ਼ਾਂ ਵਿੱਚ ਸਿੱਖਾਂ ਨੂੰ ਹੈਲਮੇਟ ਪਾਉਣ ਤੋਂ ਛੋਟ ਮਿਲੀ ਹੋਈ ਹੈ।

# ਰਾਹੁਲ ਗਾਂਧੀ ਨੂੰ 'ਸਾਰੇ ਮੋਦੀ ਚੋਰ' ਵਾਲੇ ਕੇਸ ਵਿੱਚ ਪਟਨਾ ਕੋਰਟ ਤੋਂ ਜ਼ਮਾਨਤ ਮਿਲੀ

ਪਟਨਾ, 7 ਜੁਲਾਈ, (ਪੋਸਟ ਬਿਊਰੋ)- ਕਾਂਗਰਸ ਪਾਰਟੀ ਦੇ ਅਸਤੀਫਾ ਦੇ ਚੁੱਕੇ ਪ੍ਰਧਾਨ ਰਾਹੁਲ ਗਾਂਧੀ ਨੂੰ ਅੱਜ ਪਟਨਾ ਦੀ ਇੱਕ ਅਦਾਲਤ ਤੋਂ ਜ਼ਮਾਨਤ ਮਿਲ ਗਈ ਹੈ। ਉਨ੍ਹਾਂ ਵੱਲੋਂ ਕੀਤੀ ਇੱਕ ਜਾਤੀ ਸੂਚਕ ਟਿੱਪਣੀ ਦੇ ਖਿਲਾਫ ਭਾਜਪਾ ਆਗੂ ਤੇ ਬਿਹਾਰ ਦੇ ਡਿਪਟੀ ਮੁਖ ਮੰਤਰੀ ਸੁਸ਼ੀਲ ਕੁਮਾਰ ਮੋਦੀ ਨੇ ਪਟਨਾ ਕੋਰਟ ਵਿੱਚ ਮਾਣਹਾਨੀ ਦਾ ਕੇਸ ਦਾਇਰ ਕੀਤਾ ਹੋਇਆ ਸੀ, ਜਿਸ ਦੀ ਸੁਣਵਾਈ ਲਈ ਰਾਹੁਲ ਗਾਂਧੀ ਅੱਜ ਏਥੇ ਪੇਸ਼ ਹੋਏ ਸਨ। ਕੇਸ ਦੀ ਸੁਣਵਾਈ ਪਿੱਛੋਂ ਜੱਜ ਗੁੰਜਣ ਕੁਮਾਰ ਨੇ ਰਾਹੁਲ ਗਾਂਧੀ ਨੂੰ ਦਸ ਹਜ਼ਾਰ ਦੇ ਨਿੱਜੀ ਮੁਚਲਕੇ ਉੱਤੇ ਜ਼ਮਾਨਤ ਦੇ ਦਿੱਤੀ ਹੈ।

ਰਾਹੁਲ ਗਾਂਧੀ ਅੱਜ ਕੋਰਟ ਵਿੱਚ ਪੇਸ਼ੀ ਲਈ ਜਦੋਂ ਪਟਨਾ ਪੁੱਜੇ ਤਾਂ ਉਨ੍ਹਾਂ ਦੇ ਹਾਜ਼ਰ ਹੋਣ ਤੋਂ ਪਹਿਲਾਂ ਤੱਕ ਉਨ੍ਹਾਂ ਦੇ ਵਕੀਲ ਨੇ ਆਤਮ ਸਮਰਪਣ ਤੇ ਜ਼ਮਾਨਤ ਦੀ ਅਰਜ਼ੀ ਪੇਸ਼ ਕੀਤੀ ਹੋਈ ਸੀ, ਜਿਸ ਨੂੰ ਕੋਰਟ ਨੇ ਮਨਜ਼ੂਰ ਕਰ ਲਿਆ ਸੀ ਤੇ ਰਾਹੁਲ ਗਾਂਧੀ ਦੇ ਹਾਜ਼ਰ ਹੋਣ ਉੱਤੇ ਕੋਰਟ ਨੇ ਉਨ੍ਹਾਂ ਨੂੰ ਜ਼ਮਾਨਤ ਦੇ ਦਿੱਤੀ ਸੀ। ਅਦਾਲਤੀ ਪੇਸ਼ੀ ਤੋਂ ਬਾਅਦ ਮੀਡੀਆ ਨਾਲ ਗੱਲਬਾਤ ਦੌਰਾਨ ਰਾਹੁਲ ਗਾਂਧੀ ਨੇ ਕਿਹਾ ਕਿ ਮੈਂ ਪਾਰਟੀ ਪ੍ਰਧਾਨਗੀ ਤੋਂ ਦਿੱਤੇ ਆਪਣੇ ਅਸਤੀਫੇ ਉੱਤੇ ਕਾਇਮ ਹਾਂ। ਉਨ੍ਹਾਂ ਕਿਹਾ ਕਿ ਹਿੰਦੁਸਤਾਨ ਦੇ ਲੋਕਾਂ ਦੀ ਆਵਾਜ਼ ਦਬਾਈ ਜਾ ਰਹੀ ਹੈ। ਅੱਜ ਏਥੇ ਮੈਂ ਕੋਰਟ ਵਿੱਚ ਪੇਸ਼ੀ ਲਈ ਆਇਆ ਸੀ, ਜਿਥੇ ਕਿਤੇ ਵੀ ਜਾਣ ਦੀ ਜ਼ਰੂਰਤ ਪਈ, ਮੈਂ ਜਾਵਾਂਗਾ। ਇਸ ਤੋਂ ਪਹਿਲਾਂ ਰਾਹੁਲ ਗਾਂਧੀ ਕੋਰਟ ਪੇਸ਼ੀ ਲਈ ਪਟਨਾ ਏਅਰਪੋਰਟ ਤੋਂ ਸਿੱਧਾ ਅਦਾਲਤ ਪਹੁੰਚੇ ਤਾਂ ਓਥੇ ਕਾਂਗਰਸੀ ਆਗੂਆਂ ਤੇ ਵਰਕਰਾਂ ਦੀ ਕਾਫੀ ਭੀੜ ਲੱਗੀ ਹੋਈ ਸੀ, ਜਿਨ੍ਹਾਂ ਨੇ ਰਾਹੁਲ ਗਾਂਧੀ ਤੋਂ ਪਾਰਟੀ ਪ੍ਰਧਾਨਗੀ ਤੋਂ ਦਿੱਤਾ ਅਸਤੀਫਾ ਵਾਪਸ ਲੈਣ ਦੀ ਮੰਗ ਕਰਦਿਆਂ ਨਾਅਰੇਬਾਜ਼ੀ ਕੀਤੀ ਸੀ। ਅਦਾਲਤ ਦੇ ਕਮਰੇ ਵਿੱਚ ਰਾਹੁਲ ਗਾਂਧੀ ਦੇ ਜਾਣ ਵੇਲੇ ਛੁਟੀ ਦਾ ਸਮਾਂ ਸੀ ਅਤੇ ਓਥੇ ਖੜੇ ਵਕੀਲਾਂ ਨੇ ਜਦੋਂ 'ਰਾਹੁਲ ਜੀ, ਵੈੱਲਕਮ ਟੂ ਪਟਨਾ' ਕਿਹਾ ਤਾਂ ਰਾਹੁਲ ਨੇ 'ਥੈਂਕ ਯੂ' ਕਿਹਾ ਤੇ ਛੁੱਟੀ ਦਾ ਸਮਾਂ ਖਤਮ ਹੋਣ ਤੱਕ ਜੱਜ ਸਾਹਿਬ ਦੇ ਆਉਣ ਦੀ ਉਡੀਕ ਕਰਦੇ ਰਹੇ।

## ਹਾਦਸੇ ਵਿੱਚ ਮੌਤ ਦੇ ਦੋਸ਼ੀ ਨੂੰ ਆਸਟਰੇਲੀਆ ਲਿਆ ਕੇ ਹੀ ਨਿਆਂ ਹੋ ਸਕਦੈ: ਸਰਕਾਰੀ ਵਕੀਲ



ਮੈਲਬਰਨ, 7 ਜੁਲਾਈ (ਪੋਸਟ ਬਿਊਰੋ)- ਆਸਟਰੇਲੀਆ 'ਚ ਹਾਦਸੇ ਦੌਰਾਨ ਇੱਕ ਵਿਅਕਤੀ ਦੀ ਮੌਤ ਪਿੱਛੋਂ ਭਾਰਤ ਦੌੜ ਗਏ ਪੁਨੀਤ ਲਈ ਇਥੋਂ ਦੀ ਸਰਕਾਰ ਨੇ ਭਾਰਤੀ ਅਦਾਲਤੀ ਕਾਰਵਾਈ ਬਾਰੇ ਕਿਹਾ ਕਿ ਉਸ ਨੂੰ ਇਥੇ ਲਿਆ ਕੇ ਹੀ ਇਨਸਾਫ ਕੀਤਾ ਜਾ ਸਕਦਾ ਹੈ। ਸਾਲ 2008 ਵਿੱਚ ਪੁਨੀਤ ਵੱਲੋਂ ਸ਼ਰਾਬੀ ਹਾਲਤ ਵਿੱਚ ਕਾਰ ਚਲਾਉਂਦੇ ਸਮੇਂ ਇਥੇ ਇੱਕ ਵਿਅਕਤੀ ਨੂੰ ਹਾਦਸੇ ਦੌਰਾਨ ਮਾਰ ਦਿੱਤਾ ਅਤੇ ਕਿਸੇ ਦੇ ਪਾਸਪੋਰਟ ਉਤੇ ਭਾਰਤ ਖਿਸਕ ਗਿਆ ਸੀ। ਓਦੋਂ ਤੋਂ ਅੱਜ ਤੱਕ ਇਥੋਂ ਦੀ ਸਰਕਾਰ ਉਸ ਨੂੰ ਇਥੇ ਲਿਆਉਣਾ ਚਾਹੁੰਦੀ ਹੈ।

ਇਸ ਸੰਬੰਧ ਵਿੱਚ ਪੁਨੀਤ ਦੇ ਵਕੀਲ ਦਾ ਕਹਿਣਾ ਹੈ ਕਿ ਉਹ ਇੱਕ ਸ਼ਰਤ 'ਤੇ ਪੁਨੀਤ ਨੂੰ ਆਸਟਰੇਲੀਆ ਹਵਾਲੇ ਕਰ ਸਕਦੇ ਹਨ, ਜੇ ਸਰਕਾਰ ਉਸ ਨੂੰ ਸਿਰਫ ਦੋ ਸਾਲ ਸਜ਼ਾ ਦੇਣ ਦੀ ਸ਼ਰਤ ਮਨਜ਼ੂਰ ਕਰੇ। ਵਿਕਟੋਰੀਆ ਦੇ ਐਕਟਿੰਗ ਅਟਾਰਨੀ ਜਨਰਲ ਨੇ ਇਸ 'ਤੇ ਕਿਹਾ ਕਿ ਇਸ ਦਾ ਫੈਸਲਾ ਅਦਾਲਤ ਨੇ ਕਰਨਾ ਹੈ, ਪੁਨੀਤ ਨੂੰ ਚਾਹੀਦਾ ਹੈ ਕਿ ਉਹ ਇਥੇ ਆਵੇ ਤਾਂ ਜੋ ਇਸ ਦਾ ਫੈਸਲਾ ਹੋ ਸਕੇ। ਉਸ ਨੇ ਅਪਰਾਧ ਇਥੇ ਕੀਤਾ ਹੈ ਤੇ ਇਨਸਾਫ ਵੀ ਏਥੇ ਕੀਤਾ ਜਾਵੇਗਾ। ਪੁਨੀਤ ਦੇ ਵਕੀਲ ਨੇ ਕਿਹਾ ਕਿ ਉਸ ਦਾ ਕਲਾਈਂਟ ਮਾਨਸਿਕ ਤੌਰ 'ਤੇ ਸਹੀ ਨਹੀਂ, ਉਸ ਦੀਆਂ ਕਿਡਨੀਆਂ ਵੀ ਸਹੀ ਕੰਮ ਨਹੀਂ ਕਰਦੀਆਂ। ਉਸ ਨੇ ਦੱਸਿਆ ਕਿ ਪੁਨੀਤ ਡਰਦਾ ਹੈ ਕਿ ਜੇ ਉਸ ਨੂੰ ਆਸਟਰੇਲੀਆ ਹਵਾਲੇ ਕੀਤਾ ਜਾਂਦਾ ਹੈ ਤਾਂ ਉਸ ਨਾਲ ਨਸਲੀ ਵਿਤਕਰਾ ਕੀਤਾ ਜਾ ਸਕਦਾ ਹੈ। ਵਕੀਲ ਨੇ ਦੱਸਿਆ ਕਿ ਪੁਨੀਤ ਨਾਲ ਜੇਲ੍ਹ 'ਚ ਜੇ ਸਹੀ ਵਰਤਾਓ ਕੀਤਾ ਜਾਂਦਾ, ਸਾਰੀਆਂ ਸ਼ਰਤਾਂ ਮੰਨਦੇ ਹਨ ਤਾਂ ਉਹ ਉਸ ਨੂੰ ਸੌਂਪਣ ਨੂੰ ਤਿਆਰ ਹੈ।

## ਫੌਜੀ ਨੂੰ ਲੜਕੀ ਦਾ ਸਰੀਰਕ ਸ਼ੋਸ਼ਣ ਕਰਨ ਬਦਲੇ ਸੱਤ ਸਾਲ ਕੈਦ

ਗੁਰਦਾਸਪੁਰ, 7 ਜੁਲਾਈ (ਪੋਸਟ ਬਿਊਰੋ)- ਵਿਆਹ ਦੇ ਝਾਂਸੇ ਹੇਠ ਲੜਕੀ ਦਾ ਜਿਨਸੀ ਸ਼ੋਸ਼ਣ ਕਰਨ ਵਾਲੇ ਇੱਕ ਫੌਜੀ ਨੂੰ ਅਦਾਲਤ ਨੇ ਸੱਤ ਸਾਲ ਕੈਦ ਦੀ ਸਜ਼ਾ ਸੁਣਾਈ ਹੈ।



ਥਾਣਾ ਫਤਿਹਗੜ੍ਹ ਸਾਹਿਬ ਚੂੜੀਆਂ ਵਿੱਚ 26 ਜੁਲਾਈ 2017 ਨੂੰ ਦਰਜ ਹੋਏ ਕੇਸ ਅਨੁਸਾਰ ਲੜਕੀ ਨੇ ਪੁਲਸ ਨੂੰ ਦੱਸਿਆ ਕਿ ਪਿੰਡ ਵਿੱਚ ਰਹਿੰਦੀ ਉਸ ਦੀ ਸਹੇਲੀ ਦਾ ਵਿਆਹ ਇੱਕ ਫੌਜੀ ਨਾਲ ਹੋਇਆ ਹੈ ਤੇ ਉਸ ਸਹੇਲੀ ਦਾ ਪੂਰਾ ਪਰਵਾਰ ਉਸ ਨੂੰ ਚੰਗੀ ਤਰ੍ਹਾਂ ਜਾਣਦਾ ਸੀ ਤੇ ਉਸ ਦਾ ਉਨ੍ਹਾਂ ਦੇ ਘਰ ਆਉਣਾ ਜਾਣਾ ਸੀ। ਉਸ ਦੀ ਸਹੇਲੀ ਦੇ ਪਤੀ ਦਾ ਭਰਾ ਰਾਜਬੀਰ ਸਿੰਘ ਵੀ ਫੌਜ ਵਿੱਚ ਨੌਕਰੀ ਕਰਦਾ ਹੈ। ਕੁਝ ਸਮੇਂ ਬਾਅਦ ਰਾਜਬੀਰ ਨੇ ਉਸ ਨੂੰ ਕਹਿਣਾ ਸ਼ੁਰੂ ਕਰ ਦਿੱਤਾ ਕਿ ਉਸ ਦੀ ਆਪਣੀ ਪਤਨੀ ਨਾਲ ਬਣਦੀ ਨਹੀਂ, ਉਹ ਉਸ ਨੂੰ ਪਸੰਦ ਕਰਦਾ ਹੈ ਅਤੇ ਉਸ ਨਾਲ ਵਿਆਹ ਕਰਨਾ ਚਾਹੁੰਦਾ ਹੈ, ਜੇ ਉਸ ਨੇ ਉਸ ਨਾਲ ਵਿਆਹ ਨਾ ਕੀਤਾ ਤਾਂ ਉਹ ਆਪਣੇ ਆਪ ਨੂੰ ਕੁਝ ਕਰ ਲਵੇਗਾ। ਇਸ ਤਰ੍ਹਾਂ ਉਸ ਨੇ ਲੜਕੀ ਨੂੰ ਝਾਂਸੇ ਵਿੱਚ ਲੈ ਲਿਆ। ਲੜਕੀ ਨੇ ਉਸ ਨੂੰ ਕਿਹਾ ਕਿ ਉਹ ਆਪਣੇ ਪਰਵਾਰ ਦੀ ਮਰਜ਼ੀ ਦੇ ਬਿਨਾਂ ਵਿਆਹ ਨਹੀਂ ਕਰੇਗੀ, ਪਰ ਰਾਜਬੀਰ ਲਗਾਤਾਰ ਉਸ ਨੂੰ ਵਰਗਲਾ ਕੇ ਪਤੀ ਪਤਨੀ ਵਾਲੇ ਸੰਬੰਧ ਬਣਾਉਣ ਦਾ ਦਬਾਅ ਪਾਉਂਦਾ ਰਿਹਾ। ਲੜਕੀ ਨੇ ਅਜਿਹਾ ਕਰਨ ਤੋਂ ਨਾਂਹ ਕਰ ਦਿੱਤੀ, ਪਰ ਮਾਰਚ 2016 ਵਿੱਚ ਰਾਜਬੀਰ ਸਿੰਘ ਛੁੱਟੀ ਆਇਆ ਤੇ ਇਸ ਦੌਰਾਨ ਉਸ ਨੇ ਲੜਕੀ ਨੂੰ ਵਿਆਹ ਝਾਂਸਾ ਦੇ ਕੇ ਉਸ ਨਾਲ ਸਰੀਰਕ ਸੰਬੰਧ ਬਣਾ ਲਏ। ਪੁਲਸ ਨੇ ਲੜਕੀ ਦਾ ਮੈਡੀਕਲ ਕਰਵਾਉਣ ਤੋਂ ਬਾਅਦ ਰਾਜਬੀਰ ਦੇ ਖਿਲਾਫ ਕੇਸ ਦਰਜ ਕੀਤਾ ਸੀ। ਗੁਰਦਾਸਪੁਰ ਦੇ ਐਡੀਸ਼ਨਲ ਸੈਸ਼ਨ ਜੱਜ ਪ੍ਰੇਮ ਕੁਮਾਰ ਦੀ ਅਦਾਲਤ ਨੇ ਰਾਜਬੀਰ ਸਿੰਘ ਨੂੰ ਦੋਸ਼ੀ ਮੰਨ ਕੇ ਸੱਤ ਸਾਲ ਕੈਦ ਅਤੇ ਪੰਜਾਹ ਹਜ਼ਾਰ ਰੁਪਏ ਜੁਰਮਾਨੇ ਦੀ ਸਜ਼ਾ ਸੁਣਾਈ ਹੈ।

## ਅਭੀ ਵਰਮਾ ਦੇ ਕਾਤਲਾਂ ਵੱਲੋਂ ਫਾਂਸੀ ਤੁੜਵਾਉਣ ਦੀ ਅਰਜ਼ੀ ਉੱਤੇ ਫੈਸਲਾ ਰਾਖਵਾਂ

ਚੰਡੀਗੜ੍ਹ, 7 ਜੁਲਾਈ (ਪੋਸਟ ਬਿਊਰੋ)- ਹੁਸ਼ਿਆਰਪੁਰ ਦੇ ਇੱਕ ਜਵੈਲਰ ਦੇ ਅੱਠ ਸਾਲਾ ਬੇਟੇ ਅਭੀ ਵਰਮਾ ਨੂੰ ਫਿਰੌਤੀ ਲਈ ਅਗਵਾ ਕਰ ਕੇ ਮਾਰ ਦੇਣ ਦੇ ਦੋਸ਼ੀਆਂ ਵਿਕਰਮਜੀਤ ਸਿੰਘ ਅਤੇ ਜਸਬੀਰ ਸਿੰਘ ਵਾਲੀਆ ਨੂੰ ਹੋਈ ਫਾਂਸੀ ਦੀ ਸਜ਼ਾ ਘਟਾਉਣ ਲਈ ਉਨ੍ਹਾਂ ਦੀ ਅਰਜ਼ੀ ਉੱਤੇ ਪੰਜਾਬ ਹਰਿਆਣਾ ਹਾਈ ਕੋਰਟ ਦੇ ਜਸਟਿਸ ਜਤਿੰਦਰ ਚੌਹਾਨ ਦੀ ਸਿੰਗਲ ਬੈਂਚ ਨੇ ਆਪਣਾ ਫੈਸਲਾ ਰਾਖਵਾਂ ਰੱਖ ਲਿਆ ਹੈ। ਇਨ੍ਹਾਂ ਦੋਵਾਂ ਨੇ ਫਾਂਸੀ ਦੀ ਸਜ਼ਾ ਉਮਰ ਕੈਦ ਵਿੱਚ ਬਦਲਣ ਦੀ ਮੰਗ ਕਰਦੇ ਹੋਏ ਐਡਵੋਕੇਟ ਜੀ ਕੇ ਮਾਨ ਤੇ ਇੱਕ ਹੋਰ ਵਕੀਲ ਨੇ ਪਟੀਸ਼ਨਾਂ ਰਾਹੀਂ ਕਿਹਾ ਸੀ ਕਿ ਰਾਸ਼ਟਰਪਤੀ ਨੇ ਉਨ੍ਹਾਂ ਦੀ ਰਹਿਮ ਦੀ ਅਪੀਲ ਦੀ ਸੁਣਵਾਈ ਵਿੱਚ ਪੰਜ ਸਾਲ ਤਿੰਨ ਮਹੀਨੇ ਲਾ ਦਿੱਤੇ ਤੇ ਰਹਿਮ ਦੀ ਅਪੀਲ ਦੀ ਸੁਣਵਾਈ ਵੇਲੇ ਕਈ ਤੱਥ ਵੀ ਨਹੀਂ ਗੌਲੇ ਗਏ, ਜਿਹੜੇ ਇਨ੍ਹਾਂ ਦੋਸ਼ੀਆਂ ਦੀ ਸਜ਼ਾ ਘੱਟ ਕਰਨ ਦੇ ਹੱਕ ਵਿੱਚ ਸਨ, ਜਿਵੇਂ ਜੇਲ੍ਹ ਸੁਪਰਡੈਂਟ ਵੱਲੋਂ ਇਨ੍ਹਾਂ ਦੇ ਚੰਗੇ ਵਿਹਾਰ ਤੇ ਉਨ੍ਹਾਂ ਦੀ ਵਿਗੜੀ ਸਿਹਤ ਦਾ ਬਿਓਰਾ ਰਾਸ਼ਟਰਪਤੀ ਕੋਲ ਨਹੀਂ ਭੇਜਿਆ ਗਿਆ। ਇਨ੍ਹਾਂ ਵਕੀਲਾਂ ਨੇ ਇਹ ਦਲੀਲ ਵੀ ਦਿੱਤੀ ਕਿ ਕਈ ਅਜਿਹੇ ਕੇਸ ਹਨ, ਜਿਨ੍ਹਾਂ ਵਿੱਚ ਰਾਸ਼ਟਰਪਤੀ ਵੱਲੋਂ ਦੋਸ਼ੀਆਂ ਦੀ ਰਹਿਮ ਦੀ ਅਪੀਲ ਮਨਜ਼ੂਰ ਕੀਤੀ ਗਈ ਅਤੇ ਇਹ ਅਜਿਹੇ ਦੋਸ਼ੀ ਵੀ ਸਨ, ਜਿਨ੍ਹਾਂ ਦੀ ਕੈਦ ਵਿਰਕਮਜੀਤ ਸਿੰਘ ਤੇ ਰਾਜਬੀਰ ਸਿੰਘ ਦੀ ਕੈਦ ਤੋਂ ਘੱਟ ਸੀ। ਹਾਈ ਕੋਰਟ ਨੇ ਦੋਵਾਂ ਧਿਰਾਂ ਦੀ ਬਹਿਸ ਸੁਣਨ ਉਪਰੰਤ ਫੈਸਲਾ ਰਾਖਵਾਂ ਰੱਖ ਲਿਆ ਹੈ।


ਦੇਖੋ ਮਾਲਿਸ਼ ਦਾ ਕਮਾਲ

ਪਿੱਠ, ਗੋਢੇ, ਮੋਢੇ, ਧੌਣ, ਲੱਤਾਂ, ਕੁਹਣੀ, ਗਿੱਟੇ, ਚੂਲ੍ਹੇ ਦੀ ਕੋਈ ਵੀ ਦਰਦ ਤੋਂ ਪਰੇਸ਼ਾਨ ਹੋ ਤਾਂ ਇੱਕ ਨਾਂ ਨੋਟ ਕਰੋ : ਸ. ਕੇਵਲ ਸਿੰਘ

Migraine, Cervical ਅਤੇ ਧਰਨ ਵਰਗੀਆਂ ਬਿਮਾਰੀਆਂ ਨੂੰ ਵੀ ਇਹ ਬਿਨ੍ਹਾਂ ਕਿਸੇ ਦਵਾਈ ਦਿਤਿਆਂ ਮਾਲਿਸ਼ ਨਾਲ ਦੋ ਤਿਨ ਵਿੱਚ ਘੋੜੇ ਵਾਂਗੂ ਕਰ ਦਿੰਦੇ ਹਨ।

ਕਿਨੇ VIP ਲੋਕ ਇਨ੍ਹਾਂ ਦੇ ਹੱਥੋ ਮਾਲਿਸ਼ ਕਰਾ ਕੇ ਨੋ ਬਰ ਨੋ ਹੋਏ ਹਨ

ਜਿਆਦਾ ਜਾਣਕਾਰੀ ਲਈ ਕਾਲ ਕਰੋ:

647-927-2049



ਟੱਰਕ ਤੇ ਟ੍ਰੇਲਰ ਰਿਪੇਅਰ ਸ਼ਾਪ ਨੂੰ ਮਕੈਨਿਕਾਂ ਦੀ ਲੋੜ ਹੈ



- 6 ਦਿਨ ਕੰਮ ਸੋਮਵਾਰ ਤੋ ਸ਼ਨੀਵਾਰ
- Biweekly payment
- Homely Environment
- ਵਧੀਆ ਤਨਖਾਹ

Minimum 1 year experience & Trained mechanic

ਵਧੇਰੀ ਜਾਣਕਾਰੀ ਲਈ ਸੰਪਰਕ ਕਰੋ:

647.898.4042/416.505.6857

(Call from 9am to 6pm)






Matrimonial

ਰਿਸ਼ਤੇ ਹੀ ਰਿਸ਼ਤੇ

Starting at just $10

ਵਿਆਹ ਸ਼ਾਦੀ ਦਾ ਇਸ਼ਤਿਹਾਰ ਦੇਣ ਲਈ ਕਾਲ ਕਰੋ: 905-793-2202


## ਲੜਕੀ ਦੀ ਲੋੜ

ਜੱਟ ਸਿੱਖ ਢਿੱਲੋ ਲੜਕਾ, ਉਮਰ 25 ਸਾਲ, ਕੱਦ 5'-11", ਇੰਡੀਆ ਫਗਵਾੜਾ (ਪੰਜਾਬ) ਵਿੱਚ ਰਹਿੰਦੇ ਲੜਕੇ ਲਈ ਕੇਨੈਡੀਅਨ ਪੀ-ਆਰ ਲੜਕੀ ਜਾਂ ਵੱਰਕ ਪਰਮਿਟ/ਸਟੂਡੈਂਟ ਲੜਕੀ ਦੀ ਲੋੜ ਹੈ। ਪੀ-ਆਰ /Study ਦਾ ਸਾਰਾ ਖਰਚਾ ਲੜਕੇ ਦਾ ਪਰਿਵਾਰ ਕਰੇਗਾ। ਲੜਕੇ ਦਾ ਭਰਾ ਕੇਨੈਡਾ ਵਿੱਚ ਵੇਲ ਸੈਟਲਡ ਹੈ। ਕਾਲ ਕਰੋ: 416-628-6468 ਜਾਂ 01191-94634-85326

ਜੱਟ ਸਿੱਖ ਸਰਦਾਰ, ਉਮਰ 26 ਸਾਲ, ਲੰਬਾਈ 5 ਫੁੱਟ 8 ਇੰਚ, B.tech ਪੜ੍ਹਿਆ, ਵੀਜ਼ਿਟਰ ਵਿਜੇ ਤੇ ਆਏ ਲੜਕੇ ਲਈ Student/PR/Citizen ਲੜਕੀ ਦੀ ਲੋੜ ਹੈ। ਲੜਕੇ ਦਾ ਭਰਾ ਕੈਨੇਡਾ ਵਿੱਚ PR ਹੈ। ਸੰਪਰਕ- 289-772-6056, 437-236-5093

ਜੱਟ ਸਿੱਖ ਲੜਕਾ ਉਮਰ 29 ਸਾਲ, ਕੱਦ 6'2", MCOM, MBA & PGDCA ਅੰਮ੍ਰਿਤਧਾਰੀ ਵਿਜ਼ੀਟਰ ਵੀਜ਼ੇ ਤੇ ਆਏ ਲੜਕੇ ਲਈ PR/Citizen/Student ਲੜਕੀ ਦੀ ਲੋੜ ਹੈ । (Student ਦਾ ਖਰਚਾ ਵੀ ਕਰ ਸਕਦੇ ਹਾਂ) ਜਿਆਦਾ ਜਾਣਕਾਰੀ ਲਈ ਸੰਪਰਕ ਕਰੋ: 647-643-4154

ਸਿੱਖ ਸੈਣੀ ਸਿਟੀਜਨ, ਉਮਰ 27 ਸਾਲ, ਕੱਦ 5 ਫੁੱਟ 6 ਇੰਚ, BSc Graduate, ਵਧੀਆ IT ਜੋਬ ਕਰਦੇ ਲੜਕੇ ਲਈ ਕੈਨੇਡੀਅਨ ਸਿਟੀਜਨ \ ਪੀ ਆਰ ਲੜਕੀ ਦੀ ਲੋੜ ਹੈ। ਕੈਨੇਡੀਅਨ ਸਿਟੀਜਨ ਨੂੰ ਪਹਿਲ। ਸੰਪਰਕ ਕਰੋ : 416-662-0730 ਜਾਂ ਫੇਰ ਈ-ਮੇਲ ਕਰੋ:sainig5@yahoo.ca

Khatriboy 5'-7", Age 30 yrs, M.sc. in Mechanical eng. PR in Canada ਲਈ WorkPermit ਜਾਂ PR ਹੋਈ ਪੜ੍ਹੀ ਲਿਖੀ ਲੜਕੀ ਦੀ ਜਰੂਰਤ ਹੈ। – CASTE NO-BAR. For more info. Call 416-917-8804

## ਲੜਕੀ ਦੀ ਲੋੜ

ਜੱਟ ਸਿੱਖ, ਉਮਰ 27 ਸਾਲ, ਕੱਦ 5'-11", ਪੜ੍ਹਿਆ-ਲਿਖਿਆ, ਵੈਸ਼ਣੂ ਤੇ ਕੈਨੇਡਾ ਵਿੱਚ ਵੈਲ-ਸੈਟਲ ਲੱੜਕੇ ਲਈ ਪੜ੍ਹੀ-ਲਿਖੀ ਕੈਨੇਡੀਅਨ ਸਿਟੀਜ਼ਨ ਜਾਂ P.R ਲੜਕੀ ਦੀ ਲੋੜ ਹੈ। ਸੰਪਰਕ ਕਰੋ: 647-290-8872 I 905-963-9134 ਜਾਂ ਈ-ਮੇਲ : mdeol84@yahoo.com

ਜੱਟ ਸਿੱਖ ਭੱਠਲ, ਉਮਰ 32 ਸਾਲ, ਕੱਦ 6 ਫੁੱਟ, BA ਪਾਸ, ਨਸ਼ਾ ਰਹਿਤ ਲੜਕੇ ਲਈ PR ਜਾਂ Citizen ਲੜਕੀ ਦੀ ਲੋੜ। ਲੜਕਾ ਵਰਕ ਪਰਮਿਟ ਤੇ ਵਧੀਆ ਜਪਬ ਕਰਦਾ ਹੈ, ਲੁਧਿਆਣਾ ਤੇ ਮੋਗਾ ਜਿਲ੍ਹੇ ਨੂੰ ਪਹਿਲ, ਡਿਵੋਰਸੀ ਤੇ ਵੀ ਗੌਰ ਕੀਤੀ ਜਾ ਸਕਦੀ ਹੈ, ਲੜਕੇ ਦੀ ਭੈਣ ਕੇਨੇਡਾ ਵਿੱਚ ਵੈੱਲ ਸੈਟਲਡ ਹੈ। ਸੰਪਰਕ ਕਰੋ: 416-846-4141, 647-293-3813 ਜਾਂ ਫੇਰ ਈ-ਮੇਲ ਕਰੋ jyot317@gmail.com

ਜੱਟ ਸਿੱਖ ਲੜਕਾ, ਉਮਰ 27 ਸਾਲ, ਕੱਦ 5'11", ਨਸ਼ਿਆਂ ਤੋ ਦੂਰ, ਬੀ ਏ ਪਾਸ ਲਈ ਕਨੇਡੀਅਨ ਪੀ ਆਰ ਜਾਂ ਵੀਜ਼ਿਟਰ ਲੜਕੀ ਦੀ ਲੋੜ ਹੈ, ਸਟੂਡੈਂਟ ਤੇ ਵੀ ਗੋਰ ਕੀਤੀ ਜਾ ਸਕਦੀ ਹੈ। ਵਧੇਰੀ ਜਾਣਕਾਰੀ ਲਈ ਸੰਪਰਕ ਕਰੋ: +647 339 0864

ਜੱਟ ਸਿੱਖ ਕੁਲਾਰ ਲੜਕਾ, ਉਮਰ 27 ਸਾਲ , ਕੱਦ 5'10", Self Employed, ਵੱਰਕ ਵੀਜੇ ਤੇ ਆਏ ਲੜਕੇ ਲਈ, ਸੋਹਣੀ ਸੁਣਖੀ, ਲੰਮੀ ਤੇ ਪਤਲੀ P.R ਜਾਂ citizen ਲੜਕੀ ਦੀ ਲੋੜ ਹੈ। Student ਤੇ ਵੀ ਗੋਰ ਕੀਤੀ ਜਾ ਸਕਦੀ ਹੈ ਵਧੇਰੀ ਜਾਣਕਾਰੀ ਲਈ ਸੰਪਰਕ ਕਰੋ : 91-9888871813 I 306-612-4093 ਜਾਂ ਇ ਮੇਲ ਕਰੋ: kaurindergrewal@gmail.com

Match for Handsome, Teetotaller, Punjabi Hindu Khatri/Sood boy 44/5'11''(Divorced), Looks Younger, Fair, well settled, Canadian Citizen (India born), Engineer, MBA, CAIB. Own house in Canada/India. Caste no Bar.Father retired officer and mother h/maker. Looking for unmarried, well mannered understand family values. Cell/whatsapp: 647-572-3089

## ਲੜਕੇ ਦੀ ਲੋੜ

Canadian born punjabi tonk kshatriya girl, 35 yrs old, 5'3", certificate in accounting. Boy should be hindu punjabi (36 to 39 yrs), (5'9" to 5'11"), attractive, athletic, vegetarian, educated. Plz send biodata with recent pictures.
E -mail: matri.response2018@gmail. com 1 mnth

**Match needed for well settled 5'4", 46 yrs old. Doing Govt Job in India. Holding visitir visa of Canada. She has 14 yrs old son. Contact +91-7986385880**

ਸਿੱਧੂ ਗੁਰਸਿਖ, ਉਮਰ 33 ਸਾਲ, B.Sc Science,ਇੰਡੀਆ, ਲੁਧਿਆਣਾ ਵਿੱਚ ਅਧਿਆਪਕ ਦੀ ਜੋਬ ਕਰ ਰਹੀ ਲੜਕੀ ਲਈ ਲੜਕੇ ਦੀ ਲੋੜ ਹੈ। Divorcee ਤੇ ਵੀ ਗੋਰ ਕੀਤੀ ਜਾ ਸਕਦੀ ਹੈ; ਸੰਪਰਕ ਕਰੋ: 416-358-9294 I 204-583-3970 I 9815410050 1

ਜੱਟ ਸਿੱਖ ਲੜਕੀ ਉਮਰ 28 ਸਾਲ, ਮਾਸਟਰ ਡਿਗਰੀ ਪੰਜਾਬੀ ਯੂਨੀਵਰਸਿਟੀ, ਤਲਾਕਸੁਧਾ ਤੇ ਇਕ ਤਿੰਨ ਸਾਲਾਂ ਦੀ ਧੀ ਲਈ ਕੈਨੇਡੀਅਨ PR ਜਾਂ ਸਿਟੀਜਨ ਲੜਕੇ ਦੀ ਲੋੜ ਹੈ। ਵਧੇਰੀ ਜਾਣਕਾਰੀ ਲਈ ਸੰਪਰਕ : 416-725-2929

ਜਟ ਸਿਖ ਪਰਿਵਾਰਕ ਲੜਕੀ, ਉਮਰ 28 ਸਾਲ, ਕਦ 5'-4", +2 ਕੀਤੀ ਹੋਨਹਾਰ ਲੜਕੀ ਲਈ P.R or Divorcee ਲੜਕਾ ਚਾਹੀਦਾ ਹੈ। ਲੜਕੀ ਇਥੇ ਕਨੇਡਾ ਆਈ ਹੋਈ ਹੈ। ਕਾਲ ਕਰੋ : 289-489-9321 ਜਾਂ 1-204-951-7136

ਰਸੂਖ਼ਦਾਰ ਪੰਜਾਬੀ ਖੱਤਰੀ ਪਰਿਵਾਰ ਦੀ ਖੂਬਸੂਰਤ ਤੇ ਚੰਗੀ ਪੜ੍ਹੀ ਲਿਖੀ ਲੜਕੀ ਲਈ ਵੈੱਲਸੈਟਲਡ ਤੇ ਯੋਗ ਵਰ ਦੀ ਭਾਲ ਹੈ। ਲੜਕੀ ਪੰਜਾਬ ਯੂਨੀਵਰਸਿਟੀ ਚੰਡੀਗੜ੍ਹ ਤੋਂ ਜੀਆਈਐਸ ਐਂਡ ਰਿਮੋਟ ਸੈਂਸਿੰਗ ਵਿੱਚ ਪੋਸਟ ਗ੍ਰੈਜੂਏਟ ਹੈ। ਲੜਕੀ ਦੀ ਉਮਰ 29 ਸਾਲ, ਕੱਦ 5 ਫੁੱਟ 1 ਇੰਚ ਹੈ। ਲੜਕੀ ਸੁਸ਼ੀਲ ਤੇ ਪਰਿਵਾਰਪੱਖੀ ਸੋਚ ਰੱਖਣ ਵਾਲੀ ਹੈ। ਲੜਕੀ ਭਾਰਤ ਦੀ ਨਾਗਰਿਕ ਹੈ ਤੇ ਇਸ ਸਮੇਂ ਭਾਰਤ ਵਿੱਚ ਹੀ ਹੈ। ਭਰਾ ਦਾ ਪਰਿਵਾਰ ਸਥਾਈ ਤੌਰ ਉੱਤੇ ਟੋਰਾਂਟੋ ਸੈਟਲਡ ਹੈ। ਇਸ ਸਮੇਂ ਪਿਤਾ ਟੋਰਾਂਟੋ ਵਿੱਚ ਹਨ। ਸੰਪਰਕ : 416-890-2725 (ਪਿਤਾ), 416-457-8631 (ਭਰਾ), email- mthapar21@gmail.com

## ਲੜਕੇ ਦੀ ਲੋੜ

ਜੱਟ ਸਿੱਖ ਬੈਨੀਪਾਲ ਲੜਕੀ, ਉੱਮਰ 23 ਸਾਲ, ਯੋਗਤਾ ਬੀ ਐਸ ਸੀ ਨਰਸਿੰਗ, ਵਰਕ ਪਰਮਿਟ ਤੇ' ਰਹਿ ਰਹੀ ਅਤੇ ਬੇਲ ਕੰਪਨੀ ਵਿੱਨ ਨੌਕਰੀ ਕਰਦੀ ਲੜਕੀ ਲਈ ਲੜਕੇ ਦੀ ਲੋੜ ਹੈ। ਉਹੀ ਸੰਪਰਕ ਕਰਨ ਜੋ ਲੜਕੀ ਦੇ ਇੰਡੀਆ ਰਹਿੰਦੇ ਭਰਾ ਜਿਸਦੀ ਉੱਮਰ 26 ਸਾਲ, ਬੀ ਏ ਪਾਸ ਦਾ ਕੈਨੇਡਾ ਰਿਸ਼ਤਾ ਕਰਵਾ ਸਕਣ। ਕਾਲ ਕਰੋ: 647-544-3435

25 ਸਾਲਾਂ ਲੜਕੀ, 5'3", ਕੈਮੀਕਲ ਟੈਕਨੀਸ਼ਅਨ ਦਾ ਕੋਰਸ ਕੀਤਾ ਹੈ ਅਤੇ ਵਿਜ਼ੀਟਰ ਵੀਜੇ ਤੇ' ਕੈਨੇਡਾ ਹੈ ਲਈ ਵੈਸ਼ਨੂੰ ਪੀ ਆਰ ਜਾਂ ਸਿਟੀਜਨ ਲੜਕੇ ਦੀ ਲੋੜ ਹੈ। ਕਾਲ 647-687-6642 ਜਾਂ +91-99142-41710

ਜੱਟ ਸਿੱਖ ਲੱੜਕੀ, ਉਮਰ 28 ਸਾਲ, ਕੱਦ 5'-6", Divorcee ਤੇ 4 ਸਾਲ ਦੀ ਧੀ, ਇੰਡੀਆ ਰਹਿ ਰਹੀ ਲੜਕੀ ਲਈ ਕੈਨੇਡੀਅਨ ਸਿਟੀਜ਼ਨ ਜਾਂ ਇਮੀਗ੍ਰੇਂਟ ਲੜਕੇ ਦੀ ਲੋੜ ਹੈ। Divorcee ਜਾਂ ਜਾਤ-ਪਾਤ ਤੇ ਵੀ ਗੌਰ ਕੀਤੀ ਜਾ ਸਕਦੀ ਹੈ। ਵਧੇਰੀ ਜਾਣਕਾਰੀ ਲਈ ਸੰਪਰਕ ਕਰੋ: +91 9872665678 I 416-822-5229

ਜੱਟ ਸਿੱਖ ਗਿੱਲ ਲੜਕੀ ਸੋਹਣੀ ਸੁਣਖੀ, 1990 , ਕੱਦ 5'4", ਵਿਜ਼ਟਰ ਵੀਜੇ ਤੇ ਆਈ ਖਾਨਦਾਨੀ ਲੜਕੀ ਜ਼ਿਲ੍ਹਾ ਲੁਧਿਆਣਾ ਲਈ, ਵੈਸ਼ਨੂ , ਕੈਨੇਡੀਅਨ PR ਜਾਂ ਸਿਟੀਜ਼ਨ ਲੜਕੇ ਦੀ ਲੋੜ ਹੈ। ਲੜਕੀ ਆਪਣੇ ਤਾਏ, ਤਾਈ ਕੋਲ ਰਹਿ ਰਹੀ ਹੈ। ਤਲਾਕਸੁਧਾ ਤੇ ਵੀ ਗੌਰ ਕੀਤੀ ਜਾ ਸਕਦੀ ਹੈ। ਇਕ ਭਰਾ ਜੋ ਕਿ ਕੈਨੇਡਾ ਵਿੱਚ ਵੈਲ ਸੇਟਲਡ ਹੈ। ਸੰਪਰਕ ਕਰੋ : 647-267-0656 I 416-509-7252

ਜੱਟ ਸਿੱਖ ਲੱੜਕੀ, ਉਮਰ 28 ਸਾਲ, ਕੱਦ 5'-3", ਬੀ.ਡੀ.ਐਸ (ਡੈਨਟਿਸਟ), ਅਮੈਰਿਕਨ ਸਿਟੀਜ਼ਨ, ਵਧੀਆ ਜੋਬ ਕਰਦੀ ਲੜਕੀ ਲਈ ਖਾਨਦਾਨੀ ਕੈਨੇਡੀਅਨ ਜਾਂ ਅਮੈਰਿਕਨ ਪੜ੍ਹੇ-ਲਿਖੇ ਸਿਟੀਜ਼ਨ ਲੜਕੇ ਦੀ ਲੋੜ ਹੈ। ਵਧੇਰੀ ਜਾਣਕਾਰੀ ਲਈ ਸੰਪਰਕ ਕਰੋ: 847-845-4866, 847-845-6195

ਜੱਟ ਸਿੱਖ ਲੜਕੀ, ਉਮਰ 33 ਸਾਲ, ਇਕ ਬੱਚੀ ਸਾਢੇ 3 ਸਾਲ, ਲਈ ਲੜਕੇ ਦੀ ਲੋੜ ਹੈ। ਲੜਕੀ ਵਿਜ਼ਟਰ ਵੀਜ਼ੇ 'ਤੇ ਕੈਨੇਡਾ ਆਈ ਹੋਈ ਹੈ। ਵਧੇਰੇ ਜਾਣਕਾਰੀ ਲਈ ਸੰਪਰਕ ਕਰੋ: 647-239-4939, 734-377-4076


Check our Free E-paper at: www.canadianpunjabipost.ca

ਕੈਨੇਡੀਅਨ ਪੰਜਾਬੀ ਪੋਸਟ
Award winning news paper | Canadian Punjabi Post

ਕਿਸੇ ਵੀ ਤਰ੍ਹਾਂ ਦੀ ਐਡ ਦੇਣ ਲਈ ਕਾਲ ਕਰੋ: 905-793-2202



Cell n Tell Distribution Inc.
1-401 Traders Blvd E, Mississauga, ON

Requires F/T Permanent Position, "Cellular Telephone Technician " to diagnose faults, Install, arrange, remove, maintain cellphones and related equipment. Ability to work on circuit boards, wiring and associated hardware. Inspect and test cellular equipment. Repair or replace defective and damages parts, wiring and associated equipment.

- $29 per hr
- Experience: 3-5 years
- Education has to be secondary high school or equivalent experience

Email Resume at umar.w@cellntell.com



ਫੋਨਾਂ ਦੇ ਸਸਤੇ ਪਲਾਨ ਗਾਰੰਟਿਡ

ਸਸਤੇ ਫੋਨਾਂ ਦੇ ਪਲਾਨ, ਕਿ ਸੁਣ ਕੇ ਹੋ ਜਾਉਗੇ ਹੈਰਾਨ, ਇਕ ਵਾਰੀ ਅਜਮਾਓ ਤੇ ਫਿਰ ਹੋਰਾਂ ਨੂੰ ਵੀ ਲਿਆਓ

15 ਸਾਲਾਂ ਤੋ ਇਕੋ ਨਾਮ-ਇਕੋ ਦੁਕਾਨ

(905)790-9999

2565 Steeles Ave. E, Brampton (Steeles/Torbram)



Cell n Tell Distribution Inc.
1-401 Traders Blvd E, Mississauga, ON

Requires F/T Permanent Position, 30 Hrs P/Week " Wholesale Establishment Manager" to study market research and trends to determine consumer demand, potential sales volumes and effect of competitors operation on sales. Determine merchandise and services to be sold, Implement Price and credit policies, locate and select and procure merchandise for resale. Develop and implement marketing strategies. Plan budgets and monitor revenues and expenses. Resolve problems, customer complaints and supply shortages, plan, organize, direct, control evaluate daily operations.

- $50 per hr
- Experience: 5 years or more
- Education: Bachelors Degree Business/Commerce

Email Resume: hr@cellntell.com or umar.w@cellntell.com



STARLANE PAINTING

Residential • Commercial • Industrial

- Hotel • Motel • Exterior
- Interior • Spray Painting
- Office Painting • Drywall Fixing

ਘਰ ਹੋਵੇ ਜਾਂ ਹੋਵੇ ਦੁਕਾਨ ਅਸੀ ਵਧਾਈਏ ਰੰਗਾਂ ਨਾਲ ਉਸ ਦੀ ਸ਼ਾਨ

7 Days A Week

Call For FREE Estimate

ਹਰ ਤਰ੍ਹਾਂ ਦੀ ਵਧੀਆਂ ਪੇਂਟਿੰਗ ਲਈ 20 ਸਾਲਾਂ ਤੋ ਵੀ ਵੱਧ ਤਜਰਬੇਕਾਰ ਹਰਜੀਤ ਨੂੰ ਕਾਲ ਕਰੋ

416.230.4000 • 647.409.1092

www.STARLANEPAINTING.com

ਹਰਜੀਤ ਧਨੋਆ

# ਮਾਲਵੇ ਵਿੱਚ ਨਰਮੇ ਦੀ ਫਸਲ ਉੱਤੇ ਫਿਰ ਚਿੱਟੀ ਮੱਖੀ ਦਾ ਹਮਲਾ



ਅਬੋਹਰ, 7 ਜੁਲਾਈ (ਪੋਸਟ ਬਿਊਰੋ)- ਏਸ਼ੀਆ ਦੀ ਮੁੱਖ ਨਰਮਾ ਪੱਟੀ ਕਹੇ ਜਾਂਦੇ ਪੰਜਾਬ ਦੇ ਮਾਲਵਾ ਖੇਤਰ ਦੀ ਨਰਮੇ ਦੀ ਫਸਲ 'ਤੇ ਚਿੱਟੀ ਮੱਖੀ ਦਾ ਹਮਲਾ ਹੋ ਗਿਆ ਹੈ, ਜਿਸ ਕਾਰਨ ਝੋਨਾ ਛੱਡ ਕੇ ਨਰਮੇ ਦੀ ਬਿਜਾਈ ਕਰਨ ਵਾਲੇ ਕਿਸਾਨ ਘਬਰਾਏ ਪਏ ਹਨ। ਬਹੁਤੀ ਜਾਣਕਾਰੀ ਨਾ ਹੋਣ ਕਾਰਨ ਕਿਸਾਨਾਂ ਨੇ ਕੀਟਨਾਸ਼ਕ ਦੀਆਂ ਦੁਕਾਨਾਂ ਦੇ ਗੇੜੇ ਮਾਰਨੇ ਸ਼ੁਰੂ ਕਰ ਦਿੱਤੇ ਹਨ। ਪਿਛਲੇ ਦਿਨਾਂ ਤੋਂ ਇਲਾਕੇ ਵਿੱਚ ਨਰਮੇ ਦੀ ਫਸਲ ਚਿੱਟੀ ਮੱਖੀ ਦੇ ਹਮਲੇ ਦੀ ਲਪੇਟ ਵਿੱਚ ਆ ਗਈ ਹੈ, ਖਾਸ ਕਰ ਕੇ ਬਾਰਡਰ ਪੱਟੀ ਦੇ ਇਲਾਕੇ ਦੇ ਪਿੰਡਾਂ ਵਿੱਚ ਨਰਮੇ ਦੇ ਹਰੇ ਪੱਤੇ ਚਿੱਟੀ ਮੱਖੀ ਦੇ ਹਮਲੇ ਨਾਲ ਚਿੱਟੇ ਹੁੰਦੇ ਦਿਖਾਈ ਦੇ ਰਹੇ ਹਨ। ਇਹ ਬਿਮਾਰੀ ਥੋੜ੍ਹੇ ਜਿਹੇ ਸਮੇਂ ਵਿੱਚ ਫਸਲ ਨੂੰ ਆਪਣੀ ਲਪੇਟ ਵਿੱਚ ਲੈ ਲੈਂਦੀ ਹੈ ਅਤੇ ਦੇਖਦੇ ਹੀ ਦੇਖਦੇ ਇਸ ਬਿਮਾਰੀ ਦੇ ਨਾਲ ਫਸਲ ਦਾ ਪੱਤਾ ਸੁੱਕਣ ਲੱਗ ਜਾਂਦਾ ਹੈ।

ਵਰਨਣ ਯੋਗ ਹੈ ਕਿ 2015 ਵਿੱਚ ਪੰਜਾਬ ਦੀ ਮਾਲਵਾ ਪੱਟੀ ਵਿੱਚ ਇਨ੍ਹਾਂ ਦਿਨਾਂ ਨਰਮੇ ਦੀ ਫਸਲ 'ਤੇ ਚਿੱਟੀ ਮੱਖੀ ਦੀ ਜ਼ਬਰਦਸਤ ਹਮਲਾ ਹੋਇਆ ਸੀ, ਜਿਸ ਦਾ ਜ਼ਿਕਰ ਸੁਣਦੇ ਸਾਰ ਅੱਜ ਵੀ ਕਿਸਾਨ ਤ੍ਰਭਕ ਜਾਂਦਾ ਹੈ। ਉਸ ਵੇਲੇ ਚਿੱਟੀ ਮੱਖੀ ਦੇ ਹਮਲੇ ਨੇ ਪੂਰੀ ਨਰਮਾ ਪੱਟੀ ਨੂੰ ਤਬਾਹ ਕਰ ਦਿੱਤਾ ਸੀ। ਓਦੋਂ ਬਾਅਦ ਕਿਸਾਨਾਂ ਨੇ ਨਰਮੇ ਦੀ ਫਸਲ ਦੀ ਬਿਜਾਈ ਤੋਂ ਤੌਬਾ ਕਰ ਲਈ ਸੀ, ਪਰ ਸਰਕਾਰ ਵੱਲੋਂ ਵਾਰ ਵਾਰ ਅਪੀਲਾਂ ਕਰਨ 'ਤੇ ਇਸ ਵਾਰ ਕਿਸਾਨਾਂ ਨੇ ਵੱਡਾ ਜਿਗਰਾ ਕਰ ਕੇ ਨਰਮੇ ਦੀ ਫਸਲ ਬੀਜ ਤਾਂ ਲਈ, ਪਰ ਇਤਿਹਾਸ ਉਨ੍ਹਾਂ ਸਾਹਮਣੇ ਫਿਰ ਆ ਖੜ੍ਹਾ ਹੋਇਆ ਹੈ।

# ਗੁਰਦੁਆਰਾ ਕਰਤਾਰਪੁਰ ਸਾਹਿਬ ਤੱਕ ਪਹੁੰਚਣ ਦਾ ਰਾਹ ਪੱਧਰਾ



ਡੇਰਾ ਬਾਬਾ ਨਾਨਕ, 7 ਜੁਲਾਈ (ਪੋਸਟ ਬਿਊਰੋ)- ਕੁਝ ਦਿਨ ਪਹਿਲਾਂ ਕਰਤਾਰਪੁਰ ਲਾਂਘੇ ਦੇ ਰਾਹ ਵਿੱਚ ਦਰਗਾਹ ਅਤੇ ਮੰਦਰ ਆਉਣ ਕਾਰਨ ਸਾਰਾ ਕੰਮ ਰੋਕ ਦਿੱਤਾ ਗਿਆ ਸੀ। ਇਸ ਪਿੱਛੋਂ ਪਹਿਲਾਂ ਪ੍ਰਸ਼ਾਸਨ ਨੇ ਦਰਗਾਹ ਨੂੰ ਰਸਤੇ ਤੋਂ ਹਟਾ ਦਿੱਤਾ ਅਤੇ ਫਿਰ ਮੰਦਰ ਪ੍ਰਬੰਧਕਾਂ ਨਾਲ ਮੀਟਿੰਗ ਦਾ ਸਮਾਂ ਤੈਅ ਕੀਤਾ ਸੀ। ਇਹ ਮੀਟਿੰਗ ਕੱਲ੍ਹ ਡੇਰਾ ਬਾਬਾ ਨਾਨਕ ਦੇ ਸੱਚਖੰਡ ਮੰਜੀ ਸਾਹਿਬ ਵਿੱਚ ਪ੍ਰਸ਼ਾਸਨ ਦੇ ਅਧਿਕਾਰੀਆਂ ਤੇ ਮੰਦਰ ਪ੍ਰਬੰਧਕਾਂ 'ਚ ਬੰਦ ਕਮਰੇ ਵਿੱਚ ਕੀਤੀ ਗਈ। ਕਰੀਬ ਇੱਕ ਘੰਟਾ ਚੱਲੀ ਮੀਟਿੰਗ ਵਿੱਚ ਮੰਦਰ ਪ੍ਰਬੰਧਕਾਂ ਵੱਲੋਂ ਕਰਤਾਰਪੁਰ ਲਾਂਘੇ ਨੂੰ ਰਸਤਾ ਦੇਣ ਦੀ ਸਹਿਮਤੀ ਪ੍ਰਗਟਾਈ ਗਈ ਹੈ ਅਤੇ ਧਰਮ ਦੇ ਕੰਮ 'ਚ ਯੋਗਦਾਨ ਪਾ ਕੇ ਸ਼ਲਾਘਾ ਯੋਗ ਕੰਮ ਕੀਤਾ ਗਿਆ ਹੈ।

ਇਸ ਸੰਬੰਧ ਵਿੱਚ ਮੰਦਰ ਦੇ ਪ੍ਰਬੰਧਕਾਂ ਨੇ ਦੱਸਿਆ ਕਿ ਮੰਦਰ ਦੇ ਬਾਹਰ ਦੀ ਕੰਧ ਸਮੇਤ ਕੁਝ ਖਾਲੀ ਥਾਂ ਦਰਬਾਰ ਸਾਹਿਬ ਕਰਤਾਰਪੁਰ ਲਈ ਬਣ ਰਹੇ ਲਾਂਘੇ ਦੇ ਰਾਹ ਵਿੱਚ ਪੈਂਦੀ ਸੀ, ਅਸੀਂ ਪ੍ਰਸ਼ਾਸਨ ਨੂੰ ਮੰਦਰ ਦੀਆਂ ਮੂਰਤੀਆਂ ਬਿਨਾਂ ਕੋਈ ਨੁਕਸਾਨ ਪਹੁੰਚਾਏ ਕੰਧ ਨੂੰ ਢਾਹ ਕੇ ਕੰਮ ਸ਼ੁਰੂ ਕਰਨ ਦੀ ਸਹਿਮਤੀ ਦੇ ਦਿੱਤੀ ਹੈ। ਪ੍ਰਸ਼ਾਸਨ ਵੱਲੋਂ ਮੀਟਿੰਗ ਵਿੱਚ ਆਏ ਹੋਏ ਐੱਸ ਡੀ ਐੱਮ ਡੇਰਾ ਬਾਬਾ ਨਾਨਕ ਗੁਰਸਿਮਰਨ ਸਿੰਘ ਢਿੱਲੋਂ ਨੇ ਦੱਸਿਆ ਕਿ ਮੰਦਰ ਪ੍ਰਬੰਧਕਾਂ ਨਾਲ ਕੀਤੀ ਮੀਟਿੰਗ ਸਫਲ ਰਹੀ। ਉਨ੍ਹਾਂ ਦੱਸਿਆ ਕਿ ਮੰਦਰ ਦੀਆਂ ਮੂਰਤੀਆਂ ਨੂੰ ਬਿਨਾਂ ਨੁਕਸਾਨ ਪੁਚਾਏ ਬਾਕੀ ਕੰਮ ਸ਼ੁਰੂ ਕਰ ਦਿੱਤਾ ਗਿਆ ਹੈ। ਮੰਦਰ ਪ੍ਰਬੰਧਕਾਂ ਦੀ ਇਸ ਪਹਿਲ ਦੀ ਨਾਨਕ ਨਾਮਲੇਵਾ ਸੰਗਤ ਨੇ ਰੱਜ ਕੇ ਸ਼ਲਾਘਾ ਕੀਤੀ ਹੈ।

# ਪੁਲਸ ਵੈਰੀਫਿਕੇਸ਼ਨ ਨਾ ਆਵੇ ਤਾਂ 21 ਦਿਨਾਂ ਬਾਅਦ ਪਾਸਪੋਰਟ ਜਾਰੀ ਹੋ ਜਾਵੇਗਾ



ਚੰਡੀਗੜ੍ਹ, 7 ਜੁਲਾਈ (ਪੋਸਟ ਬਿਊਰੋ)- ਵਿਦੇਸ਼ ਮੰਤਰਾਲੇ ਨੇ ਪਾਸ-ਪੋਰਟ ਜਲਦੀ ਦੇਣ ਤੇ ਇਸ ਵਿਚਲੇ ਅੜਿੱਕਿਆਂ ਨੂੰ ਦੂਰ ਕਰਨ ਲਈ ਇਹ ਯਕੀਨੀ ਬਣਾਉਣੇ ਦਾ ਫੈਸਲਾ ਕੀਤਾ ਹੈ ਕਿ ਜੇ ਪੁਲਸ ਵੈਰੀਫਿਕੇਸ਼ਨ ਰਿਪੋਰਟ (ਪੀ ਵੀ ਆਰ) 21 ਦਿਨਾਂ ਦੇ ਮਿੱਥੇ ਸਮੇਂ ਵਿੱਚ ਨਹੀਂ ਪੁੱਜਦੀ ਤਾਂ ਲੋੜਵੰਦ ਨੂੰ ਇਸ ਤੋਂ ਬਿਨਾਂ ਪਾਸਪੋਰਟ ਦੇ ਦਿੱਤਾ ਜਾਵੇਗਾ। ਪੁਲਸ ਅਥਾਰਟੀ ਪੀ ਵੀ ਆਰ 21 ਦਿਨ ਦੇ ਅੰਦਰ ਜਮ੍ਹਾ ਨਾ ਕਰਵਾਏਗੀ ਤਾਂ ਉਸ ਨੂੰ ਇਸ ਦੇ ਬਦਲੇ ਮਿਲਦੀ ਫੀਸ ਨਹੀਂ ਦਿੱਤੀ ਜਾਵੇਗੀ। ਇਹ ਫੀਸ ਇਸ ਵੇਲੇ 150 ਰੁਪਏ ਪ੍ਰਤੀ ਅਰਜ਼ੀ ਹੈ। ਪੀ ਵੀ ਆਰ ਛੇਤੀ ਭੇਜਣ ਵਿੱਚ ਜ਼ਿਲ੍ਹਾ ਸ਼ਹੀਦ ਭਗਤ ਸਿੰਘ ਨਗਰ (ਨਵਾਂ ਸ਼ਹਿਰ) ਪਹਿਲੇ ਸਥਾਨ 'ਤੇ ਹੈ, ਜਦ ਕਿ ਅੰਮ੍ਰਿਤਸਰ ਸਭ ਤੋਂ ਫਾਡੀ ਹੈ।

ਪੰਜਾਬ ਦੇ ਸਰਹੱਦੀ ਜ਼ਿਲ੍ਹਿਆਂ ਅੰਮ੍ਰਿਤਸਰ ਅਤੇ ਫਿਰੋਜ਼ਪੁਰ ਵਿੱਚ ਪੁਲਸ ਵੱਲੋਂ ਪੀ ਵੀ ਆਰ ਭੇਜਣ ਵਿੱਚ ਕੀਤੀ ਜਾਂਦੀ ਦੇਰੀ ਨਾਲ ਵੱਡੀ ਗਿਣਤੀ ਲੋਕਾਂ ਨੂੰ ਪਾਸਪੋਰਟ ਲੈਣ ਲਈ ਲੰਮੀ ਉਡੀਕ ਕਰਨੀ ਪੈਂਦੀ ਹੈ। ਚੰਡੀਗੜ੍ਹ ਦੀ ਪੁਲਸ ਵੀ 21 ਦਿਨ ਤੋਂ ਵੱਧ ਸਮਾਂ ਲੈਂਦੀ ਹੈ। ਰਾਜ ਸਭਾ ਵਿੱਚ ਸਵਾਲ ਦਾ ਜਵਾਬ ਦਿੰਦਿਆਂ ਵਿਦੇਸ਼ ਰਾਜ ਮੰਤਰੀ ਵੀ ਮੁਰਲੀਧਰਨ ਨੇ ਕਿਹਾ ਕਿ ਫਰਜ਼ੀ ਪਾਸਪੋਰਟਾਂ ਦੀ ਵਰਤੋਂ ਰੋਕਣ ਲਈ ਮੰਤਰਾਲਾ ਕਈ ਕਦਮ ਚੁੱਕ ਰਿਹਾ ਹੈ। ਨਵੇਂ ਢੰਗਾਂ ਵਿੱਚ ਮਸ਼ੀਨ ਵੱਲੋਂ ਪੜ੍ਹੇ ਜਾਣ ਵਾਲੇ ਪਾਸਪੋਰਟ ਜਾਰੀ ਕੀਤੇ ਜਾ ਰਹੇ ਹਨ। ਇਨ੍ਹਾਂ ਵਿੱਚ ਬਿਹਤਰ ਸੁਰੱਖਿਆ ਵਿਸ਼ੇਸ਼ਤਾਵਾਂ ਹਨ ਤੇ ਇਹ ਕੌਮਾਂਤਰੀ ਸਿਵਲ ਐਵੀਏਸ਼ਨ ਆਰਗੇਨਾਈਜ਼ੇਸ਼ਨ (ਆਈ ਸੀ ਏ ਓ) ਦੇ ਨੇਮਾਂ 'ਤੇ ਵੀ ਖਰੇ ਉਤਰਨਗੇ। ਪਾਸਪੋਰਟਾਂ ਵਿੱਚ ਮਸ਼ੀਨ ਰੀਡੇਬਲ ਜ਼ੋਨ ਸ਼ਾਮਲ ਕਰ ਲਿਆ ਗਿਆ ਹੈ ਤੇ ਇਹ ਨਕਲੀ ਪਾਸਪੋਰਟਾਂ ਨੂੰ ਠੱਲ੍ਹ ਪਾਵੇਗਾ।

# ਸਰਬੱਤ ਸਿਹਤ ਬੀਮਾ ਯੋਜਨਾ ਪੰਜਾਬ ਵਿੱਚ ਵੀ ਲਾਗੂ ਹੋਣ ਲੱਗੀ

ਚੰਡੀਗੜ੍ਹ, 7 ਜੁਲਾਈ (ਪੋਸਟ ਬਿਊਰੋ)- ਪੰਜਾਬ ਸਰਕਾਰ ਨੇ ਐਲਾਨ ਕੀਤਾ ਹੈ ਕਿ ਸਰਬੱਤ ਸਿਹਤ ਬੀਮਾ ਯੋਜਨਾ ਹਰ ਹਾਲਤ ਵਿੱਚ ਪੰਜਾਬ ਵਿੱਚ ਜਲਦੀ ਹੀ ਲਾਗੂ ਕੀਤੀ ਜਾਵੇਗੀ। ਇਸ ਸਕੀਮ ਅਧੀਨ 43.18 ਲੱਖ ਪਰਵਾਰ ਹਰ ਸਾਲ ਪੰਜ ਲੱਖ ਰੁਪਏ ਤੱਕ ਦਾ ਇਲਾਜ ਹਸਪਤਾਲਾਂ ਵਿੱਚ ਮੁਫਤ ਕਰਵਾ ਸਕਿਆ ਕਰਨਗੇ।

ਇਸ ਸੰਬੰਧ ਵਿੱਚ ਪੰਜਾਬ ਦੇ ਸਿਹਤ ਮੰਤਰੀ ਬਲਬੀਰ ਸਿੰਘ ਸਿੱਧੂ ਨੇ ਕਿਹਾ ਕਿ ਰਾਜ ਸਰਕਾਰ ਪਹਿਲੀ ਜੁਲਾਈ ਤੋਂ ਇਹ ਸਕੀਮ ਲਾਗੂ ਕਰਨ ਵਾਲੀ ਸੀ, ਪਰ ਕਿਸੇ ਕਾਰਨ ਅਮਲ ਵਿੱਚ ਨਹੀਂ ਲਿਆਂਦੀ ਜਾ ਸਕੀ। ਉਨ੍ਹਾਂ ਦਾਅਵਾ ਕੀਤਾ ਕਿ ਹਰ ਹਾਲਤ ਵਿੱਚ ਇਹ ਸਕੀਮ ਜਲਦੀ ਹੀ ਲਾਗੂ ਹੋਵੇਗੀ। ਪਿਛਲੇ ਦਿਨੀਂ ਕਈ ਸੰਬੰਧਤ ਵਿਭਾਗਾਂ ਦੇ ਸਕੱਤਰਾਂ ਦੀਆਂ ਬਦਲੀਆਂ ਕਾਰਨ ਇਹ ਮਾਮਲਾ ਲਟਕ ਗਿਆ ਹੈ। ਉਨ੍ਹਾਂ ਦੱਸਿਆ ਕਿ ਇਸ ਸਕੀਮ ਨਾਲ ਕਈ ਵਿਭਾਗ ਜੁੜੇ ਹਨ। ਸਿਹਤ ਮਹਿਕਮੇ ਤੋਂ ਇਲਾਵਾ ਪੰਜਾਬ ਮੰਡੀ ਬੋਰਡ ਦੇ ਸਕੱਤਰ ਦਾ ਵੀ ਤਬਾਦਲਾ ਹੋ ਗਿਆ। ਇਹ ਦੋਵੇਂ ਸਕੱਤਰ ਇਸ ਸਕੀਮ ਨਾਲ ਜੁੜੇ ਹੋਏ ਹਨ। ਅੱਗੋਂ ਅੱਠ ਜੁਲਾਈ ਨੂੰ ਮੀਟਿੰਗ ਸੱਦੀ ਗਈ ਹੈ ਤੇ ਉਸ ਵਿੱਚ ਇਹ ਸਕੀਮ ਲਾਗੂ ਕਰਨ ਦੀ ਤਰੀਕ ਨਿਰਧਾਰਤ ਹੋਵੇਗੀ। ਸਿਹਤ ਮੰਤਰੀ ਨੇ ਦੱਸਿਆ ਕਿ ਪੰਜਾਬ ਸਰਕਾਰ 43.18 ਪਰਵਾਰਾਂ ਨੂੰ ਸਿਹਤ ਯੋਜਨਾ ਵਿੱਚ ਲਿਆ ਰਹੀ ਹੈ। ਪ੍ਰਧਾਨ ਮੰਤਰੀ ਸਿਹਤ ਬੀਮਾ ਯੋਜਨਾ ਵਿੱਚ ਸਿਰਫ 14.86 ਲੱਖ ਪਰਵਾਰ ਲਾਭ ਉਠਾ ਸਕਦੇ ਹਨ, ਪਰ ਪੰਜਾਬ ਦੇ 28.2 ਲੱਖ ਹੋਰ ਪਰਵਾਰਾਂ, ਜਿਨ੍ਹਾਂ ਵਿੱਚ ਲਗਭਗ ਪੰਜ ਲੱਖ ਛੋਟੇ ਕਿਸਾਨ ਪਰਵਾਰ, 2.84 ਲੱਖ ਛੋਟੇ ਵਰਕਰ ਅਤੇ ਵਪਾਰਕ ਧੰਦਾ ਕਰਨ ਵਾਲੇ ਸ਼ਾਮਲ ਹਨ, ਨੂੰ ਵੀ ਇਹ ਸਹੂਲਤ ਦੇਣ ਦਾ ਫੈਸਲਾ ਹੋਇਆ ਹੈ। ਇਸ ਤੋਂ ਬਿਨਾਂ 20.84 ਲੱਖ ਨੀਲੇ ਕਾਰਡ ਧਾਰਕ ਪਰਵਾਰ ਸਮੇਤ ਕੁਝ ਹੋਰ ਲਾਭਪਾਤਰੀ ਇਸ ਸਕੀਮ ਵਿੱਚ ਲਿਆਂਦੇ ਹਨ। ਉਨ੍ਹਾਂ ਦੱਸਿਆ ਕਿ ਪ੍ਰਧਾਨ ਮੰਤਰੀ ਸਕੀਮ ਲਈ ਕੇਂਦਰ ਨੇ 60 ਫੀਸਦੀ ਅਤੇ ਪੰਜਾਬ ਨੇ ਚਾਲੀ ਫੀਸਦੀ ਬੀਮਾ ਪ੍ਰੀਮੀਅਮ ਦੇਣਾ ਹੈ। ਬਾਕੀ 28.32 ਲੱਖ ਪਰਵਾਰਾਂ ਦੇ ਸਿਹਤ ਬੀਮਾ ਯੋਜਨਾ ਦੇ ਪ੍ਰੀਮੀਅਮ ਦਾ 100 ਫੀਸਦੀ ਖਰਚਾ ਰਾਜ ਸਰਕਾਰ ਕਰੇਗੀ।

# ਵਿਦੇਸ਼ ਨੂੰ ਨਾਜਾਇਜ਼ ਲੰਘਾਏ ਗਏ ਨੌਜਵਾਨਾਂ ਤੋਂ ਕਰਾਈ ਜਾਂਦੀ ਹੈ ਸਮੱਗਲਿੰਗ

ਪਟਿਆਲਾ, 7 ਜੁਲਾਈ (ਪੋਸਟ ਬਿਊਰੋ)- ਤੁਰਕੀ ਅਤੇ ਜਾਰਜੀਆ ਦੇ ਨੇੜੇ ਅਰਮੀਨੀਆ ਦੇਸ਼ ਵਿੱਚ ਨਸ਼ੇ ਅਤੇ ਹਥਿਆਰ ਤਸਕਰੀ ਦੀ ਦਲਦਲ ਵਿੱਚ ਭਾਰਤੀ ਨੌਜਵਾਨ ਧੱਸ ਰਹੇ ਹਨ। ਪਹਿਲਾਂ ਧੋਖੇ ਨਾਲ ਇਸ ਦੇਸ਼ ਵਿੱਚ ਭਾਰਤੀ ਨੌਜਵਾਨਾਂ ਨੂੰ ਭੇਜਿਆ ਜਾਂਦਾ ਹੈ ਤੇ ਫਿਰ ਪਾਸਪੋਰਟ ਖੋਹਣ ਪਿੱਛੋਂ ਇਨ੍ਹਾਂ ਨੂੰ ਰੂਸੀ ਮਾਫੀਆ ਦੇ ਹੱਥੀਂ ਸੌਂਪ ਦਿੱਤਾ ਜਾਂਦਾ ਹੈ। ਤਸਕਰੀ ਦਾ ਧੰਦਾ ਕਰ ਰਹੇ ਬਹੁਤੇ ਨੌਜਵਾਨਾਂ ਨੂੰ ਖੁਦ ਵੀ ਲੰਮਾ ਸਮਾਂ ਇਸ ਨਾਜਾਇਜ਼ ਕੰਮ ਦਾ ਪਤਾ ਨਹੀਂ ਚੱਲਦਾ ਤੇ ਜਦੋਂ ਤੱਕ ਪਤਾ ਲੱਗਦਾ ਹੈ, ਉਦੋਂ ਤੱਕ ਬਹੁਤ ਦੇਰ ਹੋ ਜਾਂਦੀ ਹੈ।

ਰੂਸੀ ਮਾਫੀਆ ਦੀ ਦਲਦਲ ਵਿੱਚੋਂ ਜ਼ਿਲ੍ਹਾ ਪਟਿਆਲਾ ਦੇ ਨਾਭਾ ਨੇੜਲੇ ਪਿੰਡ ਦਾ ਨੌਜਵਾਨ ਕਰਨਵੀਰ ਸਿੰਘ ਕੱਲ੍ਹ ਘਰ ਸਹੀ ਸਲਾਮਤ ਘਰ ਪੁੱਜ ਗਿਆ ਹੈ, ਪਰ 25 ਤੋਂ ਵੱਧ ਨੌਜਵਾਨ ਹਾਲੇ ਵੀ ਉਥੇ ਫਸੇ ਹੋਏ ਹਨ। ਪਿੰਡ ਰੋਹਟੀ ਮੋੜਾਂ ਦੇ ਕਰਨਵੀਰ ਸਿੰਘ ਨੇ ਦੱਸਿਆ ਕਿ ਵਰਕ ਪਰਮਿਟ 'ਤੇ ਇੱਕ ਲੱਖ 25 ਹਜ਼ਾਰ ਰੁਪਏ ਪ੍ਰਤੀ ਮਹੀਨਾ ਤਨਖਾਹ ਦਾ ਸੁਫਨਾ ਦਿਖਾ ਕੇ ਏਜੰਟ ਨੇ ਅਰਮੀਨੀਆ ਭੇਜ ਕੇ ਸੱਤਰ ਹਜ਼ਾਰ ਰੁਪਏ ਅਤੇ ਪਾਸਪੋਰਟ ਖੋਹ ਲਿਆ, ਜਿਸ ਤੋਂ ਬਾਅਦ ਉਸ ਨੂੰ ਰੀਪਬਲਿਕ ਸਕੇਅਰ ਸੈਂਟਰ ਲਿਜਾਇਆ ਗਿਆ। ਉਥੇ ਪਹਿਲਾਂ ਵੀ ਕਈ ਭਾਰਤੀ ਨੌਜਵਾਨ ਖੜ੍ਹੇ ਸੀ, ਜਿਨ੍ਹਾਂ ਨੂੰ ਨੌਕਰੀ ਦੇ ਲਈ ਲਿਆਂਦਾ ਗਿਆ ਸੀ। ਇਥੇ ਗੱਡੀਆਂ ਦਾ ਕਾਫਲਾ ਆਣ ਕੇ ਨੌਜਵਾਨਾਂ ਦੀ ਚੋਣ ਕਰ ਕੇ ਕਿਸੇ ਸਾਮਾਨ ਦੀ ਸਪਲਾਈ ਕਰਨ ਜਾਂ ਡਲਿਵਰੀ ਕਰਨ ਲਈ ਹੱਥਾਂ ਵਿੱਚ ਬੈਗ ਦੇ ਦਿੱਤੇ ਜਾਂਦੇ ਹਨ। ਕਰਨਵੀਰ ਸਿੰਘ ਨੇ ਦੱਸਿਆ ਕਿ ਜੇਲ੍ਹ ਕੱਟਣ ਤੋਂ ਬਾਅਦ ਉਹ ਮੁੜ ਆਪਣੇ ਏਜੰਟਾਂ ਕੋਲ ਪੁੱਜੇ। ਹੈਰਾਨੀ ਦੀ ਗੱਲ ਹੈ ਕਿ ਨੌਜਵਾਨਾਂ ਨੂੰ ਜਿਹੜੇ ਮੋਬਾਈਲ ਦਿੱਤੇ ਗਏ ਸਨ, ਉਹ ਸਿਰਫ ਇਸ ਘਰ ਦੇ ਅੰਦਰ ਚੱਲਦੇ ਸਨ। ਇੱਕ ਦਿਨ ਏਜੰਟ ਤੇ ਉਸ ਦੀ ਪਤਨੀ ਦੇ ਘਰੋਂ ਜਾਣ ਉਤੇ ਕਰਨਵੀਰ ਤੇ ਹੋਰ ਨੌਜਵਾਨਾਂ ਨੇ ਆਪਣੇ ਘਰ ਫੋਨ ਕਰ ਕੇ ਸਾਰੀ ਗੱਲ ਦੱਸੀ। ਕਰਨਵੀਰ ਦੇ ਪਰਵਾਰ ਨੇ ਉਸ ਏਜੰਟ ਦੇ ਤਰਲੇ ਕਰ ਕੇ ਮਲੇਸ਼ੀਆ ਭੇਜਣ ਲਈ ਕਿਹਾ। ਏਜੰਟ ਕੋਲ ਫਸੇ ਹੋਰ ਨੌਜਵਾਨਾਂ ਨੇ ਆਪਣੇ ਜੇਬ ਵਿਚਲੇ ਪੈਸੇ ਵੀ ਕਰਨਵੀਰ ਨੂੰ ਦੇ ਦਿੱਤੇ ਤਾਂ ਜੋ ਅਸਲ ਸਥਿਤੀ ਬਾਰੇ ਉਨ੍ਹਾਂ ਦੇ ਪਰਵਾਰਾਂ ਨੂੰ ਪਤਾ ਲੱਗ ਸਕੇ।

ਕਰਨਵੀਰ ਭਾਵੇਂ ਏਜੰਟ ਨੇ ਅਰਮੀਨੀਆ ਤੋਂ ਮਲੇਸ਼ੀਆ ਲਈ ਰਵਾਨਾ ਕੀਤਾ ਸੀ, ਪਰ ਹੁਸ਼ਿਆਰੀ ਵਰਤਦਿਆਂ ਉਹ ਦਿੱਲੀ ਹਵਾਈ ਅੱਡੇ 'ਤੇ ਉਤਰ ਗਿਆ ਅਤੇ ਆਪਣੇ ਘਰ ਪੁੱਜ ਗਿਆ। ਨੌਜਵਾਨਾਂ ਨੂੰ ਟਰੈਕ ਕਰਨ ਲਈ ਬੈਗ ਵਿੱਚ ਜੀ ਪੀ ਐਸ ਸਿਸਟਮ ਫਿੱਟ ਕੀਤਾ ਜਾਂਦਾ ਹੈ। ਇੱਕ ਡਲਿਵਰੀ ਦੇ ਹਰ ਨੌਜਵਾਨ ਨੂੰ 60 ਤੋਂ 70 ਹਜ਼ਾਰ ਰੁਪਏ ਦੀ ਰਾਸ਼ੀ ਦਿੱਤੀ ਜਾਂਦੀ ਹੈ, ਪਰ ਬੈਗ ਵਿੱਚ ਕੀ ਚੀਜ਼ ਹੈ, ਇਸ ਨੂੰ ਦੇਖਣ ਤੇ ਬੈਗ ਖੋਲ੍ਹਣ ਦੀ ਖੁੱਲ੍ਹ ਨਹੀਂ ਦਿੱਤੀ ਜਾਂਦੀ। ਕਰਨਵੀਰ ਅਨੁਸਾਰ ਫਗਵਾੜਾ ਦਾ ਇੱਕ ਨੌਜਵਾਨ ਅਰਮੀਨੀਆ 'ਚ ਡਲਿਵਰੀ ਦਾ ਕੰਮ ਕਰਦਾ ਸੀ, ਜਿਸ ਨੇ ਬਿਨਾਂ ਮਨਜ਼ੂਰੀ ਬੈਗ ਖੋਲ੍ਹਿਆ ਸੀ। ਇਸ ਤੋਂ ਬਾਅਦ ਉਸ ਨੂੰ ਕੁਝ ਲੋਕ ਲੈ ਗਏ ਤੇ ਫਿਰ ਕਦੇ ਵਾਪਸ ਨਹੀਂ ਆਇਆ। ਫਗਵਾੜਾ ਦੇ ਨੌਜਵਾਨ ਦੇ ਗਾਇਬ ਹੋਣ ਪਿੱਛੋਂ ਹੋਰ ਨੌਜਵਾਨਾਂ ਨੇ ਵਿਰੋਧ ਕਰਦਿਆਂ ਡਲਿਵਰੀ ਦਾ ਕੰਮ ਕਰਨ ਤੋਂ ਇਨਕਾਰ ਕਰ ਦਿੱਤਾ। ਪੁਲਸ ਨੂੰ ਵੀ ਸੂਚਨਾ ਦਿੱਤੀ, ਪਰ ਪੁਲਸ ਨੇ ਕਾਰਵਾਈ ਕਰਨ ਦੀ ਥਾਂ ਉਕਤ ਨੌਜਵਾਨਾਂ ਨੂੰ ਨਸ਼ਾ ਤਸਕਰੀ ਦੇ ਦੋਸ਼ਾਂ ਵਿੱਚ ਜੇਲ੍ਹ ਵਿੱਚ ਡੱਕ ਦਿੱਤਾ। ਪੰਜ ਦਿਨ ਜੇਲ੍ਹ ਕੱਟਣ ਤੋਂ ਬਾਅਦ ਭਾਰਤੀ ਅੰਬੈਸੀ 'ਚ ਮੌਜੂਦ ਨੁਮਾਇੰਦਿਆਂ ਦੀ ਮਦਦ ਨਾਲ ਉਕਤ ਨੌਜਵਾਨ ਬਾਹਰ ਨਿਕਲੇ।

## ਕਾਨੂੰਨੀ ਨੋਟਿਸ

This is a Notice of Proceedings for Jalwinder Singh Sidhu . A legal proceeding has been commenced against you with court file no: 122/19. You must contact the lawyer for the Applicant Guruveent Sangha at 905-497-7200 or the courthouse at 7755 Hurontario Street, Brampton, ON immediately if you wish to file an answer/defend yourself in this proceeding. Should you fail to do so orders may be made against you in your absence and without any further notice.

ਇਹ ਨੋਟਿਸ ਜਲਵਿੰਦਰ ਸਿੰਘ ਸਿੱਧੂ ਸਬੰਧੀ ਪ੍ਰੋਸੀਡਿੰਗਜ਼ ਲਈ ਹੈ। ਤੁਹਾਡੇ ਖਿਲਾਫ ਕਾਨੂੰਨੀ ਪ੍ਰਕਿਰਿਆ ਆਰੰਭ ਦਿੱਤੀ ਗਈ ਹੈ ਜਿਸ ਦਾ ਕੋਰਟ ਫਾਈਲ ਨੰ:122/19 ਹੈ। ਜੇ ਤੁਸੀਂ ਇਸ ਸਬੰਧੀ ਜਵਾਬ ਦੇਣਾ ਚਾਹੁੰਦੇ ਹੋਂ ਜਾਂ ਖੁਦ ਦਾ ਬਚਾਅ ਕਰਨਾ ਚਾਹੁੰਦੇ ਹੋਂ ਤਾਂ ਤੁਹਾਨੂੰ ਬਿਨੈਕਰਤਾ ਗੁਰੂਵੀਂਤ ਸੰਘਾ ਦੇ ਵਕੀਲ ਨਾਲ 905-497-7200 ਉੱਤੇ ਸੰਪਰਕ ਕਰਨਾ ਚਾਹੀਦਾ ਹੈ ਜਾਂ 7755 ਹੁਰੌਨਤਾਰੀਓ ਸਟਰੀਟ,ਬਰੈਂਪਟਨ,ਓਨਟਾਰੀਓ ਸਥਿਤ ਕੋਰਟਹਾਊਸ ਵਿਖੇ ਮੁਲਾਕਾਤ ਕਰਨੀ ਚਾਹੀਦੀ ਹੈ। ਜੇ ਤੁਸੀਂ ਅਜਿਹਾ ਕਰਨ ਵਿੱਚ ਅਸਫਲ ਰਹਿੰਦੇ ਹੋਂ ਤਾਂ ਤੁਹਾਡੀ ਗੈਰਹਾਜ਼ਰੀ ਵਿੱਚ ਤੇ ਬਿਨਾਂ ਕੋਈ ਅਗਾਊਂ ਨੋਟਿਸ ਦੇ ਤੁਹਾਡੇ ਖਿਲਾਫ ਆਰਡਰ ਜਾਰੀ ਕੀਤੇ ਜਾ ਸਕਦੇ ਹਨ।

HOMELIFE SILVERCITY Realty Inc. Brokerage
Kulwinder Chhina
SALES REPRESENTATIVE
647.293.2327
www.Kulwinderchhina.com

Barber ਦੀ ਲੋੜ For Men Haircut
Airport ਤੇ Sandalwood ਦੇ ਏਰੀਏ 'ਚ ਇਕ ਸੇਲੋਨ ਨੂੰ Men Haircut ਲਈ Barber ਦੀ ਲੋੜ ਹੈ। ਫੁਲ ਟਾਈਮ ਕੰਮ, ਵਧੀਆ ਤਨਖਾਹ ਦਿੱਤੀ ਜਾਵੇਗੀ।
ਹੋਰ ਜਾਣਕਾਰੀ ਲਈ ਕਾਲ ਕਰੋ :
416 992 2320

ਕੈਨੇਡੀਅਨ ਪੰਜਾਬੀ ਪੋਸਟ
Award winning news paper | Canadian Punjabi Post
CLASSIFIEDS
Starting at just $10
ਕਿਸੇ ਵੀ ਤਰ੍ਹਾਂ ਦੀ ਐਡ ਦੇਣ ਲਈ
ਕਾਲ ਕਰੋ: 905-793-2202

amar INTERMODAL • TRANSPORT • STORAGE
HIRING DRIVERS for Ontario and Montreal
Hiring Owner Operators Drivers
1 Year Prior Experience
Flexible in time
Good Salary
Contact Now
P: 905-893-2270 Ext 121
F: 905-893-9545
E: info@amartransport.com
W: www.amartransport.com
Lanes
Toronto local work
Montreal local work
Montreal Toronto highway work
7290 Major Mackenzie Drive Kleinberg, Ont. L0J 1C0

Call for Free Estimates
A-1 RENOVATION GTA INC
416-456-1462
OVER 15 YEARS OF SERVICE
Professionals in Completing Basements within 3 Weeks
$1,000
Services:
• Complete Basement
• Tiles
• Bathrooms
• Plumbing
• Laminate
• Hardwood Floor
• Painting
info@a1renovationgta.com
www.a1renovationgta.com
A-1 RENOVATION GTA INC.
22 Listcreek Road, Brampton L6p 2n6

GF1
Security Jobs - Security Guard Training - Licensing
Job Guaranteed after completion of the training
Weekend ਤੇ ਵੀ Security ਲਈ Training Classes ਲਗਾਈਆਂ ਜਾਂਦੀਆਂ ਹਨ
■ Ministry of Community Safety and Correctional Services approved. ■ We speak English, Hindi, Punjabi &Urdu.
■ Training by Professional Instructors. First Aid & CPR certification included. ■ Limited time offer:$199/-
We Also Provide All Level's of First Aid & CPR Training
• Emergency First Aid & CPR Level's A.B.C
• Standard First Aid & CPR Level's A.B.C.HCP
• Stay at Home Course
• Baby Sitting Course
• Little Rescuers
H.O: 1332 Khalsa Dr.,Unit 3,2nd Floor,Mississauga, L5S1W5 (Near Dixie Gurdwara)
647-710-7760
Email: info@gf1security.com
1085 Bellamy Rd (N) Unit #210 Scarbrough (Toronto)
647-929-7736
Web: www.gf1security.com
REVIVE EMS
CANADIAN RED CROSS Training Partner

V4U LOGISTIC INC.
Delivering "Satisfaction"... On Time ....Every Time
NOW HIRING
A/Z Drivers Needed
For Canada To US Runs
Local City Drivers @ 22/hr
• General Freight
• Yard to Yard Work
• Up to 3500 miles/wk
• 2 Yr. Exp
• Clear CVOR & Abstract
For Owner Operator upto $1.62/mile
USA Driver $0.60/mile | Canada wide $0.50/mile
☆ Disability Insurance
☆ Travel Insurance
☆ Medical Benefits
☆ Dental Benefits
ਪਰਗਟ ਸਿੰਘ ਨੂੰ ਫੋਨ ਕਰੋ:
416-625-3096
ਟਰੱਕ ਮਕੈਨਿਕ ਦੀ ਵੀ ਲੋੜ ਹੈ

AL EMPLOYMENT SERVICES INC
ਕੀ ਤੁਸੀਂ ਕੰਮ ਲੱਭ ਰਹੇ ਹੋ?
ਤਾਂ ਅੱਜ ਹੀ ਕਾਲ ਕਰੋ!
Looking for Experienced:
○ Machine Operators
○ AZ-DZ Drivers
○ Forklift Driver
○ Machine Mechanic
○ Millwright's
(905) 564-2322 | (416) 700 0011
Monday-Friday (10am to 5:30pm)
6630 Tomken Rd., Mississauga, L5T 1N1

MANN RENOVATION
ਘਰਾਂ ਦੀ ਰੈਨੋਵੇਸ਼ਨ ਜਿਵੇਂ ਬੇਸਮੈਂਟ ਬਨਾਉਣੀ, ਸਾਈਡ ਐਂਟਰੈਂਸ, ਵਾਸ਼ਰੂਮ ਬਨਾਉਣਾ, ਟਾਇਲਾਂ ਦਾ ਕੰਮ, ਕੰਕਰੀਟ ਆਦਿ । ਇਸ ਤੋਂ ਇਲਾਵਾ ਕਿਸੇ ਵੀ ਤਰ੍ਹਾਂ ਦਾ ਇਲੈਕਟ੍ਰੀਕਲ ਕੰਮ, ਪਲੰਬਿੰਗ ਦਾ ਕੰਮ ਕਰਵਾਉਣ ਲਈ ਕਾਲ ਕਰੋ :
416 839 0647, 905-598-4640

PESTAGON Ltd
PEST CONTROL SERVICES
* RESIDENTIAL * COMMERCIAL
LICENCED BY GOVERNMENT
INSURED & BONDED
EVERY SERVICE
WITH WARRANTY
SERVING GTA
CALL: 905-463-2153
Ants, Wasp, Centepede, Fleas, Bed Bugs

RESIDENTIAL - COMMERCIAL PROPERTY - INDUSTRIAL
For all your Real Estate Need Call
416.262.2600
Email: karampunian@gmail.com
KARAM SINGH PUNIAN
Sales Representative
HomeLife Maple Leaf Realty Ltd.
80 Eastern Ave, Brampton, ON
Tel: 905.456.9090

## 'ਜ਼ੋਂਬੀ' ਫਿਲਮ ਵਿੱਚ ਹੁਮਾ ਕੁਰੈਸ਼ੀ



ਗੁਰਿੰਦਰ ਚੱਢਾ ਦੀ ਫਿਲਮ 'ਵਾਇਸ-ਰਾਏ ਹਾਊਸ' ਨਾਲ 2017 ਵਿੱਚ ਇੰਟਰਨੈਸ਼ਨਲ ਫਿਲਮਾਂ ਵਿੱਚ ਡੈਬਿਊ ਕਰ ਚੁੱਕੀ ਹੁਮਾ ਕੁਰੈਸ਼ੀ ਛੇਤੀ ਹੀ ਅਮਰੀਕੀ ਫਿਲਮ ਨਿਰਮਾਤਾ ਜੈਕ ਸਨਾਈਡਰ ਦੀ ਫਿਲਮ 'ਆਰਮੀ ਆਫ ਦਿ ਡੈੱਡ' ਵਿੱਚ ਕੰਮ ਕਰਦੀ ਨਜ਼ਰ ਆਏਗੀ। ਇਸ ਫਿਲਮ ਵਿੱਚ ਕੰਮ ਕਰਨ ਨੂੰ ਲੈ ਕੇ ਹੁਮਾ ਕਾਫੀ ਉਤਸ਼ਾਹਤ ਹੈ ਅਤੇ ਕਹਿ ਰਹੀ ਹੈ ਕਿ ਉਹ ਇਸ ਫਿਲਮ ਦੀ ਸ਼ੂਟਿੰਗ ਸ਼ੁਰੂ ਹੋਣ ਦੀ ਹੋਰ ਉਡੀਕ ਨਹੀਂ ਕਰ ਸਕਦੀ।ਫਿਲਮ ਵਿੱਚ ਹੁਮਾ ਇੱਕ ਅਹਿਮ ਕਿਰਦਾਰ ਵਿੱਚ ਹੋਵੇਗੀ ਅਤੇ ਇਸ ਤਰ੍ਹਾਂ ਦੀ ਭੂਮਿਕਾ ਨੂੰ ਉਸ ਨੇ ਇਸ ਤੋਂ ਪਹਿਲਾਂ ਪਰਦੇ 'ਤੇ ਨਹੀਂ ਨਿਭਾਇਆ। ਇਸ ਵਿੱਚ ਹੁਮਾ ਦੇ ਨਾਲ ਐਲਾ ਪੁਰਨੇਲ, ਐਨਾ ਡੇ ਲਾ ਰੇਗੁਏਰਾ ਅਤੇ ਥਿਓ ਰਾਸ਼ੀ ਵਰਗੇ ਹਾਲੀਵੁੱਡ ਕਲਾਕਾਰ ਹੋਣਗੇ। ਧਿਆਨ ਦੇਣ ਯੋਗ ਹੈ ਕਿ 'ਆਰਮੀ ਆਫ ਦਿ ਡੈੱਡ' ਦੇ ਜ਼ਰੀਏ ਸਨਾਈਡਰ 'ਜ਼ੋਂਬੀ' ਫਿਲਮਾਂ ਦੀ ਸ਼ੈਲੀ ਵਿੱਚ ਫਿਰ ਤੋਂ ਵਾਪਸੀ ਕਰਨ ਲੱਗੀ ਹੈ। ਇਸ ਤੋਂ ਪਹਿਲਾਂ 'ਡਾਊਨ ਆਫ ਦਿ ਡੈੱਡ' ਨਾਲ ਉਸ ਨੇ ਨਿਰਦੇਸ਼ਨ ਦੇ ਖੇਤਰ 'ਚ ਕਦਮ ਰੱਖਿਆ ਸੀ।

ਜ਼ਿਕਰ ਯੋਗ ਹੈ ਕਿ 'ਜ਼ੋਂਬੀ' ਇੱਕ ਤਰ੍ਹਾਂ ਦੀਆਂ ਹਾਰਰ ਫਿਲਮਾਂ ਹੁੰਦੀਆਂ ਹਨ, ਜਿਨ੍ਹਾਂ ਦੀਆਂ ਕਹਾਣੀਆਂ ਲਾਸ਼ਾਂ 'ਤੇ ਆਧਾਰਤ ਹੁੰਦੀਆਂ ਹਨ। ਹੁਮਾ ਨੇ ਇਸ ਬਾਰੇ ਕਿਹਾ, "ਇਸ ਮੌਕੇ ਨੂੰ ਪ੍ਰਾਪਤ ਕਰ ਕੇ ਮੈਂ ਬਹੁਤ ਨਿਮਰ ਅਤੇ ਉਤਸ਼ਾਹਤ ਹਾਂ। ਮੈਂ ਜੈਕ ਸਨਾਈਡਰ ਦੀ ਬਹੁਤ ਵੱਡੀ ਫੈਨ ਹਾਂ ਤੇ ਸ਼ੂਟਿੰਗ ਸ਼ੁਰੂ ਹੋਣ ਦੀ ਉਡੀਕ ਮੇਰੇ ਤੋਂ ਹੋਰ ਨਹੀਂ ਹੋ ਰਹੀ ਹੈ।"

## ਲੜਕੀਆਂ ਐਕਸ਼ਨ ਕਰਦੇ ਚੰਗੀਆਂ ਲੱਗਦੀਆਂ ਹਨ : ਕ੍ਰਿਤੀ ਸਨਨ

ਬਾਲੀਵੁੱਡ ਵਿੱਚ ਕ੍ਰਿਤੀ ਸਨਨ ਪੰਜ ਸਾਲ ਦਾ ਸਫਰ ਤੈਅ ਕਰ ਚੁੱਕੀ ਹੈ। ਪਿੱਛੇ ਜਿਹੇ ਉਸ ਨੇ ਸੋਸ਼ਲ ਮੀਡੀਆ 'ਤੇ ਆਪਣੀ ਪਹਿਲੀ ਫਿਲਮ 'ਹੀਰੋਪੰਤੀ' ਦੇ ਪੰਜ ਸਾਲ ਪੂਰੇ ਹੋਣ ਦੀ ਖੁਸ਼ੀ ਜ਼ਾਹਰ ਕੀਤੀ ਸੀ। ਉਹ ਲਗਾਤਾਰ ਕੰਮ ਕਰ ਰਹੀ ਹੈ। ਇਸ ਸਾਲ ਰਿਲੀਜ਼ ਹੋਈ ਉਸ ਦੀ ਫਿਲਮ 'ਲੁਕਾ ਛਿਪੀ' ਬਾਕਸ ਆਫਿਸ 'ਤੇ ਸਫਲ ਰਹੀ ਹੈ। ਦਿਲਜੀਤ ਦੋਸਾਂਝ ਤੇ ਵਰੁਣ ਸ਼ਰਮਾ ਨਾਲ ਉਸ ਦੀ ਫਿਲਮ 'ਅਰਜੁਨ ਪਟਿਆਲਾ' ਬਣ ਕੇ ਤਿਆਰ ਹੈ, ਦੂਜੇ ਪਾਸੇ ਕ੍ਰਿਤੀ ਆਸ਼ੂਤੋਸ਼ ਗੋਵਾਰੀਕਰ ਦੀ ਫਿਲਮ 'ਪਾਣੀਪਤ' ਦੀ ਸ਼ੂਟਿੰਗ ਵੀ ਕਰ ਰਹੀ ਹੈ।

ਮਰਾਠਾ ਅਤੇ ਅਫਗਾਨੀਆਂ ਵਿਚਾਲੇ ਪਾਣੀਪਤ ਵਿੱਚ ਲੜੇ ਗਏ ਯੁੱਧ ਉੱਤੇ ਆਧਾਰਤ ਇਸ ਫਿਲਮ ਵਿੱਚ ਕ੍ਰਿਤੀ ਸਨਨ ਪਾਰਵਤੀ ਬਾਈ ਦਾ ਕਿਰਦਾਰ ਨਿਭਾਏਗੀ। ਇਸ ਵਿੱਚ ਉਸ ਨੂੰ ਕੁਝ ਐਕਸ਼ਨ ਸੀਨ ਵੀ ਕਰਨੇ ਪਏ ਹਨ। ਉਨ੍ਹਾਂ ਐਕਸ਼ਨ ਸੀਨਜ਼ ਦੀ ਗੱਲ ਕਦੇ ਹੋਏ ਉਹ ਕਹਿੰਦੀ ਹੈ, "ਲੜਕੀਆਂ ਐਕਸ਼ਨ ਕਰਦੇ ਹੋਏ ਬਹੁਤ ਚੰਗੀਆਂ ਲੱਗਦੀਆਂ ਹਨ। ਉਨ੍ਹਾਂ ਐਕਸ਼ਨ ਕਰਦੇ ਦੇਖਣਾ ਦਿਲਚਸਪ ਹੁੰਦਾ ਹੈ। ਮੈਂ 'ਪਾਣੀਪਤ' ਫਿਲਮ ਵਿੱਚ ਛੋਟਾ ਸਹੀ, ਪਰ ਬਹੁਤ ਅਹਿਮ ਹਿੱਸਾ ਸ਼ੂਟ ਕੀਤਾ ਹੈ। ਉਸ ਸੀਨ ਵਿੱਚ ਮੈਂ ਸਾੜ੍ਹੀ ਵਿੱਚ ਤਲਵਾਰਬਾਜ਼ੀ ਕੀਤੀ ਹੈ।"



## 'ਦੋਸਤਾਨਾ-2' ਵਿੱਚ ਨਜ਼ਰ ਆਉਣ ਵਾਲੀ ਸੀ ਸਾਰਾ ਅਲੀ ਖਾਨ

ਸਾਰਾ ਅਲੀ ਖਾਨ ਨੇ ਕਰਣ ਜੌਹਰ ਦੇ ਬੈਨਰ ਹੇਠ ਬਣੀ ਫਿਲਮ 'ਸਿੰਬਾ' ਵਿੱਚ ਕੰਮ ਕੀਤਾ ਹੈ। ਫਿਲਮ ਬਾਕਸ ਆਫਿਸ ਉਤੇ ਬਲਾਕਬਸਲਟਰ ਸਾਬਿਤ ਹੋਈ ਸੀ। ਤਦ ਸੁਣਨ ਵਿੱਚ ਆਇਆ ਹੈ ਕਿ ਸਾਰਾ ਨੂੰ 'ਦੋਸਤਾਨਾ 2' ਦੇ ਲਈ ਵੀ ਅਪਰੋਚ ਕੀਤਾ ਗਿਆ ਸੀ। ਸੂਤਰਾਂ ਦੀ ਮੰਨੀਏ ਤਾਂ ਇਸ ਫਿਲਮ ਦੇ ਲਈ ਵੀ ਕਰਣ, ਸਾਰਾ ਨੂੰ ਕਾਸਟ ਕਰਨ ਦੀ ਸੋਚ ਰਹੇ ਸਨ। ਉਸ ਦਾ ਨਾਂਅ ਚਰਚਾ ਵਿੱਚ ਸੀ, ਪਰ ਪਿੱਛੋਂ ਮੇਕਰਸ ਨੇ ਜਾਹਨਵੀ ਕਪੂਰ ਨੂੰ ਇਸ ਫਾਈਨਲ ਕਰ ਲਿਆ। ਗੌਰਤਲਬ ਹੈ ਕਿ ਇਸ ਫਿਲਮ ਵਿੱਚ ਕਾਰਤਿਕ ਆਰੀਅਨ ਲੀਡ ਰੋਲ ਵਿੱਚ ਹਨ ਤੇ ਉਹ ਸਾਰਾ ਦੇ ਨਾਲ ਪਹਿਲਾਂ ਇੱਕ ਫਿਲਮ (ਇਮਤਿਆਜ਼ ਅਲੀ ਦੀ ਅਣਟਾਈਟਲਡ ਫਿਲਮ) ਕਰ ਰਹੇ ਹਨ। ਅਜਿਹੇ ਵਿੱਚ ਮੇਕਸ ਨੇ ਦੋਵਾਂ ਦੀ ਜੋੜੀ ਨੂੰ ਦੁਹਰਾਉਣਾ ਠੀਕ ਨਹੀਂ ਸਮਝਿਆ। ਚਰਚਾ ਤਾਂ ਇਹ ਵੀ ਹੈ ਕਿ ਫਿਲਮ ਵਿੱਚ ਕਾਰਤਿਕ ਅਤੇ ਜਾਹਨਵੀ ਭਰਾ-ਭੈਣ ਦੇ ਰੋਲ ਵਿੱਚ ਨਜ਼ਰ ਆ ਸਕਦੇ ਹਨ।



## 'ਤੁਰਮ ਖਾਨ' ਦੇ ਨੈਗੇਟਿਵ ਕਿਰਦਾਰ ਵਿੱਚ ਹੋਣਗੇ ਜੀਸ਼ਾਨ ਅਯੂਬ

'ਜੀਰੋ', 'ਮਣੀਕਰਣਿਕਾ', 'ਰਈਸ', 'ਰਾਂਝਣਾ' ਅਤੇ 'ਤਨੂ ਵੈਡਸ ਮਨੂ' ਵਿੱਚ ਵੱਖ-ਵੱਖ ਕਿਰਦਾਰ ਨਿਭਾ ਚੁੱਕੇ ਮੁਹੰਮਦ ਜੀਸ਼ਾਨ ਅਯੂਬ ਫਿਰ ਨਾਂਹ-ਪੱਖੀ ਕਿਰਦਾਰ ਵਿੱਚ ਦਿਖਾਈ ਦੇਣਗੇ। ਇਸ ਤੋਂ ਪਹਿਲਾਂ 'ਨੋ ਵਨ ਕਿਲਡ ਜੈਸਿਕਾ' ਵਿੱਚ ਉਸ ਨੇ ਨਕਾਰਾਤਮਕ ਭੂਮਿਕਾ ਨਿਭਾਈ ਸੀ। ਇਸ ਵਾਰੀ ਹੰਸਲ ਮਹਿਤਾ ਦੇ ਨਿਰਦੇਸ਼ਨ ਹੇਠਲੀ ਫਿਲਮ 'ਤੁਰਮ ਖਾਨ' ਵਿੱਚ ਉਹ ਰਾਜ ਕੁਮਾਰ ਰਾਓ ਅਤੇ ਨੁਸਰਤ ਭਰੂਚਾ ਨਾਲ ਕੰਮ ਕਰ ਰਹੇ ਹਨ।

ਜੀਸ਼ਾਨ ਕਹਿੰਦੇ ਹਨ, "ਇਸ ਫਿਲਮ ਵਿੱਚ ਨੈਗੇਟਿਵ ਰੋਲ ਦਾ ਮੈਨੂੰ ਮਜ਼ਾ ਆ ਰਿਹਾ ਹੈ। ਮੈਂ ਪਹਿਲੀ ਫਿਲਮ ਵਿੱਚ ਵੀ ਨੈਗੇਟਿਵ ਰੋਲ ਕੀਤਾ ਸੀ। 'ਨੋ ਵਨ ਕਿਲਡ ਜੈਸਿਕਾ' ਦੇ ਬਾਅਦ ਉਸ ਸੁਭਾਅ ਦਾ ਕੋਈ ਕਿਰਦਾਰ ਮੇਰੇ ਕੋਲ ਨਹੀਂ ਆਇਆ ਸੀ। ਫਿਲਮ ਵਿੱਚ ਮੈਂ ਖਲਨਾਇਕ ਹਾਂ। ਇਸ ਵਿੱਚ ਜਦ ਮੇਰੇ ਕਿਰਦਾਰ ਦੀ ਐਂਟਰੀ ਹੁੰਦੀ ਹੈ, ਉਸ ਦੇ ਬਾਅਦ ਤੋਂ ਉਹ ਫਿਲਮ ਦਾ ਜ਼ਰੂਰੀ ਹਿੱਸਾ ਬਣ ਜਾਂਦਾ ਹੈ ਅਤੇ ਪੂਰੀ ਫਿਲਮ ਵਿੱਚ ਰਹਿੰਦਾ ਹੈ।"



## ਅਭੈ ਨੇ ਲੱਡੂ ਨਹੀਂ ਖਾਧੇ

ਸਿਤਾਰੇ ਆਪਣੀ ਡਾਈਟ ਨੂੰ ਫਾਲੋ ਕਰਨ ਲਈ ਸਭ ਯਤਨ ਕਰਦੇ ਹਨ। ਇਸ ਲਈ ਉਹ ਆਪਣੇ ਪਸੰਦੀਦਾ ਖਾਣੇ ਤੋਂ ਵੀ ਦੂਰੀ ਬਣਾ ਲੈਂਦੇ ਹਨ। ਸਾਹਮਣੇ ਵਾਲੇ ਉਨ੍ਹਾਂ ਨੂੰ ਲਾਲਚ ਦੇਣ ਤੋਂ ਗੁਰੇਜ ਨਹੀਂ ਕਰਦੇ। ਅਜਿਹਾ ਹੀ ਕੁਝ ਹੋਇਆ ਅਭੈ ਦਿਓਲ ਦੇ ਨਾਲ। ਫਿਲਮ 'ਓਏ ਲੱਕੀ ਲੱਕੀ ਓਏ' ਵਿੱਚ ਉਸ ਨਾਲ ਅਰਚਨਾ ਪੂਰਨ ਸਿੰਘ ਵੀ ਸੀ। ਸ਼ੂਟਿੰਗ ਦੌਰਾਨ ਅਭੈ ਬਹੁਤ ਸਖਤ ਡਾਈਟ ਰੂਲ ਦਾ ਪਾਲਣ ਕਰ ਰਹੇ ਸਨ, ਪਰ ਅਰਚਨਾ ਉਸ ਨੂੰ ਲੱਡੂ ਖਾਣ ਦੇ ਲਈ ਮਜਬੂਰ ਕਰ ਰਹੀ ਸੀ। ਅਭਿ ਨੇ ਆਪਣਾ ਨਿਯਮ ਭੰਗ ਨਹੀਂ ਕੀਤਾ।

ਕਪਿਲ ਸ਼ਰਮਾ ਦੇ ਸ਼ੋਅ ਦੌਰਾਨ ਅਰਚਨਾ ਨੇ ਸਵੀਕਾਰ ਕੀਤਾ ਕਿ ਉਸ ਨੂੰ ਅਭੈ ਦਿਓਲ ਨੂੰ ਲੱਡੂ ਖਾਣ ਨੂੰ ਮਨਾਉਣ ਵਿੱਚ ਬਹੁਤ ਮੁਸ਼ਕਲ ਹੋਈ ਸੀ, ਜਦੋ ਉਸ ਸਮੇਂ ਆਪਣੀ ਅਗਲੀ ਫਿਲਮ 'ਦੇਵ ਡੀ' ਦੀ ਭੂਮਿਕਾ ਲਈ ਡਾਈਟ 'ਤੇ ਸਨ। ਅੱਜ ਜਦ ਅਭਿਨੇਤਾ ਡਿਟਾਕਸ ਮੋਡ ਤੋਂ ਬਾਹਰ ਹਨ, ਉਨ੍ਹਾਂ ਨੂੰ ਲੱਡੂ ਖਾਣ ਦਾ ਮਜ਼ਾ ਆਉਂਦਾ ਹੈ। ਜਿੱਥੇ ਸਾਰੇ ਆਪਣੇ ਹੱਥਾਂ ਨਾਲ ਲੱਡੂ ਖਾਣ ਦਾ ਆਨੰਦ ਲੈਂਦੇ ਹਨ, ਉਥੇ ਅਭੈ ਇਨ੍ਹਾਂ ਦਾ ਮਜ਼ਾ ਲੈਣ ਦਾ ਅਨੋਖਾ ਤਰੀਕਾ ਲੈ ਆਏ। ਉਹ ਚਾਪਸਟਿਕ ਦੀ ਵਰਤੋਂ ਕਰਦੇ ਹਨ। ਅਭੈ ਇਨ੍ਹੀਂ ਦਿਨੀਂ ਆਪਣੀ ਫਿਲਮ 'ਚਾਪਸਟਿਕ' ਦੇ ਪ੍ਰਮੋਸ਼ਨ ਵਿੱਚ ਲੱਗੇ ਹਨ। ਉਸੇ ਸਿਲਸਿਲੇ ਵਿੱਚ ਉਹ ਆਪਣੀ ਕੋ-ਸਟਾਰ ਮਿਥਿਲਾ ਪਾਲਕਰ ਨਾਲ ਸ਼ੋਅ ਵਿੱਚ ਪਹੁੰਚੇ। ਸ਼ੋਅ ਦੌਰਾਨ ਅਰਚਨਾ ਪੂਰਨ ਸਿੰਘ ਨੇ ਆਪਣੇ ਸਾਥੀ ਅਭਿਨੇਤਾ ਅਭੈ ਦਿਓਲ ਦੇ ਬਾਰੇ ਵਿੱਚ ਕੁਝ ਦਿਲਚਸਪ ਜਾਣਕਾਰੀ ਸਾਂਝੀ ਕੀਤੀ।



## 'ਮਲਾਲ' ਫਿਲਮ ਕਰ ਕੇ ਮੈਂ ਖਾਂਟੀ ਮਰਾਠੀ ਬਣ ਗਿਆ: ਮੀਜਾਨ

ਇੰਡਸਟਰੀ ਵਿੱਚ ਜਾਵੇਦ ਜਾਫਰੀ ਦੇ ਬੇਟੇ ਮੀਜਾਨ ਫਿਲਮ 'ਮਲਾਲ' ਫਿਲਮ ਨਾਲ ਡੈਬਿਊ ਕਰ ਰਹੇ ਹਨ। ਇਹ ਸੰਜੇ ਲੀਲਾ ਭੰਸਾਲੀ ਦੇ ਬੈਨਰ ਦੀ ਫਿਲਮ ਹੈ। ਇਸ ਮੁਲਾਕਾਤ ਵਿੱਚ ਉਨ੍ਹਾਂ ਤੋਂ ਫਿਲਮਾਂ ਵਿੱਚ ਦਿਲਚਸਪੀ, ਉਨ੍ਹਾਂ ਦੀ ਪਰਵਰਿਸ਼ ਅਤੇ ਗਰੂਮਿੰਗ ਬਾਰੇ ਖਾਸ ਗੱਲਬਾਤ ਹੋਈ। ਪੇਸ਼ ਹਨ ਉਸ ਨਾਲ ਉਸੇ ਗੱਲਬਾਤ ਦੇ ਕੁਝ ਅੰਸ਼ :

* ਦਾਦਾ ਜੀ ਦੀ ਤਰ੍ਹਾਂ ਸਰਨੇਮ ਨਹੀਂ ਰੱਖਿਆ...

- ਮੀਜਾਨ ਆਪਣੇ ਨਾਂਅ ਦੇ ਅੱਗੇ ਸਰਨੇਮ ਜਾਫਰੀ ਨਹੀਂ ਲਾਉਂਦੇ। ਉਸ ਦੀ ਵਜ੍ਹਾ ਉਹ ਦੱਸਦੇ ਹਨ ਕਿ ਦਾਦਾ ਜੀ ਦੇ ਜ਼ਮਾਨੇ ਵਿੱਚ ਨੇਮ ਚੇਂਜ ਕਰਨ ਦੀ ਰੁਝਾਨ ਸੀ। ਮੈਂ ਨਾਂਅ ਨਹੀਂ ਬਦਲਿਆ, ਪਰ ਸਰਨੇਮ ਨਾਲ ਨਹੀਂ ਜੋੜਿਆ। ਮੀਜਾਨ ਦਾ ਮਤਲਬ ਹੁੰਦਾ ਹੈ 'ਬੈਲੇਂਸ'। ਬਤੌਰ ਨਾਂਅ ਹੀ ਉਹ ਬੜਾ ਯੂਨੀਕ ਹੈ। ਉਸ 'ਤੇ ਸਰਨੇਮ ਜਾਫਰੀ ਪਾ ਕੇ ਫੈਮਿਲੀ ਦਾ ਬੈਗੇਜ ਨਹੀਂ ਪਾਉਣਾ ਚਾਹੁੰਦਾ ਸੀ। ਖੁਸ਼ਕਿਸਮਤ ਹਾਂ, ਜੋ ਮੁੰਬਈ ਵਰਗੇ ਵੱਡੇ ਸ਼ਹਿਰ ਵਿੱਚ ਪਲੇ ਅਤੇ ਵੱਡੇ ਹੋਣ ਦੇ ਬਾਵਜੂਦ ਘਰ ਵਾਲਿਆਂ ਨੇ ਜ਼ਮੀਨ ਨਾਲ ਜੁੜ ਕੇ ਰਹਿਣ ਦੀ ਸਿਖਿਆ ਦਿੱਤੀ। ਜ਼ਿਆਦਾ ਭੜਕਾਊ ਜੀਵਨਸ਼ੈਲੀ ਅੱਜ ਵੀ ਸਾਡੇ ਘਰ ਵਿੱਚ ਨਹੀਂ ਹੈ। ਸਾਡੇ ਘਰ ਅੱਜ ਵੀ ਡਾਈਨਿੰਗ ਟੇਬਲ 'ਤੇ ਨਹੀਂ, ਦਸਤਰਖਾਨ 'ਤੇ ਭੋਜਨ ਹੁੰਦਾ ਹੈ। ਉਸੇ 'ਤੇ ਅਸੀਂ ਸਾਰੇ ਖਾਂਦੇ ਹਾਂ। ਜਾਫਰੀ ਦਰਅਸਲ ਖਾਨਦਾਨ ਤੋਂ ਜਾਣੇ ਜਾਂਦੇ ਹਨ, ਜਿਵੇਂ ਰਿਜ਼ਵੀ ਸਰਨੇਮ ਵਾਲੇ ਲੋਕ।

* ਫਿਲਮਾਂ ਵਿੱਚ ਦਿਲਚਸਪੀ ਬਚਪਨ ਤੋਂ ਹੈ...

- ਘਰ ਵਿੱਚ ਫਿਲਮੀ ਮਾਹੌਲ ਸੀ। ਮੇਰਾ ਸਕੂਲ ਦੇ ਸਮੇਂ ਤੋਂ ਨਿਯਮ ਸੀ। ਮੈਂ ਹਰ ਨਵੀਂ ਫਿਲਮ ਦੇਖਣ ਫਸਟ ਡੇ, ਲਾਸਟ ਸ਼ੋਅ ਜਾਂਦਾ ਸੀ। ਭਾਵੇਂ ਪੇਪਰ ਹੋਣ, ਮੰਮੀ ਨਾਲ ਝਗੜਾ ਕਰ ਕੇ, ਰੋ-ਧੋ ਕੇ ਜਾਂਦਾ ਸੀ। ਉਸ ਸਮੇਂ ਅਜਿਹਾ ਕਦੇ ਨਹੀਂ ਲੱਗਾ ਕਿ ਐਕਟਰ ਬਣਾਂਗਾ, ਸਪੋਰਟਸ ਤੇ ਮਿਊਜ਼ਿਕ ਵਿੱਚ ਮੇਰੀ ਦਿਲਚਸਪੀ ਸੀ। ਮੈਂ ਬੈਡਮਿੰਟਨ, ਰਨਿੰਗ, ਸਵੀਮਿੰਗ, ਖੋ-ਖੋ, ਵਾਲੀਬਾਲ, ਫੁੱਟਬਾਲ ਆਦਿ ਖੇਡਾਂ ਖੇਡਦਾ ਸੀ। ਹਾਂ, ਫੁੱਟਬਾਲ ਅਤੇ ਬਾਸਕਟਬਾਲ ਵਿੱਚ ਮੈਂ ਮਹਾਰਾਸ਼ਟਰ ਲਈ ਖੇਡਿਆ ਹੈ। ਇਸ ਨੂੰ ਖੇਡਣ ਦੇ ਲਈ ਕਲਾਸਾਂ ਬੰਕ ਕਰ ਕੇ ਜਾਂਦਾ ਸੀ। ਖੇਡਾਂ ਦਾ ਵੀ ਮੇਰੀ ਜ਼ਿੰਦਗੀ ਵਿੱਚ ਅਹਿਮ ਸਥਾਨ ਹੈ। ਮੇਰੀ ਫਿਟਨੈਸ ਦਾ ਰਾਜ਼ ਵੀ ਖੇਡਾਂ ਹੀ ਹਨ। ਜਦ ਵੀ ਮੌਕਾ ਮਿਲਦਾ ਹੈ ਖੇਡਣ ਚਲਾ ਜਾਂਦਾ ਹਾਂ।

* ਭੰਸਾਲੀ ਸਰ ਨੇ ਮੈਨੂੰ ਦੇਖਦੇ ਹੀ ਕਿਹਾ ਤੈਨੂੰ ਐਕਟਿੰਗ ਕਰਨੀ ਚਾਹੀਦੀ ਏ...

- ਸੰਜੇ ਲੀਲਾ ਭੰਸਾਲੀ ਸਰ ਨੂੰ ਮਿਲਣ ਤੋਂ ਪਹਿਲਾਂ ਮੈਂ ਕਾਫੀ ਡਰਿਆ ਹੋਇਆ ਸੀ, ਪਰੰਤੂ ਉਹ ਕਾਫੀ ਸਾਫਟ ਆਦਮੀ ਹੈ। ਸਰ ਨੂੰ ਮੇਰੇ ਬਾਰੇ ਪਤਾ ਨਹੀਂ ਸੀ। ਉਨ੍ਹਾਂ ਨੇ ਮੈਨੂੰ ਦੇਖਦੇ ਹੀ ਕਿਹਾ ਕਿ ਮੀਜਾਨ ਤੈਨੂੰ ਐਕਟਿੰਗ ਕਰਨੀ ਚਾਹੀਦੀ ਹੈ। ਕੀ ਤੇਰੀ ਇੰਡਸਟਰੀ ਵਿੱਚ ਕੋਈ ਰਿਲੇਸ਼ਨ ਹੈ? ਮੈਂ ਦੱਸਿਆ ਕਿ ਜਾਵੇਦ ਜਾਫਰੀ ਮੇਰੇ ਪਾਪਾ ਹਨ। ਇੱਕ ਹਫਤੇ ਬਾਅਦ ਸ਼ਰਮਿਨ ਦਾ ਫੋਨ ਆਇਆ। ਉਸ ਨੇ ਕਿਹਾ ਕਿ ਮੇਰੇ ਮਾਮਾ ਤੈਨੂੰ ਮਿਲਣਾ ਚਾਹੁੰਦੇ ਹਨ। ਉਸ ਦੇ ਬਾਅਦ ਮੈਂ 'ਬਾਜੀਰਾਓ ਮਸਤਾਨੀ' ਦੇ ਸੈਟ 'ਤੇ ਗਿਆ।

* ਪਹਿਲਾਂ ਪਲਾਨ-ਬੀ ਤਿਆਰ ਕੀਤਾ...


* ਮੈਂ ਅਮਰੀਕਾ ਵਿੱਚ ਸੀ, ਪਾਪਾ ਨੇ ਮੈਨੂੰ ਕਿਹਾ ਸੀ ਕਿ ਤੂੰ ਬਿਜ਼ਨਸ ਮੈਨੇਜਮੈਂਟ ਦੀ ਡਿਗਰੀ ਲੈ ਕੇ ਆਉਣਾ, ਤਾਂ ਕਿ ਬੈਕਅਪ ਦੇ ਤੌਰ 'ਤੇ ਕੁਝ ਰਹੇ। ਅਮਰੀਕਾ ਵਿੱਚ ਇੱਕ ਸਾਲ ਕੋਰਸ ਕੀਤਾ। ਉਸ ਦੇ ਬਾਅਦ ਪਾਪਾ ਨੂੰ ਕਿਹਾ ਕਿ ਮੈਨੂੰ ਇਹ ਸਮਝ ਵਿੱਚ ਨਹੀਂ ਆ ਰਿਹਾ ਹੈ, ਕੀ ਮੈਂ ਫਿਲਮ ਸਕੂਲ ਜੁਆਇਨ ਕਰਾਂ। ਉਨ੍ਹਾਂ ਨੇ ਕਿਹਾ ਕਿ ਸਿਨੇਮਾਟੋਗ੍ਰਾਫੀ ਸਿੱਖ। ਫਿਰ ਮੈਂ ਡਾਇਰੈਕਸ਼ਨ ਅਤੇ ਐਡੀਟਿੰਗ ਸਿੱਖਣੀ ਸ਼ੁਰੂ ਕੀਤੀ। ਚਾਰ ਸਾਲ ਵਿੱਚ ਮੇਰਾ ਲਗਭਗ ਡੇਢ ਕਰੋੜ ਜ਼ਰੂਰ ਖਰਚ ਹੋ ਗਿਆ ਹੋਵੇਗਾ।

* ਧੂੰਏਂ ਅਤੇ ਲੋਬਾਨ ਨਾਲ ਬਿਮਾਰ ਹੋ ਗਿਆ ਸੀ...

- 'ਬਾਜੀਰਾਓ ਮਸਤਾਨੀ' ਦੇ ਸੈਟ 'ਤੇ ਲੋਬਾਨ ਅਤੇ ਧੂੰਏਂ ਦੇ ਕਾਰਨ ਮੈਂ ਬਿਮਾਰ ਹੋ ਗਿਆ, ਤਦ ਇੱਕ ਹਫਤਾ ਸੈੱਟ 'ਤੇ ਆਇਆ ਹੀ ਨਹੀਂ। ਉਸ ਦੇ ਬਾਅਦ ਭੰਸਾਲੀ ਸਰ ਮੇਰੇ ਪਾਪਾ ਦੇ ਸਾਹਮਣੇ ਮੇਰੀ ਤਾਰੀਫ ਕਰਦੇ ਹੋਏ ਬੋਲੇ ਕਿ ਮੀਜਾਨ ਨੂੰ ਲਾਂਚ ਕਰਨਾ ਚਾਹੁੰਦਾ ਹਾਂ। ਪਾਪਾ ਨੇ ਕਿਹਾ ਕਿ ਮੈਂ ਪਹਿਲਾਂ ਐਜੂਕੇਸ਼ਨ ਪੂਰੀ ਕਰ ਲਵਾਂ। ਭੰਸਾਲੀ ਸਰ ਮੰਨ ਗਏ। ਫਿਰ ਅਮਰੀਕਾ ਤੋਂ ਆਉਂਦੇ ਹੀ ਭੰਸਾਲੀ ਸਰ ਨਾਲ ਮਿਲਣ-ਜੁਲਣ ਲੱਗਾ।

* ਮਰਾਠੀ ਨੌਜਵਾਨ ਸ਼ਿਵਾ ਦਾ ਰੋਲ ਪਲੇਅ ਕੀਤਾ ਹੈ...

- ਇਹ ਫਿਲਮ ਨਾਈਨਟੀਜ਼ 'ਤੇ ਸੈਟ ਹੈ। ਉਦੋਂ ਦਾ ਜੋ ਰੋਮਾਂਸ ਸੀ, ਉਹ ਅੱਜ ਕਿਤੇ ਗਾਇਬ ਹੋ ਗਿਆ ਹੈ। ਪਿਆਰ ਵਿੱਚ ਸ਼ਿੱਦਤ ਅਤੇ ਠਹਿਰਾਅ ਖਤਮ ਹੋ ਗਿਆ ਹੈ। ਫਿਲਮ ਵਿੱਚ ਅਸੀਂ ਉਹੀ ਚਾਰਮ ਲੈ ਕੇ ਆਏ ਹਾਂ। ਮੈਂ ਇਸ ਵਿਚ ਸ਼ਿਵਾ ਦੇ ਰੋਲ ਵਿੱਚ ਹਾਂ। ਇੱਕ ਮਰਾਠੀ ਨੌਜਵਾਨ ਬਣਿਆ ਹਾਂ। ਸੈੱਟ 'ਤੇ ਡਾਇਰੈਕਟਰ ਮੰਗੇਸ਼ ਸਰ ਨੇ ਕਿਹਾ ਸੀ ਕਿ ਸਾਰੇ ਮਰਾਠੀ ਹੀ ਬੋਲਣਗੇ।



ROYAL CANADIAN Family CIRCUS UNDER THE BIG TOP

Run Away to the Circus for a Day!

BRING THIS AD TO THE BIG TOP BOX OFFICE BUY 2 FOR THE PRICE OF 1

ALL NEW SHOW

MISSISSAUGA - Sheridan Centre
AUGUST 1 – 5

ETOBICOKE • JULY 18 – 21
BURLINGTON • AUGUST 9 – 11
SCARBOROUGH • JULY 25 – 28
MILTON • AUGUST 15 – 18




BUY 2 FOR THE PRICE OF 1

www.royalcanadiancircus.ca

PROMO CODE: punjabi

"DISCOUNT AVAILABLE ON GENERAL ADMISSION TICKETS ONLY"

Tickets: Sheridan Centre "Rush For Men"
• Woodbine Mall - Guest Services Info Desk
• Bridlewood Mall Management Office

OR: On-site Circus Box Office (on day of performance) - Cash Sales Only

NOTICE - DUE TO FACTORS BEYOND THE CONTROL OF THE CIRCUS, ITS PRODUCER, PRESENTER AND SALES AGENTS; PERFORMERS AND ACTS IN THE SHOW MAY DIFFER FROM THOSE PORTRAYED OR REPRESENTED AND THEREFORE WE ASSUME NO LIABILITY FOR SUCH CHANGES.*

*ACTS SUBJECT TO CHANGE.



NEED A LAWYER ??

KAUR LAW OFFICE

Red Seal NOTARY



MANJEET KAUR
LL.B., (London UK)
Barrister, Solicitor & Notary Public

REAL ESTATE LAWYER
- Residential & Commercial
- Sale/Purchase of House
- Mortgage & Refinancing
- Drafting/Reviewing Agreements
- Title Transfer
- 2nd Mortgage

IMMIGRATION
- Skilled Worker Category
- Spousal & Family Sponsorship
- Student Permits Visa & Renewals
- PR Renewal/ Citizenship Application

FAMILY LAWYER
- Child & Spousal support
- Custody & Access
- Divorce
- Equalization

BUSINESS LAW
- Incorporation & Shareholder agreements
- Sales & Purchase of Assets & Shares
- Notarization & Affidavits

WILLS & ESTATE
- Wills
- Certificate of Estate Trustee with/without Will
- Power of attorney for Property & Personal Care

Tel : 905-454-0099
Fax: 905-454-2234
2575 Steeles Ave. E., Unit 1,Brampton, ON L6T 5T1



Tri-City Professional Realty Inc., Brokerage

Number 1 Tri-City agent in Canada on basis of sales volume 2015

ਪ੍ਰਾਪਰਟੀ ਖਰੀਦਣ ਜਾਂ ਵੇਚਣ ਲਈ 31 ਸਾਲਾ ਤਜਰਬੇ ਵਾਲੇ

- Free Evaluation of your Property
- Special Packages for First Time Buyer
- Arrangement of Low Mortgage rate Lawyer
- Arrangement of Home Inspection

ਅਵਤਾਰ ਸਿੰਘ ਟਿਵਾਣਾ
ਫੋਨ: 416 802 5866
Tel: 905.793.5777



31 Melanie Dr. Unit #4 Brampton, ON L6T 5H8

Avtar Singh Tiwana
Sales Rep.




Mcvean / Castlemore

3550 ਸੁਕੇਅਰ ਫੁੱਟ ਵਿੱਚ ਬਣਿਆ ਬਹੁਤ ਹੀ ਸੋਹਣਾ 4+1 ਬੈਡਰੂਮ + 5 ਵਾਸ਼ਰੂਮ ਦਾ ਡੀਟੈਚਡ, ਡਬਲ ਸਟੋਰੀ ਘਰ,9 ਫੁਟ ਸਿਲਿੰਗ,ਕਸਟਮ ਕਿਚਨ ਕੁਆਰਟਜ਼ ਕਾਊਨਟਰ ਟਾਪ ਗੈਸ ਸਟੋਵ ਅਤੇ ਬਿਲਟ ਇਨ ਓਵਨ, ਸਾਰੇ ਘਰ ਵਿੱਚ ਹਾਰਡਵੁਡ ਫਲੋਰ, ਤਾਜ਼ਾ ਅਤੇ ਪ੍ਰੋਫੈਸ਼ਨਲਜ਼ ਵਲੋਂ ਪੈਂਟ ਕੀਤਾ ਹੈ। ਮੈਨ ਫਲੋਰ ਲਾਂਡਰੀ, ਫਰੰਟ ਲਾਨ ਤੇ' ਨਵਾਂ ਘਾਹ । ਫੁੱਲੀ ਫਿਨੀਸ਼ਡ ਬੇਸਮੈਂਟ ਹੈ।

FOR SALE
Tri-City Professional Realty Inc., Brokerage
$129,900

Darcel/Brandon Gate

ਬਹੁਤ ਹੀ ਵਧੀਆ ਲੋਕੇਸ਼ਨ ਤੇ, ਵੈਸਟ ਵੁਡ ਮਾਲ ਵਿੱਚ ਕਾਂਡੋ ਯੂਨਿਟ ਸੇਲ ਲਈ, ਅੱਜ ਹੀ ਆਪਣਾ ਕਾਰੋਬਾਰ ਸ਼ੁਰੂ ਕਰੋ ਤੇ ਰੈਂਟ ਬਚਾਓ।




Niagara Falls Ontario

ਕਾਰੋਬਾਰ ਲਈ ਬਹੁਤ ਹੀ ਵਧੀਆ ਲੋਕੇਸ਼ਨ ਤੇ, ਬੀਜ਼ੀ ਪਲਾਜ਼ਾਂ ਅਤੇ ਹਾਈ ਟਰੈਫਕ ਫਲੋਂ, ਰੈਨੋਵੇਟਡ ਮੋਟਲ। ਨਾਈਗਰਾ ਫਾਲ ਦੇ ਨੇੜੇ, 49 ਰੂਮ ਤੇ ਹਰ ਰੂਮ ਵਿਚ ਟੀਵੀ, ਇੰਟਰਨੈਟ, ਫਰੀਜ਼, ਮਾਈਕਰੋਵੇਵ ਅਤੇ ਵਾਸ਼ਰੂਮ ਆਦਿ ਸਹੂਲਤਾਂ।



ASIAN FOOD CENTRE



FRESH & LARGE VARIETY

Bread , Derry & Eggs | Fruits & Vegetables | Sweet & Samosas
Branded Foods | Beverages & Confectionery | Grocery & Staples

VEGETARIAN FOOD
HEALTHY EATING



SERVING FROM 10 LOCATIONS IN ALL THE GTA AREA:

10 Westmore Drive
Etobicoke ON M9V-3Z7
416-740-3262

2120 North park Drive
Brampton ON L6S 0C9
905-793-1338

10510 Torbram Road,
Brampton
905-790-0030

308 Eddystone Ave
North York ON M3N-1H7
416-740-3360

621 Wanless drive, # 122
Brampton ON L7A 0A9
905-495-3336

284 Orenda Road #13
Brampton ON L6T 5S3
905-450-9167

10 Pannahill Dr,
Brampton
905 913-8017

80 Pertosa Drive
Brampton ON L5X-5E9
905-460-0009

1075 Ceremonial Drive
Mississauga ON L5R 2Z4
905-502-1600

21 Lacoste Blvd,
Brampton, ON L6P 2K2
905 794-8109



www.BramptonTopRelator.com

JAG AUJLA REAL ESTATE BROKER

DIR: 416-371-7777

j.aujla@rogers.com www.jagaujla.com

RE/MAX Realty Specialist Inc., Brokerage (Independently Owned and Operated) Off: 905-456-3232

Advertisement GUARANTEED Till SOLD

Other Realtors only Promise But JAG AUJLA SOLD YOUR HOME WITH GUARANTEE OR HE'LL BUY IT!* *Some Conditions Apply

Top Broker - Call For a Quick & Free Home Evaluation www.BramptonQuickHomeEvaluation.com

Urgently Need New Listing in Brampton/ GTA Call Jag Today To Sell Your Property For Top $$$ & Accurate Price

BRAMPTON



410/ ਵਿਲਿਅਮ ਪਾਰਕਵੇ

ਬਹੁਤ ਹੀ ਸੋਹਣਾ 5 ਲੇਵਲ ਬੈਕਸਪਲਿਟ, 4+2 ਬੈਡਰੂਮ ਅਤੇ 3 ਵਾਸ਼ਰੂਮ ਦਾ ਸੇਮੀ ਡੀਟੈਚਡ ਘਰ, ਫਿਨੀਸ਼ਡ ਬੇਸਮੈਂਟ ਅਤੇ ਸੇਪਰੇਟ ਏਨਟਰੈਂਸ, ਬਹੁਤ ਸਾਰੀਆਂ ਅਪਗ੍ਰੇਡਜ਼ ਕੀਤੀਆਂ ਹਨ। ਹਾਈਵੇ 410, ਸਕੂਲ, ਪਾਰਕ, ਪਲਾਜ਼ਾ ਆਦਿ ਦੇ ਨੇੜੇ, ਪਹਿਲੀ ਵਾਰੀ ਘਰ ਖਰੀਦਣ ਵਾਲਿਆਂ ਲਈ ਸੁਨਹਿਰੀ ਮੌਕਾ।

BRAMPTON



ਵੈਨ ਕੂਕ/ਵੇਨਲੈਸ

SOLD AT 99% OF ASKING PRICE


BRAMPTON



ਬੋਵੇਰਡ/ਚਿੰਗੂਜੀ

ਬਹੁਤ ਹੀ ਸੋਹਣਾ ਅਤੇ ਸਾਫ ਸੁਥਰਾ ਘਰ, ਐਂਡ ਯੂਨੀਟ ਫਰੀਹੋਲਡ ਟਾਊਨ ਹਾਊਸ, ਸੇਮੀ ਵਰਗਾ ਜਿਸ ਵਿੱਚ 3 ਬੈਡਰੂਮ +ਕੰਪਿਊਟਰ ਲਾਫਟ+2 ਵਾਸ਼ਰੂਮ, ਫਿਨੀਸ਼ਡ ਬੇਸਮੈਂਟ ਅਤੇ ਵਾਕ ਆਊਟ ਬੈਕ ਯਾਰਡ, ਲੇਮੀਨੈਟ ਫਲੋਰ,ਕਰਾਊਨ ਮੋਲਡਿੰਗ, ਪੋਟ ਲਾਈਟ ਅਤੇ ਬਹੁਤ ਹੀ ਸੋਹਣੀ ਇਟ ਇਨ ਕਿਚਨ ਹੈ।


CALEDON



ਸੈਂਟ ਏਡਰੀਉ/ ਹਾਈਵੇ 24

ਕੇਲਡਨ ਵਿੱਚ ਲਗਭਗ 2.52 ਏਕੜ ਵਿੱਚ ਬਹੁਤ ਹੀ ਸੋਹਣਾ 4+2 ਬੈਡਰੂਮ + 5 ਵਾਸ਼ਰੂਮ+3 ਕਾਰ ਗਰਾਜ + 14 ਕਾਰ ਪਾਰਕਿੰਗ ਦੇ ਨਾਲ ਹੀ ਬਹੁਤ ਹੀ ਸੋਹਣੀ ਲੈਂਡਸਕੇਪਿੰਗ ਕੀਤੀ ਹੈ। ਫਿਨੀਸ਼ਡ ਬੇਸਮੈਂਟ। ਬਹੁਤ ਸਾਰੀਆਂ ਅਪਗ੍ਰੇਡਜ਼ ਕੀਤੇ ਹਨ। 24x36 L shaped ਦਾ ਹੀਟਿਡ ਪੂਲ ।

BRAMPTON



ਡਿਕਸੀ/ ਕੰਟਰੀਸਾਈਡ

ਵਧੀਆ ਤੇ ਸਾਫ ਸੁਥਰਾ ਸੇਮੀ ਡੀਟੈਚਡ ਘਰ, 2014 ਵਿੱਚ ਬਣਿਆ 3 ਬੈਡਰੂਮ ,3 ਵਾਸ਼ਰੂਮ ਅਤੇ ਫਿਨੀਸ਼ਡ ਬੇਸਮੈਂਟ ਨੂੰ ਸੇਪਰੇਟ ਏਂਟਰੈਂਸ, ਮੈਨ ਫਲੋਰ 9 ਫੁੱਟ ਸਿਲਿੰਗ, ਸਟੈਨਡ ਓਕ ਸਟੇਅਰਕੇਸ, ਸਟੈਨਡ ਹਾਰਡਵੁਡ ਅਤੇ ਲੈਮੀਨੇਟ ਫਲੋਰ, ਮਾਸਟਰ ਬੈਡਰੂਮ 4 ਪੀਸ ਈਨਸੂਟ, ਬਹੁਤ ਸੋਹਣੀ ਇਟ ਟਿਨ ਕਿਚਨ, ਸਟੇਨਲੈਸ ਸਟੀਲ ਅਪਲਾਈਨਸੈਸ ।

BRAMPTON



ਏਰਪੋਰਟ ਰੋਡ/ਸੈਂਡਲਵੁਡ

SOLD AT 99% OF ASKING PRICE

Grand Upholstery Ltd

Sofa Company Originality in Every Piece

Special on Sale

- ਪੁਰਾਣੇ ਸੋਫਿਆਂ ਦੀ ਮੁਰੰਮਤ ਵੀ ਕੀਤੀ ਜਾਂਦੀ ਹੈ
- ਟੌਪ ਕੁਆਲਿਟੀ ਦੀ ਫੋਮ ਅਤੇ ਸਪਰਿੰਗ ਵਰਤੇ ਜਾਂਦੇ ਹਨ।
- ਆਪਣੀ ਮਨਪਸੰਦ ਦਾ ਕੋਈ ਵੀ L Shape ਡਿਜ਼ਾਇਨ ਅਤੇ ਰੰਗ ਚੁਣ ਸਕਦੇ ਹੋ।
- ਕੱਪੜਾ ਚਾੜ ਕੇ ਪੁਰਾਣਾ ਸੋਫਾ, ਡਾਇਨਿੰਗ ਚੇਅਰ ਨੂੰ ਨਵਿਆਂ ਵਰਗਾ ਬਣਾਉਂਦੇ ਹਾਂ

ਆਰਡਰ ਦੇ ਕੇ ਨਵੇਂ ਸੋਫੇ ਦੂਜੇ ਸਟੋਰਾਂ ਨਾਲੋਂ ਘੱਟ ਕੀਮਤ ਉੱਤੇ ਵੀ ਲੈ ਸਕਦੇ ਹੋ

ਕੁਆਲਿਟੀ ਮੂਹੋਂ ਬੋਲਦੀ ਹੈ

Tel: 905.791.2888 Cell: 647.293.3212

2053 Williams Pkwy, Unit -45, Brampton | Email: grandupholstery@gmail.com

ਮੰਨ ਪਸੰਦ ਦੀ ਕਿਚਨ ਤੇ ਵਾਸ਼ਰੂਮ ਬਣਵਾਓ

KITCHEN CABINET

Special Discount for Contractors

ਵਾਜਿਬ ਦਾਮ ਤੇ ਸਮੇਂ ਸਿਰ ਕੰਮ

Free Estimate

100% Satisfaction

We Specialize in granite, quartz & marble countertops

KITCHEN CABINET

WASHROOM

- Kitchen Cabinets..................(Maple, Oak, MDF)
- All Types of Counter Tops...(Marble, Granite, Quartz, etc.)
- All Types of Tiles..................(Porch Line, Matt) all sizes available.
- Hardwood & Laminate
- Installation of Shower / Standing Shower / Vanities & Tubs.
- We Install Pot Lights
- Paint Job with Kitchen/Washroom Installation
- All Types of Range Hoods....(Heavy Duty, etc)
- Custom Office Counters & Bar Installation

Vikramjit Sangha

416-200-0931

REXDALE BODY SHOP

USED CAR SALE

Specialization In:

- ★ All Kinds of Body Work
- ★ Auto Glass Windshield
- ★ Denting, Painting & Welding

SPECIAL PAINT JOB $779

RENTAL CAR PROVIDED

25 years of Canadian Experience

OPEN MON - SAT 9AM TO 7PM

ਅਸੀਂ ਸਾਰੇ ਇੰਸ਼ੋਰੈਂਸ ਕੰਪਨੀ ਨੂੰ ਕਵਰ ਕਰਦੇ ਹਾਂ

CHEEMA

LOWEST PRICE IN TOWN

Call Rick or Manminder Cheema: 416.749.9596 / 416.951.6431

Towing Service Car Paint Starts $799* upto 100% Deductible Paid*

30 Racine Rd. Toronto, ON, M9W 2Z3, FAX: 416.749.9597

www.AAABODYSHOP.ca mcheemaaaa@hotmail.com

NU WAY TOUR & TRAVELS INC.

ਸਸਤੀਆਂ ਹਵਾਈ ਟਿਕਟਾਂ ਅਤੇ ਭਰੋਸੇਯੋਗ ਸੇਵਾਵਾਂ ਲੈਣ ਲਈ ਨਿਊ-ਵੇ ਨੂੰ ਕਾਲ ਕਰੋ

AIR TICKETS | CRUISES | VACATIONS | TRAVEL INSURANCE

International & Domestic Air Tickets

- Cheapest Air Fares
- Price Match Guaranteed
- 24/7 Emergency Services
- Reliable & Excellent Customer Service
- 100% Customer Satisfaction

Travel Worry Free With Insurance

- Super Visa Insurance
- Visitor to Canada
- Trip Cancellation
- Trip Interruption

Manulife

Call Us For Guaranteed Lowest Airfare

ANY Time Airline Destination Around the World

7015 Tranmere Dr. Unit- 8, Mississauga, ON L5S 1T7

Tel: 905 362 0937 | Fax: 1 855 897 0900

www.nuwaytravels.com E-mail- info@nuwaytravels.com

Advertising Space Available!

905-793-2202

CONTACT US

IFS INTERSTATE FREIGHT SYSTEMS INC.

A/Z ਡਰਾਈਵਰਾਂ ਦੀ ਲੋੜ

USA, Montreal, Montreal Local Within Ontario ਤੇ Local GTA ਤੇ Cambridge ਵਾਸਤੇ AZ ਡਰਾਇਵਰਾਂ ਦੀ ਲੋੜ ਹੈ

Also Hiring Owner Operators for local work & US

- 2 ਸਾਲ ਦਾ Experience, USA ਵਾਸਤੇ Fast Card ਜ਼ਰੂਰੀ ਹੈ
- ਡਰਾਇਵਰਾਂ ਦਾ CVOR Abstract ਚਾਹੀਦਾ ਹੈ

Please send resume at: safety@interstatefreightsystem.com

Call: 416-452-0677